6-MAY-PAGE-1.qxd 5/5/2024 10:07 PM Page 1

ਸੋਮਵਾਰ, 6 ਮਈ, 2024

24 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 72

ਅੰਕ/NO. : 336

# ਨਵਾਂ ਜ਼ਮਾਨਾ

DAILY NAWAN ZAMANA • MONDAY, 6 MAY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੋਦੀ ਦੀ ਬੋਲ-ਬਾਣੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਮਾਣ ਘਟਾਇਆ : ਬੰਤ ਬਰਾੜ

## ਚੋਣ ਨਤੀਜੇ ਕਮਿਊਨਿਸਟ ਪਾਰਟੀ ਦੇ ਵਿਰੋਧੀਆਂ ਦਾ ਮੂੰਹ ਬੰਦ ਕਰ ਦੇਣਗੇ : ਅਰਸ਼ੀ, ਜਗਰੂਪ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**



ਭਾਰਤੀ ਕਮਿਊਨਿਸਟ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਨਾਲ ਸੰਬੰਧਤ ਚਾਰ ਜ਼ਿਲ੍ਹਿਆਂ ਦੀ ਸਾਂਝੀ ਮੀਟਿੰਗ ਪਾਰਟੀ ਦੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ (ਭਲੂਰ) ਦੀ ਚੋਣ ਮੁਹਿੰਮ ਨੂੰ ਤੇਜ਼ ਕਰਨ ਦੇ ਮਕਸਦ ਨਾਲ ਮੋਗਾ ਜ਼ਿਲ੍ਹੇ ਦੇ ਪਾਰਟੀ ਸਕੱਤਰ ਕੁਲਦੀਪ ਸਿੰਘ ਭੋਲਾ ਦੀ ਪ੍ਰਧਾਨਗੀ ਹੇਠ 'ਸ਼ਹੀਦ ਕਾਮਰੇਡ ਅਮੋਲਕ ਭਵਨ' ਫਰੀਦਕੋਟ ਵਿੱਚ ਹੋਈ। ਮੀਟਿੰਗ ਵਿੱਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਹਰਦੇਵ ਅਰਸ਼ੀ ਸਾਬਕਾ ਵਿਧਾਇਕ ਅਤੇ ਕੌਮੀ ਕੌਂਸਲ ਮੈਂਬਰ ਕਾਮਰੇਡ ਜਗਰੂਪ ਤੋਂ ਇਲਾਵਾ ਫਰੀਦਕੋਟ, ਬਠਿੰਡਾ ਅਤੇ ਮੁਕਤਸਰ ਜ਼ਿਲ੍ਹਿਆਂ ਦੇ ਸਕੱਤਰ ਕ੍ਰਮਵਾਰ ਅਸ਼ੋਕ ਕੌਸ਼ਲ, ਬਲਕਰਨ ਸਿੰਘ ਬਰਾੜ ਅਤੇ ਹਰਲਾਭ ਸਿੰਘ ਵੀ ਸ਼ਾਮਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੰਤ ਬਰਾੜ ਨੇ ਕਿਹਾ ਕਿ ਮੌਜੂਦਾ ਲੋਕ ਸਭਾ ਚੋਣਾਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਵੋਟਾਂ ਦਾ ਧਰੁਵੀਕਰਨ ਕਰਨ ਦੀ ਮੰਦ ਭਾਵਨਾ ਨਾਲ ਦੇਸ਼ ਦੀ ਸਭ ਤੋਂ ਵੱਡੀ ਘੱਟ ਗਿਣਤੀ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਪਰ ਚੋਣ ਕਮਿਸ਼ਨ ਉਸ 'ਤੇ ਕੋਈ ਕਾਰਵਾਈ ਕਰਨ ਦੀ ਬਜਾਏ ਭਾਜਪਾ ਪ੍ਰਧਾਨ ਨੂੰ ਨੋਟਿਸ ਭੇਜ ਕੇ ਮਹਿਜ਼ ਕਾਗਜ਼ੀ ਕਾਰਵਾਈ ਹੀ ਕਰ ਰਿਹਾ ਹੈ। ਪਹਿਲੇ ਗੇੜ ਵਿੱਚ ਪਈਆਂ ਵੋਟਾਂ ਦੇ ਅੰਕੜੇ 11 ਦਿਨ ਬਾਅਦ ਜਾਰੀ ਕਰਨ ਅਤੇ ਸ਼ੁਰੂਆਤੀ ਅਤੇ ਆਖ਼ਰੀ ਅੰਕੜਿਆਂ ਵਿੱਚ 'ਪੋਲ' ਹੋਈਆਂ ਵੋਟਾਂ ਦਾ ਵੱਡਾ ਅੰਤਰ ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਹੋਰ ਵੀ ਸ਼ੱਕ ਦੇ ਘੇਰੇ ਵਿੱਚ ਪਾ ਰਿਹਾ ਹੈ, ਜਿਸ 'ਤੇ ਬਹੁਤੇ ਇਨਸਾਫਪਸੰਦ ਲੋਕਾਂ ਨੂੰ ਪਹਿਲਾਂ ਹੀ ਕੋਈ ਯਕੀਨ ਨਹੀਂ। ਮੋਦੀ ਦੇ ਇਨ੍ਹਾਂ ਚੋਣ ਭਾਸ਼ਣਾਂ ਨੇ ਸਿਆਸਤ ਦਾ ਪੱਧਰ ਬੇਹੱਦ ਨੀਵਾਂ ਕਰ ਦਿੱਤਾ ਹੈ ਕਿ ਜੇ ਵਿਰੋਧੀ ਧਿਰ ਵਾਲੇ ਸੱਤਾ ਵਿੱਚ ਆ ਗਏ ਤਾਂ ਉਹ ਔਰਤਾਂ ਦਾ ਮੰਗਲ ਸੂਤਰ ਤੱਕ ਲੈ ਜਾਣਗੇ, ਜਦਕਿ ਹਕੀਕਤ ਇਹ ਹੈ ਕਿ ਮੋਦੀ ਰਾਜ ਵਿੱਚ ਔਰਤਾਂ 'ਤੇ ਜਬਰ-ਜ਼ੁਲਮ ਦੀ ਹੱਦ ਹੋ ਗਈ ਹੈ, ਜਿਸਦੀ ਲਿਸਟ ਬਹੁਤ ਲੰਮੀ ਹੈ।

ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਿਹਾ ਕਿ ਪੰਜਾਬ ਵਿਚ ਸੀ ਪੀ ਆਈ ਫਰੀਦਕੋਟ ਸਮੇਤ ਤਿੰਨ ਅਤੇ ਸੀ ਪੀ ਐੱਮ ਇੱਕ ਜਲੰਧਰ ਸੀਟ ਮਿਲ ਕੇ ਲੜ ਰਹੀਆਂ ਹਨ ਅਤੇ ਇਨਾਂ ਸੀਟਾਂ ਦੇ ਚੋਣ ਨਤੀਜੇ ਉਨ੍ਹਾਂ ਵਿਰੋਧੀਆਂ ਦੇ ਮੂੰਹ ਬੰਦ ਕਰ ਦੇਣਗੇ, ਜੋ ਕਮਿਊਨਿਸਟ ਪਾਰਟੀਆਂ ਦੀ ਤਾਕਤ ਨੂੰ ਘਟਾ ਕੇ ਵੇਖਣ ਦੀ ਮਰਜ਼ ਦਾ ਸ਼ਿਕਾਰ ਹਨ। ਉਨ੍ਹਾ ਸੀਮਿਤ ਸਾਧਨਾਂ ਦੇ ਬਾਵਜੂਦ ਪਾਰਟੀ ਦਾ ਹੁਕਮ ਮੰਨ ਕੇ ਚੋਣ ਮੈਦਾਨ ਵਿੱਚ ਨਿੱਤਰੇ ਮੁਲਾਜ਼ਮ ਅਤੇ ਪੈਨਸ਼ਨਰ ਆਗੂ ਮਾਸਟਰ ਗੁਰਚਰਨ ਸਿੰਘ ਮਾਨ ਦੀ ਤਾਰੀਫ ਕਰਦੇ ਹੋਏ ਹਲਕਾ ਫਰੀਦਕੋਟ ਦੇ ਸਮੂਹ ਵੋਟਰਾਂ ਨੂੰ ਤਨ, ਮਨ, ਧਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ।

ਕਾਮਰੇਡ ਜਗਰੂਪ ਨੇ ਕਿਹਾ ਕਿ ਦੇਸ਼ ਅਤੇ ਸੂਬੇ ਵਿੱਚ ਆਈਆਂ ਸਭ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਫੇਲ੍ਹ ਸਾਬਿਤ ਹੋਈਆਂ ਹਨ, ਜਦਕਿ ਕਮਿਊਨਿਸਟ ਪਾਰਟੀ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਕੌਮੀ ਰੁਜ਼ਗਾਰ ਐਕਟ ਬਣਾਉਣ ਦੀ ਮੰਗ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ।

ਮੀਟਿੰਗ ਨੂੰ ਕਿਸਾਨ ਆਗੂ ਸੂਰਤ ਸਿੰਘ ਧਰਮਕੋਟ, ਸੁਖਜਿੰਦਰ ਸਿੰਘ ਤੂੰਬੜਭੰਨ, ਖੇਤ ਮਜ਼ਦੂਰ ਆਗੂ ਗੁਰਨਾਮ ਸਿੰਘ, ਸਮਾਜ ਸੇਵੀ ਡਾ. ਇੰਦਰਵੀਰ ਗਿੱਲ, ਨਰੇਗਾ ਮਜ਼ਦੂਰ ਯੂਨੀਅਨ ਦੇ ਗੋਰਾ ਸਿੰਘ ਪਿਪਲੀ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਏਟਕ ਆਗੂ ਹਰਪਾਲ ਮਚਾਕੀ, ਇਸਤਰੀ ਆਗੂ ਸ਼ਸ਼ੀ ਸ਼ਰਮਾ, ਮਨਜੀਤ ਕੌਰ, ਕਰਮਵੀਰ ਕੌਰ ਬੱਧਨੀ ਨੇ ਸੰਬੋਧਨ ਕਰਦੇ ਹੋਏ ਪਾਰਟੀ ਦੇ ਝੰਡੇ ਅਤੇ ਨਿਸ਼ਾਨ ਨੂੰ ਬੁਲੰਦ ਰੱਖਣ ਅਤੇ ਜਿੱਤ ਦੇ ਇਰਾਦੇ ਨਾਲ ਸਾਰੇ ਪਾਰਟੀ ਵਰਕਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਮੈਦਾਨ ਵਿੱਚ ਆਉਣ ਦੀ ਅਪੀਲ ਕੀਤੀ।

ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ, ਜਿਨ੍ਹਾ ਦਾ ਜੱਦੀ ਪਿੰਡ ਭਲੂਰ, ਜ਼ਿਲ੍ਹਾ ਮੋਗਾ ਹੈ, ਨੇ ਪਹਿਲਾਂ ਦੀ ਤਰ੍ਹਾਂ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਮਿਹਨਤਕਸ਼ ਜਮਾਤ ਦੀ ਸੇਵਾ ਕਰਦੇ ਰਹਿਣ ਦਾ ਸੰਕਲਪ ਕਰਦੇ ਹੋਏ ਸਭ ਦੇ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਬਿਜਲੀ ਨਿਗਮ ਦੇ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਗਿੱਲ, ਚਰਨਜੀਤ ਸਿੰਘ ਚੰਬੇਲੀ, ਬਜ਼ੁਰਗ ਆਗੂ ਸ਼ਾਮ ਸੁੰਦਰ, ਮਾਸਟਰ ਦਰਸ਼ਨ ਸਿੰਘ, ਸੁਖਦਰਸ਼ਨ ਰਾਮ ਸ਼ਰਮਾ, ਬਲਵੀਰ ਸਿੰਘ ਔਲਖ, ਜਗਸੀਰ ਖੋਸਾ, ਮੁਖਤਿਆਰ ਭਾਣਾ, ਰੇਸ਼ਮ ਸਿੰਘ ਵਾਂਦਰ ਜਟਾਣਾ, ਮਹਿੰਦਰ ਸਿੰਘ ਧੂਰਕੋਟ, ਗੁਰਦਿੱਤ ਸਿੰਘ ਦੀਨਾ, ਜਗਤਾਰ ਰਾਜੋਵਾਲਾ, ਸਵਰਾਜ ਸਿੰਘ ਢੁੱਡੀਕੇ, ਹਰਦਿਆਲ ਸਿੰਘ ਘਾਲੀ, ਰਾਮ ਸਰੂਪ ਚੰਦਭਾਨ, ਮੰਗਤ ਰਾਏ ਮੋਗਾ, ਨੀਲਾ ਸਿੰਘ ਰਲਾ, ਸਿਕੰਦਰ ਸਿੰਘ ਮਧੇ ਆਦਿ ਪਾਰਟੀ ਆਗੂਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮੀਟਿੰਗ ਨੇ ਸਰਬਸੰਮਤੀ ਨਾਲ 9 ਮਈ (ਵੀਰਵਾਰ) ਨੂੰ ਮਾਸਟਰ ਗੁਰਚਰਨ ਸਿੰਘ ਮਾਨ ਦੇ ਨਾਮਜ਼ਦਗੀ ਕਾਗਜ਼ ਭਰਾਉਣ ਲਈ ਸ਼ਹੀਦ ਅਮੋਲਕ ਭਵਨ ਫਰੀਦਕੋਟ ਇਕੱਠੇ ਹੋਣ ਦਾ ਫੈਸਲਾ ਕੀਤਾ, ਜਿੱਥੋਂ ਕਾਫਲੇ ਦੀ ਸ਼ਕਲ ਵਿੱਚ ਮਿੰਨੀ ਸਕੱਤਰੇਤ ਫਰੀਦਕੋਟ ਵੱਲ ਤੁਰਿਆ ਜਾਵੇਗਾ।

# ਬੰਗਾਲ ਦੀਆਂ ਅੱਧੀਆਂ ਸੀਟਾਂ 'ਤੇ ਤਿਕੋਣੀ ਟੱਕਰ

**ਕੋਲਕਾਤਾ** : 2019 ਦੀਆਂ ਚੋਣਾਂ ਵਿਚ ਪੁਲਵਾਮਾ ਹਮਲੇ ਕਾਰਨ ਕੌਮੀ ਸੁਰੱਖਿਆ ਦਾ ਮੁੱਦਾ ਭਾਰੂ ਹੋ ਗਿਆ ਸੀ, ਜਿਸ ਦਾ ਭਾਜਪਾ ਨੇ ਕਾਫੀ ਫਾਇਦਾ ਉਠਾਇਆ।

2024 ਦੀਆਂ ਚੋਣਾਂ ਵਿਚ ਪੱਛਮੀ ਬੰਗਾਲ ਵਿਚ ਕੌਮੀ ਮੁੱਦਿਆਂ ਦੀ ਥਾਂ ਸੂਬਾਈ ਮੁੱਦੇ ਭਾਰੂ ਹਨ, ਜਿਵੇਂ ਕਿ ਸੰਦੇਸ਼ਖਾਲੀ ਦੀਆਂ ਘਟਨਾਵਾਂ, ਸਕੂਲ ਸਰਵਿਸ ਕਮਿਸ਼ਨ ਵੱਲੋਂ ਟੀਚਰਾਂ ਤੇ ਗੈਰ-ਟੀਚਰਾਂ ਦੀਆਂ ਕੀਤੀਆਂ ਨਿਯੁਕਤੀਆਂ ਹਾਈ ਕੋਰਟ ਵੱਲੋਂ ਰੱਦ ਕਰਨਾ ਤੇ ਨਾਗਰਿਕ ਸੋਧ ਕਾਨੂੰਨ ਲਾਗੂ ਕਰਨਾ ਆਦਿ। ਸਿਆਸੀ ਮਾਹਰਾਂ ਮੁਤਾਬਕ ਸੂਬੇ ਵਿਚ ਐਤਕੀਂ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਵਿਚਾਲੇ ਸਿੱਧੀ ਟੱਕਰ ਦੀ ਥਾਂ ਤਿਕੋਣੀ ਟੱਕਰ ਹੋ ਰਹੀ ਹੈ, ਕਿਉਂਕਿ ਖੱਬੀਆਂ ਪਾਰਟੀਆਂ ਤੇ ਕਾਂਗਰਸ ਦਾ ਗੱਠਜੋੜ ਕਈ ਸੀਟਾਂ 'ਤੇ ਚੰਗੀ ਪੁਜ਼ੀਸ਼ਨ ਵਿਚ ਚੱਲ ਰਿਹਾ ਹੈ।

ਸੈਂਟਰ ਫਾਰ ਸਟੱਡੀਜ਼ ਇਨ ਸੋਸ਼ਲ ਸਾਇੰਸਿਜ਼ 'ਚ ਸਿਆਸੀ ਵਿਗਿਆਨੀ ਮੈਦੁਲ ਇਸਲਾਮ ਦਾ ਕਹਿਣਾ ਹੈ ਕਿ ਕੁਝ ਮਹੀਨੇ ਪਹਿਲਾਂ ਤ੍ਰਿਣਮੂਲ ਤੇ ਭਾਜਪਾ ਵਿਚਾਲੇ ਟੱਕਰ ਜਾਪਦੀ ਸੀ, ਪਰ ਹੁਣ 18-20 ਸੀਟਾਂ 'ਤੇ ਖੱਬੀਆਂ ਪਾਰਟੀਆਂ ਤੇ ਕਾਂਗਰਸ ਦੇ ਗੱਠਜੋੜ ਨੇ ਤਿਕੋਣੀ ਟੱਕਰ ਬਣਾ ਦਿੱਤੀ ਹੈ। ਮਾਲਦਾ ਤੇ ਮੁਰਸ਼ਿਦਾਬਾਦ ਜ਼ਿਲ੍ਹਿਆਂ ਦੀਆਂ ਦੋ-ਤਿੰਨ ਸੀਟਾਂ ਤੋਂ ਇਲਾਵਾ ਦੱਖਣੀ ਬੰਗਾਲ ਦੀਆਂ 13 ਸੀਟਾਂ 'ਤੇ ਮੁਕਾਬਲਾ ਤ੍ਰਿਣਮੂਲ ਕਾਂਗਰਸ ਅਤੇ ਖੱਬੀਆਂ ਪਾਰਟੀਆਂ ਤੇ ਕਾਂਗਰਸ ਦੇ ਗੱਠਜੋੜ ਵਿਚਾਲੇ ਚੱਲ ਰਿਹਾ ਹੈ। ਜਿੱਥੇ ਗੱਠਜੋੜ ਦਾ 10 ਫੀਸਦੀ ਤੋਂ ਵੱਧ ਵੋਟ ਬੈਂਕ ਹੈ, ਉਥੇ ਉਹ ਦੋ ਕੁ ਫੀਸਦੀ ਹੋਰ ਵੋਟਾਂ ਲੈ ਕੇ ਭਾਜਪਾ ਤੇ ਤ੍ਰਿਣਮੂਲ ਕਾਂਗਰਸ ਨੂੰ ਥੱਲੇ ਸੁੱਟ ਸਕਦਾ ਹੈ।

ਤ੍ਰਿਣਮੂਲ ਕਾਂਗਰਸ ਤੇ ਮਾਰਕਸੀ ਪਾਰਟੀ ਦੇ ਸੂਤਰਾਂ ਮੁਤਾਬਕ ਮਾਲਦਾ ਤੇ ਮੁਰਸ਼ਿਦਾਬਾਦ ਤੋਂ ਇਲਾਵਾ ਡਮ ਡਮ, ਸ੍ਰੀਰਾਮਪੁਰ, ਆਰਾਮਬਾਗ, ਹੁਗਲੀ, ਹਾਵੜਾ, ਬੈਰਾਕਪੁਰ, ਬਰਧਮਾਨ-ਪੂਰਬਾ, ਬਰਧਮਾਨ-ਦੁਰਗਾਪੁਰ, ਬਾਂਕੁਰਾ, ਪੁਰੂਲੀਆ, ਤਾਮਲੁਕ, ਕੋਲਕਾਤਾ ਨਾਰਥ ਤੇ ਜਾਦਵਪੁਰ ਵਿਚਾਲੇ ਮੁਕਾਬਲੇ ਤਿਕੋਣੇ ਹਨ। 2019 'ਚ ਇਨ੍ਹਾਂ ਵਿੱਚੋਂ 8 ਸੀਟਾਂ ਤ੍ਰਿਣਮੂਲ ਕਾਂਗਰਸ ਨੇ ਤੇ ਬਾਕੀ ਭਾਜਪਾ ਨੇ ਜਿੱਤੀਆਂ ਸਨ।

ਖੱਬੀਆਂ ਪਾਰਟੀਆਂ 42 ਵਿੱਚੋਂ 30 ਤੇ ਕਾਂਗਰਸ 12 ਸੀਟਾਂ ਲੜ ਰਹੀ ਹੈ। ਪਿਛਲੀ ਵਾਰ ਭਾਜਪਾ ਨੇ 18 ਸੀਟਾਂ ਜਿੱਤੀਆਂ ਸਨ ਤੇ ਉਸ ਦਾ ਵੋਟ ਸ਼ੇਅਰ 17 ਫੀਸਦੀ ਤੋਂ ਵਧ ਕੇ 40 ਫੀਸਦੀ ਤੱਕ ਚਲੇ ਗਿਆ ਸੀ। ਤ੍ਰਿਣਮੂਲ ਦਾ ਵੋਟ ਸ਼ੇਅਰ 3 ਫੀਸਦੀ ਵਧਿਆ ਸੀ, ਪਰ ਫਿਰ ਵੀ ਉਹ 12 ਸੀਟਾਂ ਗੁਆ ਬੈਠੀ ਸੀ ਅਤੇ 34 ਤੋਂ 22 'ਤੇ ਆ ਗਈ ਸੀ। ਖੱਬੀਆਂ ਪਾਰਟੀਆਂ ਦਾ ਵੋਟ ਸ਼ੇਅਰ 24 ਫੀਸਦੀ ਤੋਂ ਘਟ ਕੇ 6 ਫੀਸਦੀ 'ਤੇ ਆ ਗਿਆ ਸੀ ਤੇ ਉਨ੍ਹਾਂ ਨੂੰ ਕੋਈ ਸੀਟ ਨਹੀਂ ਮਿਲੀ ਸੀ। ਕਾਂਗਰਸ ਦਾ ਵੋਟ ਸ਼ੇਅਰ 9.5 ਫੀਸਦੀ ਤੋਂ ਘਟ ਕੇ 5 ਫੀਸਦੀ 'ਤੇ ਆ ਗਿਆ ਸੀ ਤੇ ਉਸ ਨੇ ਦੋ ਸੀਟਾਂ ਗੁਆ ਲਈਆਂ ਸਨ ਤੇ ਉਸ ਦੇ ਪੱਲੇ ਸਿਰਫ ਦੋ ਸੀਟਾਂ ਪਈਆਂ ਸਨ। ਇਕ ਤ੍ਰਿਣਮੂਲ ਆਗੂ ਨੇ ਮੰਨਿਆ ਕਿ ਕੁਰੱਪਸ਼ਨ ਤੇ ਟੀਚਰਾਂ ਦੇ ਮਾਮਲੇ ਦਾ ਖੱਬੀਆਂ ਪਾਰਟੀਆਂ ਤੇ ਕਾਂਗਰਸ ਨੂੰ ਫਾਇਦਾ ਹੋ ਰਿਹਾ ਹੈ। ਲੋਕਾਂ ਦਾ ਇਕ ਵਰਗ ਇਹ ਵੀ ਮਹਿਸੂਸ ਕਰਦਾ ਹੈ ਕਿ ਭਾਜਪਾ ਤੇ ਤ੍ਰਿਣਮੂਲ ਰਲੇ ਹੋਏ ਹਨ।

2021 ਦੀਆਂ ਅਸੰਬਲੀ ਚੋਣਾਂ ਤੋਂ ਬਾਅਦ 2023 ਵਿਚ ਹੋਈਆਂ ਪੰਚਾਇਤ ਚੋਣਾਂ ਦੌਰਾਨ ਭਾਜਪਾ ਦਾ ਵੋਟ ਸ਼ੇਅਰ ਲੋਕ ਸਭਾ ਦੇ 40 ਫੀਸਦੀ ਤੇ ਅਸੰਬਲੀ ਦੇ 38 ਫੀਸਦੀ ਤੋਂ ਘਟ ਕੇ 22 ਫੀਸਦੀ 'ਤੇ ਆ ਗਿਆ ਸੀ। ਤ੍ਰਿਣਮੂਲ ਦਾ ਸ਼ੇਅਰ 51 ਫੀਸਦੀ ਰਿਹਾ। ਖੱਬੀਆਂ ਪਾਰਟੀਆਂ-ਕਾਂਗਰਸ-ਆਈ ਐੱਸ ਐੱਫ ਦੇ ਗੱਠਜੋੜ ਨੇ 23 ਫੀਸਦੀ ਵੋਟਾਂ ਲਈਆਂ। ਕਾਂਗਰਸੀ ਆਗੂ ਸੁਵੰਕਰ ਸਰਕਾਰ ਮੁਤਾਬਕ ਲੋਕ ਗੱਠਜੋੜ ਦੀਆਂ ਰੈਲੀਆਂ ਵਿਚ ਹੁੰਮ-ਹੁੰਮਾ ਕੇ ਪੁੱਜ ਰਹੇ ਹਨ। ਮਾਰਕਸੀ ਆਗੂ ਸੁਜਾਨ ਚੱਕਰਵਰਤੀ ਮੁਤਾਬਕ ਗੱਠਜੋੜ ਹੈਰਾਨਕੁੰਨ ਨਤੀਜੇ ਦੇਵੇਗਾ।

# ਮੋਦੀ ਦਾ ਮਹਾਰਾਸ਼ਟਰ 'ਚ ਗੇੜੇ 'ਤੇ ਗੇੜਾ

**ਮੁੰਬਈ** : ਲੋਕ ਸਭਾ ਚੋਣਾਂ ਦੇ ਐਲਾਨ ਤੋਂ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਹਾਰਾਸ਼ਟਰ ਦੇ ਇਕ ਦਰਜਨ ਦੇ ਕਰੀਬ ਗੇੜੇ ਲਾ ਚੁੱਕੇ ਹਨ ਤੇ 20 ਮਈ ਨੂੰ ਸੂਬੇ ਵਿਚ ਆਖਰੀ ਗੇੜ ਦੀ ਪੋਲਿੰਗ ਤੱਕ ਅੱਧੀ ਕੁ ਦਰਜਨ ਗੇੜੇ ਹੋਰ ਲਾ ਸਕਦੇ ਹਨ। 2019 ਦੀਆਂ ਚੋਣਾਂ ਵਿਚ ਪੰਜ ਗੇੜੇ ਲਾਏ ਸਨ। ਇਹ ਦਰਸਾਉਂਦਾ ਹੈ ਕਿ ਭਾਜਪਾ ਬੇਚੈਨ ਹੈ। ਭਾਜਪਾ ਹਾਈਕਮਾਨ ਨੂੰ ਲੱਗ ਰਿਹਾ ਹੈ ਕਿ ਸੂਬਾਈ ਆਗੂ ਬੇੜੀ ਪਾਰ ਨਹੀਂ ਲਾ ਸਕਦੇ। ਇਸੇ ਕਰਕੇ ਮੋਦੀ ਦੇ ਨਾਲ-ਨਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸੂਬੇ ਦੇ ਵੱਧ ਤੋਂ ਵੱਧ ਗੇੜੇ ਲਾ ਰਹੇ ਹਨ। ਇਨ੍ਹਾਂ ਦੋਹਾਂ ਨੂੰ ਲੱਗਦਾ ਹੈ ਕਿ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਨਾਲ ਭਾਜਪਾ ਦਾ ਗੱਠਜੋੜ ਤਾਲਮੇਲ ਨਾਲ ਨਹੀਂ ਚੱਲ ਰਿਹਾ। ਇਸ ਗੱਠਜੋੜ ਨੂੰ ਉਮੀਦਵਾਰ ਐਲਾਨਣ ਵਿਚ ਕਾਫੀ ਮੁਸ਼ਕਲ ਹੋਈ। ਕੁਝ ਸੀਟਾਂ 'ਤੇ ਤਾਂ ਨਾਮਜ਼ਦਗੀਆਂ ਦੀ ਆਖਰੀ ਤਰੀਕ 'ਤੇ ਉਮੀਦਵਾਰ ਐਲਾਨੇ ਜਾ ਸਕੇ। ਦੂਜੇ ਪਾਸੇ ਕਾਂਗਰਸ, ਸ਼ਰਦ ਪਵਾਰ ਦੀ ਐੱਨ ਸੀ ਪੀ ਤੇ ਊਧਵ ਠਾਕਰੇ ਦੀ ਸ਼ਿਵ ਸੈਨਾ ਨੇ ਸੀਟਾਂ ਦੀ ਵੰਡ ਦਾ ਕੰਮ ਸਰਬਸੰਮਤੀ ਨਾਲ ਨਿਬੇੜ ਲਿਆ।

ਭਾਜਪਾ ਗੱਠਜੋੜ ਦੀ ਇਕ ਹੋਰ ਮੁਸ਼ਕਲ ਇਹ ਹੈ ਕਿ ਇਸ ਨੂੰ ਉਨ੍ਹਾਂ ਆਗੂਆਂ ਨੂੰ ਉਮੀਦਵਾਰਾਂ ਬਣਾਉਣਾ ਪਿਆ, ਜਿਨ੍ਹਾਂ ਨੂੰ ਇਹ ਆਪਣੇ ਨਾਲ ਰਲਣ ਤੋਂ ਪਹਿਲਾਂ ਕੁਰੱਪਟ ਦੱਸਦਾ ਸੀ। ਭਾਜਪਾ ਨੇ ਅਜੀਤ ਪਵਾਰ ਨੂੰ ਆਪਣੇ ਨਾਲ ਰਲਾਉਣ ਵੇਲੇ ਵੀ ਉਨ੍ਹਾ ਦੀ ਤਾਕਤ ਦਾ ਗਲਤ ਅੰਦਾਜ਼ਾ ਲਾਇਆ। ਅਜੀਤ ਪਵਾਰ ਬਾਰਾਮਤੀ ਹਲਕੇ ਵਿਚ ਆਪਣੀ ਪਤਨੀ ਨੂੰ ਸ਼ਰਦ ਪਵਾਰ ਦੀ ਬੇਟੀ ਸੁਪ੍ਰਿਆ ਸੂਲੇ ਖਿਲਾਫ ਜੇਤੂ ਬਣਾਉਣ ਲਈ ਇੱਕੋ ਹਲਕੇ ਵਿਚ ਸਿਮਟ ਕੇ ਰਹਿ ਗਏ ਹਨ। ਉਹ ਹੋਰਨਾਂ ਹਲਕਿਆਂ 'ਚ ਨਹੀਂ ਜਾ ਪਾ ਰਹੇ।

ਦੂਜੇ ਪਾਸੇ ਸ਼ਰਦ ਪਵਾਰ ਪੂਰੇ ਸੂਬੇ ਦਾ ਗੇੜਾ ਲਾ ਰਹੇ ਹਨ। ਊਧਵ ਠਾਕਰੇ ਪਹਿਲਾਂ ਭਾਜਪਾ ਨਾਲ ਹੁੰਦੇ ਸਨ ਤੇ ਹੁਣ ਇੰਡੀਆ ਗੱਠਜੋੜ ਵਿਚ ਹਨ। ਠਾਕਰੇ ਜਾਣਦੇ ਹਨ ਕਿ ਭਾਜਪਾ ਚੋਣਾਂ ਜਿੱਤਣ ਲਈ ਕਿਹੜੇ ਹਥਿਆਰ ਵਰਤਦੀ ਹੈ। ਉਹ ਭਾਜਪਾ ਦੀਆਂ ਚਾਲਾਂ ਨੂੰ ਕਾਟ ਕਰ ਰਹੇ ਹਨ। ਭਾਜਪਾ ਲਈ ਊਧਵ ਦੇ ਉਮੀਦਵਾਰਾਂ 'ਤੇ ਹਿੰਦੂਤਵ ਦੇ ਆਧਾਰ 'ਤੇ ਹਮਲੇ ਕਰਨੇ ਸੰਭਵ ਨਹੀਂ।

# ਇਜ਼ਰਾਈਲ ਨੇ ਅਲ ਜਜ਼ੀਰਾ ਚੈਨਲ 'ਤੇ ਪਾਬੰਦੀ ਲਾਈ

**ਤੇਲ ਅਵੀਵ** : ਇਜ਼ਰਾਈਲ ਕੈਬਨਿਟ ਨੇ ਅਲ ਜਜ਼ੀਰਾ ਟੀ ਵੀ ਚੈਨਲ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਚੈਨਲ ਕਤਰ ਦਾ ਹੈ, ਜਿਸ ਨੇ ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗਬੰਦੀ ਕਰਾ ਕੇ ਇਜ਼ਰਾਈਲੀ ਬੰਦੀਆਂ ਨੂੰ ਛੁਡਾਉਣ ਵਿਚ ਮਦਦ ਕੀਤੀ ਸੀ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ਅਲ ਜਜ਼ੀਰਾ ਦੇ ਦਫਤਰਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾ ਦੋਸ਼ ਲਾਇਆ ਕਿ ਅਲ ਜਜ਼ੀਰਾ ਦਹਿਸ਼ਤਗਰਦਾਂ ਦਾ ਚੈਨਲ ਹੈ ਤੇ ਪੱਖਪਾਤੀ ਰਿਪੋਰਟਿੰਗ ਕਰਦਾ ਹੈ। ਉਸ ਨੇ ਇਜ਼ਰਾਈਲ ਦੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾ ਕਿਹਾ ਕਿ ਚੈਨਲ ਨੇ ਇਜ਼ਰਾਈਲ ਖਿਲਾਫ ਹਿੰਸਾ ਭੜਕਾਉਣ ਦਾ ਕੰਮ ਕੀਤਾ ਹੈ। ਅਲ ਜਜ਼ੀਰਾ 'ਤੇ ਰੋਕ ਲਾਉਣ ਲਈ ਸੰਸਦ ਨੇ ਅਪ੍ਰੈਲ ਵਿਚ ਕਾਨੂੰਨ ਪਾਸ ਕੀਤਾ ਸੀ। ਇਜ਼ਰਾਈਲ ਸਰਕਾਰ ਦੀ ਸੋਚ ਹੈ ਕਿ ਅਲ ਜਜ਼ੀਰਾ ਨੇ ਹਮੇਸ਼ਾ ਹਮਾਸ ਤੇ ਫਲਸਤੀਨ ਪੱਖੀ ਸਟੈਂਡ ਲਿਆ ਹੈ, ਹਾਲਾਂਕਿ ਚੈਨਲ ਇਸ ਦਾ ਖੰਡਨ ਕਰਦਾ ਆਇਆ ਹੈ।

## ਕੈਨੇਡਾ ਕਾਨੂੰਨ ਦੇ ਸ਼ਾਸਨ ਵਾਲਾ ਦੇਸ਼ : ਟਰੂਡੋ

**ਟੋਰਾਂਟੋ** : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਹੇਠ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫਤਾਰੀ ਤੋਂ ਇਕ ਦਿਨ ਬਾਅਦ ਕਿਹਾ ਕਿ ਕੈਨੇਡਾ 'ਕਾਨੂੰਨ ਦੇ ਸ਼ਾਸਨ ਵਾਲਾ ਦੇਸ਼' ਹੈ ਅਤੇ ਇੱਥੇ ਇਕ ਮਜ਼ਬੂਤ ਤੇ ਸੁਤੰਤਰ ਨਿਆਂ ਪ੍ਰਣਾਲੀ ਹੈ ਤੇ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਬੁਨਿਆਦੀ ਵਚਨਬੱਧਤਾ ਹੈ। ਕੈਨੇਡਾ ਦੇ ਨਾਗਰਿਕ ਨਿੱਝਰ ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਇਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਐਡਮਿੰਟਨ 'ਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਨੂੰ ਹੱਤਿਆ ਅਤੇ ਹੱਤਿਆ ਦੀ ਸਾਜ਼ਿਸ਼ ਦੇ ਦੋਸ਼ 'ਚ ਸ਼ੁੱਕਰਵਾਰ ਗ੍ਰਿਫਤਾਰ ਕੀਤਾ ਗਿਆ ਸੀ।

## ਗੱਡੀ ਅੱਧਾ ਘੰਟਾ ਹਰੀ ਝੰਡੀ ਉਡੀਕਦੀ ਰਹੀ

**ਨਵੀਂ ਦਿੱਲੀ** : ਸਟੇਸ਼ਨ ਮਾਸਟਰ ਦੇ ਡਿਊਟੀ ਦੌਰਾਨ ਸੌਂ ਜਾਣ ਕਰਕੇ ਯੂ ਪੀ ਦੇ ਇਟਾਵਾ ਕੋਲ ਉਦੀ ਮੋੜ ਰੇਲਵੇ ਸਟੇਸ਼ਨ 'ਤੇ ਪਟਨਾ-ਕੋਟਾ ਐਕਸਪ੍ਰੈੱਸ ਕਰੀਬ ਅੱਧਾ ਘੰਟਾ ਹਰੀ ਝੰਡੀ ਦੀ ਉਡੀਕ ਕਰਦੀ ਰਹੀ। ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਆਗਰਾ ਰੇਲਵੇ ਮੰਡਲ ਨੇ ਸਟੇਸ਼ਨ ਮਾਸਟਰ ਨੂੰ ਇਸ ਲਾਪ੍ਰਵਾਹੀ ਦਾ ਕਾਰਨ ਦੱਸਣ ਨੂੰ ਕਿਹਾ ਹੈ, ਜਿਸ ਦੇ ਨਤੀਜੇ ਵਜੋਂ ਕੋਈ ਮੰਦਭਾਗੀ ਘਟਨਾ ਵਾਪਰ ਸਕਦੀ ਸੀ।

## ਭਾਜਪਾ ਪ੍ਰਧਾਨ ਨੱਢਾ ਖਿਲਾਫ ਚੋਣ ਕਮਿਸ਼ਨ ਕੋਲ ਸ਼ਿਕਾਇਤ

**ਬੈਂਗਲੁਰੂ** : ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਨੇ ਐਤਵਾਰ ਚੋਣ ਕਮਿਸ਼ਨ ਕੋਲ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਅਤੇ ਹੋਰ ਸੀਨੀਅਰ ਆਗੂਆਂ ਦੀ ਸ਼ਿਕਾਇਤ ਕਰਦਿਆਂ ਕਾਰਵਾਈ ਕਰਨ ਦੀ ਮੰਗ ਕੀਤੀ। ਕਾਂਗਰਸ ਨੇ ਭਾਜਪਾ ਆਗੂਆਂ ਖਿਲਾਫ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ ਹਨ। ਕਾਂਗਰਸ ਦਾ ਕਹਿਣਾ ਹੈ ਕਿ ਭਾਜਪਾ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਕ ਵੀਡੀਓ ਪਾਈ ਹੈ, ਜਿਸ ਰਾਹੀਂ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਦੇ ਲੋਕਾਂ ਨੂੰ ਇਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਨਾ ਪਾਉਣ ਲਈ ਡਰਾਇਆ-ਧਮਕਾਇਆ ਜਾ ਰਿਹਾ ਹੈ। ਕਰਨਾਟਕ ਦੇ ਮੁੱਖ ਚੋਣ ਅਧਿਕਾਰੀ ਨੂੰ ਦਿੱਤੀ ਸ਼ਿਕਾਇਤ 'ਚ ਕਾਂਗਰਸ ਨੇ ਕਰਨਾਟਕ ਭਾਜਪਾ ਦੇ ਅਧਿਕਾਰਤ 'ਐਕਸ' ਅਕਾਊਂਟ ਤੋਂ ਪਾਈ ਗਈ ਇਸ ਵੀਡੀਓ ਦਾ ਜ਼ਿਕਰ ਕੀਤਾ ਹੈ।

## ਮਕਬੂਜ਼ਾ ਕਸ਼ਮੀਰ ਲੈਣ ਲਈ ਤਾਕਤ ਦੀ ਲੋੜ ਨਹੀਂ ਪੈਣੀ : ਰਾਜਨਾਥ

**ਨਵੀਂ ਦਿੱਲੀ** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਭਾਰਤ ਮਕਬੂਜ਼ਾ ਕਸ਼ਮੀਰ 'ਤੇ ਆਪਣਾ ਦਾਅਵਾ ਕਦੇ ਨਹੀਂ ਛੱਡੇਗਾ, ਪਰ ਇਸ ਨੂੰ ਤਾਕਤ ਦੇ ਜ਼ੋਰ 'ਤੇ ਆਪਣੇ ਕਬਜ਼ੇ 'ਚ ਲੈਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਲੋਕ ਕਸ਼ਮੀਰ 'ਚ ਵਿਕਾਸ ਦੇਖਣ ਤੋਂ ਬਾਅਦ ਖੁਦ ਇਸ 'ਚ ਸ਼ਾਮਲ ਹੋਣਾ ਚਾਹੁੰਣਗੇ। ਉਨ੍ਹਾ ਇਕ ਖਬਰ ਏਜੰਸੀ ਨੂੰ ਦਿੱਤੀ ਇੰਟਰਵਿਊ 'ਚ ਕਿਹਾ ਕਿ ਜੰਮੂ-ਕਸ਼ਮੀਰ 'ਚ ਜ਼ਮੀਨੀ ਹਾਲਾਤ 'ਚ ਕਾਫੀ ਸੁਧਾਰ ਹੋਇਆ ਹੈ ਅਤੇ ਇਕ ਸਮਾਂ ਅਜਿਹਾ ਆਵੇਗਾ ਜਦੋਂ ਕੇਂਦਰ ਸ਼ਾਸਤ ਪ੍ਰਦੇਸ਼ 'ਚ ਅਫਸਪਾ (ਹਥਿਆਰਬੰਦ ਬਲ ਵਿਸ਼ੇਸ਼ ਸ਼ਕਤੀਆਂ ਐਕਟ) ਦੀ ਲੋੜ ਨਹੀਂ ਹੋਵੇਗੀ। ਉਨ੍ਹਾ ਜ਼ੋਰ ਦੇ ਕੇ ਕਿਹਾ-ਮਕਬੂਜ਼ਾ ਕਸ਼ਮੀਰ ਸਾਡਾ ਸੀ, ਸਾਡਾ ਰਹੇਗਾ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਭਾਜਪਾ ਸਰਕਾਰ ਕਦੇ ਵੀ ਸੰਵਿਧਾਨ ਨਹੀਂ ਬਦਲੇਗੀ ਅਤੇ ਨਾ ਹੀ ਰਾਖਵਾਂਕਰਨ ਖਤਮ ਕਰੇਗੀ। ਉਨ੍ਹਾ ਕਾਂਗਰਸ 'ਤੇ ਡਰ ਪੈਦਾ ਕਰਨ ਅਤੇ ਵੋਟ ਬੈਂਕ ਦੀ ਰਾਜਨੀਤੀ ਕਰਨ ਲਈ ਗਲਤ ਸੂਚਨਾ ਫੈਲਾਉਣ ਦਾ ਦੋਸ਼ ਲਗਾਇਆ। ਰੱਖਿਆ ਮੰਤਰੀ ਨੇ ਕਿਹਾ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ 'ਚ ਕੋਈ 'ਅੱਗ' ਨਹੀਂ ਹੈ, ਜਦਕਿ ਉਨ੍ਹਾਂ ਦੀ ਪਾਰਟੀ ਚੋਣਾਂ 'ਚ ਫਾਇਦੇ ਵਾਸਤੇ ਹਿੰਦੂ-ਮੁਸਲਮਾਨ ਨੂੰ ਵੰਡਣ ਦੀ ਕੋਸ਼ਿਸ਼ ਕਰਕੇ ਅੱਗ ਨਾਲ ਖੇਡ ਰਹੀ ਹੈ।

# ਠੇਕਾ ਪ੍ਰਣਾਲੀ ਬੰਦ ਕਰਕੇ ਪੱਕੀਆਂ ਨੌਕਰੀਆਂ ਦੇਵਾਂਗੇ : ਰਾਹੁਲ



**ਹੈਦਰਾਬਾਦ** : ਰਾਹੁਲ ਗਾਂਧੀ ਨੇ ਤਿਲੰਗਾਨਾ ਦੇ ਆਦਿਲਾਬਾਦ (ਜਨਜਾਤੀ ਹਲਕੇ) ਵਿਚ ਐਤਵਾਰ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਚੋਣਾਂ ਵਿਚ ਦੋ ਵਿਚਾਰਧਾਰਾਵਾਂ ਵਿਚਾਲੇ ਲੜਾਈ ਹੈ। ਕਾਂਗਰਸ ਸੰਵਿਧਾਨ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਭਾਜਪਾ-ਆਰ ਐੱਸ ਐੱਸ ਗੱਠਜੋੜ ਸੰਵਿਧਾਨ ਤੇ ਲੋਕਾਂ ਦੇ ਹੱਕ ਖਤਮ ਹੱਕ ਕਰਨਾ ਚਾਹੁੰਦਾ ਹੈ।

ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਿਜ਼ਰਵੇਸ਼ਨ ਦੇ ਖਿਲਾਫ ਹਨ। ਦੇਸ਼ ਅੱਗੇ ਸਭ ਤੋਂ ਵੱਡਾ ਮੁੱਦਾ ਰਿਜ਼ਰਵੇਸ਼ਨ 50 ਫੀਸਦੀ ਤੋਂ ਵਧਾਉਣ ਦਾ ਹੈ। ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਕਿਹਾ ਕਿ ਰਿਜ਼ਰਵੇਸ਼ਨ 50 ਫੀਸਦੀ ਤੋਂ ਵਧਾਵਾਂਗੇ। ਪ੍ਰਧਾਨ ਮੰਤਰੀ ਨੇ ਅੱਜ ਤੱਕ ਨਹੀਂ ਕਿਹਾ ਕਿ ਰਿਜ਼ਰਵੇਸ਼ਨ 50 ਫੀਸਦੀ ਤੋਂ ਵਧਾਈ ਜਾਵੇਗੀ। ਉਨ੍ਹਾ ਕਿਹਾ ਕਿ ਮੋਦੀ ਨੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਕੀਤਾ ਅਤੇ ਠੇਕਾ ਪ੍ਰਣਾਲੀ ਲਾਗੂ ਕਰਕੇ ਰਿਜ਼ਰਵੇਸ਼ਨ ਖਤਮ ਕੀਤੀ। ਉਨ੍ਹਾ ਕਿਹਾ—ਅਸੀਂ ਸਰਕਾਰੀ ਦਫਤਰਾਂ ਤੇ ਜਨਤਕ ਖੇਤਰ ਵਿਚ ਠੇਕਾ ਪ੍ਰਣਾਲੀ ਖਤਮ ਕਰਾਂਗੇ। ਆਰਜ਼ੀ ਨੌਕਰੀਆਂ ਦੀ ਥਾਂ ਪੱਕੀਆਂ ਨੌਕਰੀਆਂ ਦੇਵਾਂਗੇ।

# ਗੁਰਦਿਆਲ ਹਿੰਦ-ਪਾਕਿ ਵਪਾਰ ਲਈ ਬਾਰਡਰ ਖੋਲ੍ਹਣ 'ਤੇ ਜ਼ੋਰ ਦੇਣਗੇ : ਮਾੜੀਮੇਘਾ, ਦੇਵੀ ਕੁਮਾਰੀ



**ਭਿੱਖੀਵਿੰਡ** : ਪਾਰਲੀਮੈਂਟ ਹਲਕਾ ਖਡੂਰ ਸਾਹਿਬ ਦੇ ਸੀ ਪੀ ਆਈ ਤੇ ਸੀ ਪੀ ਆਈ ਐੱਮ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਭਿੱਖੀਵਿੰਡ ਇਲਾਕੇ ਦੇ 12 ਪਿੰਡਾਂ ਤਪਾ ਬਾਠ, ਘੁਰਕਵਿੰਡ, ਸੁਰਵਿੰਡ, ਸਾਂਡਪੁਰਾ, ਭਿੱਖੀਵਿੰਡ, ਮਾੜੀਮੇਘਾ, ਅਲਗੋਂ ਖੁਰਦ, ਅਲਗੋਂ ਅੱਡਾ, ਭਾਈ ਲੱਧੂ, ਕਲਸੀਆਂ ਕਲਾਂ, ਛੋਟਾ ਭਗਵਾਨਪੁਰਾ ਤੇ ਵੱਡਾ ਭਗਵਾਨ ਪੁਰਾ ਵਿੱਚ ਜਲਸੇ ਟਾਈਪ ਮੀਟਿੰਗਾਂ ਕੀਤੀਆਂ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾਈ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਮਿਹਨਤਕਸ਼ਾਂ ਵਾਸਤੇ ਇਹ ਮੌਕਾ ਹੈ ਕਿ ਲੋਕਾਂ ਦੇ ਹੱਕਾਂ ਦੀ ਰਖਵਾਲੀ ਕਰਨ ਵਾਲੇ ਆਪਣੇ ਮਹਿਬੂਬ ਆਗੂ ਗੁਰਦਿਆਲ ਸਿੰਘ ਨੂੰ ਵੋਟ ਪਾ ਕੇ ਕਾਮਯਾਬ ਕਰਨ, ਜਿਨ੍ਹਾਂ ਦਾ ਚੋਣ ਨਿਸ਼ਾਨ ਦਾਤਰੀ ਸਿੱਟਾ ਹੈ। ਚੋਣ ਨਿਸ਼ਾਨ ਤੋਂ ਹੀ ਸਾਬਤ ਹੁੰਦਾ ਹੈ ਕਿ ਇਹ ਕਿਰਤੀਆਂ ਤੇ ਮਿਹਨਤਕਸ਼ਾਂ ਦਾ ਚੋਣ ਨਿਸ਼ਾਨ ਹੈ। ਮਾੜੀਮੇਘਾ ਤੇ ਦੇਵੀ ਕੁਮਾਰੀ ਨੇ ਕਿਹਾ ਕਿ ਗੁਰਦਿਆਲ ਸਿੰਘ ਪਾਰਲੀਮੈਂਟ ਵਿੱਚ ਪਹੁੰਚ ਕੇ ਬਾਰਡਰ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਉਠਾਏਗਾ। ਹਿੰਦ-ਪਾਕਿ ਦੇ ਬਾਰਡਰ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਕਿਸਾਨਾਂ ਦੀਆਂ ਜ਼ਮੀਨਾਂ ਤੇ ਫਸਲਾਂ ਪੈਦਾ ਕਰਨੀਆਂ ਬਹੁਤ ਔਖੀਆਂ ਹਨ, ਕਿਉਂਕਿ ਬੀ ਐੱਸ ਐੱਫ ਨੇ ਸਮਾਂ ਨਿਯੁਕਤ ਕੀਤਾ ਹੋਇਆ ਹੈ ਕਿ ਐਸ ਸਮੇਂ 'ਤੇ ਤੁਸੀਂ ਤਾਰਾਂ ਤੋਂ ਅੱਗੇ ਜਾ ਸਕਦੇ ਹੋ ਤੇ ਐਸ ਸਮੇਂ 'ਤੇ ਤੁਹਾਨੂੰ ਵਾਪਸ ਆਉਣਾ ਪਵੇਗਾ, ਭਾਵ ਕਿਸਾਨ ਆਪਣੇ ਖੇਤਾਂ ਵਿੱਚ ਰਾਤ ਨਹੀਂ ਰਹਿ ਸਕਦਾ, ਜਦੋਂ ਕਿ ਫਸਲ ਕਿਸਾਨਾਂ ਦੇ ਧੀਆਂ-ਪੁੱਤਰਾਂ ਸਮਾਨ ਹੁੰਦੀ ਹੈ ਤੇ ਫਸਲ ਵੀ ਚਾਹੁੰਦੀ ਹੈ ਕਿ ਮੇਰਾ ਸਾਈਂ ਮੇਰੇ ਸਿਰ 'ਤੇ ਰਹੇ, ਪਰ ਸਮੇਂ ਦੀਆਂ ਸਰਕਾਰਾਂ ਦੇ ਕਾਨੂੰਨ ਕਿਸਾਨ ਵਿਰੋਧੀ ਹੋਣ ਕਰਕੇ ਕਿਸਾਨ ਆਪਣੀਆਂ ਫਸਲਾਂ ਕੋਲ ਰਹਿ ਨਹੀਂ ਸਕਦਾ। ਫਸਲਾਂ ਨੂੰ ਪਾਕਿਸਤਾਨ ਵਾਲੇ ਪਾਸੇ ਤੋਂ ਸੂਰ ਅਤੇ ਹੋਰ ਜਾਨਵਰ ਆ ਕੇ ਖਰਾਬ ਕਰ ਜਾਂਦੇ ਹਨ। ਇਸ ਲਈ ਜਿਨ੍ਹਾਂ

● ਬਾਕੀ ਸਫ਼ਾ 2 'ਤੇ

## ਕਿਸਾਨ ਆਗੂ ਦਾ ਕਤਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਮੰਡ ਖੇਤਰ ਦੇ ਪਿੰਡ ਮੇਬਾ ਮਿਆਣੀ ਵਿਚ ਐਤਵਾਰ ਕਿਸਾਨ ਆਗੂ ਯੋਧਾ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਯੋਧਾ ਸਵੇਰੇ ਕਰੀਬ 10 ਵਜੇ ਘਰੋਂ ਖੇਤਾਂ ਨੂੰ ਪਾਣੀ ਲਗਾਉਣ ਲਈ ਗਿਆ ਸੀ ਬਿਆਸ ਦਰਿਆ ਦੇ ਕਿਨਾਰੇ ਜੰਗਲ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਦਿੱਤਾ ਗਿਆ। ਯੋਧਾ ਸਿੰਘ ਹਮੇਸ਼ਾ ਨਸ਼ਾ ਤਸਕਰਾਂ, ਰੇਤ ਮਾਫੀਆ ਅਤੇ ਗਲਤ ਅਨਸਰਾਂ ਖਿਲਾਫ ਖੁੱਲ੍ਹ ਕੇ ਬੋਲਦਾ ਰਹਿੰਦਾ ਸੀ। ਮੌਕੇ 'ਤੇ ਪਹੁੰਚੇ ਐੱਸ.ਪੀ.ਡੀ ਸਰਵਜੀਤ ਸਿੰਘ ਬਾਹੀਆ ਨੇ ਕਿਹਾ ਕਿ ਜਲਦ ਹੀ ਇਸ ਮਾਮਲੇ ਨੂੰ ਹੱਲ ਕਰ ਲਿਆ ਜਾਵੇਗਾ।ਮ੍ਰਿਤਕ ਦੇ ਭਤੀਜੇ ਪਰਮਜੀਤ ਸਿੰਘ ਭੁੱਲਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ ਹੈ। ਉਹ ਸਮੇਂ-ਸਮੇਂ 'ਤੇ ਸਮਾਜ ਵਿਰੋਧੀ ਲੋਕਾਂ ਖਿਲਾਫ ਬੋਲਦੇ ਸਨ।



## ਸ਼ੰਭੂ ਸਟੇਸ਼ਨ 'ਤੇ ਅੰਦੋਲਨਕਾਰੀ ਕਿਸਾਨ ਬੀਬੀ ਦੀ ਮੌਤ



**ਪਟਿਆਲਾ** : ਸ਼ੰਭੂ ਰੇਲਵੇ ਸਟੇਸ਼ਨ 'ਤੇ ਟਰੈਕ 'ਤੇ ਜਾਰੀ ਧਰਨੇ ਦੌਰਾਨ ਸ਼ਨੀਵਾਰ ਦੇਰ ਰਾਤ ਕਿਸਾਨ ਬੀਬੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਦੀ ਪਛਾਣ ਬਲਵਿੰਦਰ ਕੌਰ (55) ਪਤਨੀ ਰਸ਼ਪਾਲ ਸਿੰਘ ਵਾਸੀ ਪਿੰਡ ਵਲੀਪੁਰ, ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ।

## ਕਿਸਾਨ ਦੀ ਮੌਤ 'ਤੇ ਭਾਜਪਾ ਆਗੂ ਖਿਲਾਫ ਕੇਸ ਦਰਜ



**ਘਨੌਰ** : ਪਿੰਡ ਸੇਹਰਾ 'ਚ ਸ਼ਨੀਵਾਰ ਕਿਸਾਨ ਆਗੂ ਸੁਰਿੰਦਰਪਾਲ ਸਿੰਘ ਆਕੜੀ ਦੀ ਮੌਤ ਸੰਬੰਧੀ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਖਿਲਾਫ ਥਾਣਾ ਖੇੜੀ ਗੰਡਿਆਂ 'ਚ ਕੇਸ ਦਰਜ ਕਰ ਲਿਆ ਗਿਆ। ਹਰਪਾਲਪੁਰ ਨੇ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਕਿ ਨਾ ਹੀ ਆਕੜੀ ਉਸ ਦੇ ਨੇੜੇ ਲੱਗਿਆ ਤੇ ਨਾ ਹੀ ਉਸ ਨੇ ਆਕੜੀ ਨੂੰ ਧੱਕਾ ਮਾਰਿਆ ਹੈ, ਬਲਕਿ ਵੀਡੀਓ 'ਚ ਸਾਫ ਨਜ਼ਰ ਆ ਰਿਹਾ ਹੈ ਕਿ ਜਾਂ ਤਾਂ ਉਸ ਨੂੰ ਦਿਲ ਦਾ ਦੌਰਾ ਪਿਆ ਹੈ ਜਾਂ ਫਿਰ ਮਿਰਗੀ ਦਾ ਦੌਰਾ ਪਿਆ, ਜੋ ਉਸ ਦੀ ਮੌਤ ਦਾ ਕਾਰਨ ਬਣਿਆ। ਇਹ ਘਟਨਾ ਉਦੋਂ ਵਾਪਰੀ, ਜਦੋਂ ਪਿੰਡ ਸੇਹਰਾ 'ਚ ਪ੍ਰਚਾਰ ਕਰਨ ਆਈ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਖਿਲਾਫ ਕਿਸਾਨ ਪ੍ਰਦਰਸ਼ਨ ਕਰ ਰਹੇ ਸਨ।

## ਅੱਜ-ਨਾਮਾ

ਹਫਤਾ ਮਈ ਦਾ ਗਿਆ ਈ ਲੰਘ ਪਹਿਲਾ,
ਗਰਮੀ ਸਿਖਰਾਂ ਦੀ ਅਜੇ ਨਾ ਆਈ ਬੇਲੀ।
ਵਿਰਲੇ-ਵਾਂਝੇ ਚਲਾਉਂਦੇ ਨੇ ਕੋਈ ਏ ਸੀ,
ਅਜੇ ਵੀ ਪੱਖੇ ਸਭ ਫਿਰਨ ਚਲਾਈ ਬੇਲੀ।
ਸਰਦੀ ਆਈ ਜੇ ਚੋਖੀ ਕੁਝ ਦੇਰ ਕਰ ਕੇ,
ਗਈ ਇਹ ਵਾਪਸੀ ਫੇਰ ਲਟਕਾਈ ਬੇਲੀ।
ਮੌਸਮ ਮਹਿਕਮਾ ਕਹਿੰਦਾ ਜੇ ਲੇਟ ਆਈ,
ਗਰਮੀ ਬਹੁਤੀ ਫਿਰ ਕਰੂ ਚੜ੍ਹਾਈ ਬੇਲੀ।
ਆਈ ਜਦੋਂ ਜੇ ਅਟਕ ਗਈ ਦੇਰ ਬਹੁਤੀ,
ਪਿਛੇਤੀ ਹੋਣੀ ਫਿਰ ਰੁੱਤ ਬਰਸਾਤ ਬੇਲੀ।
ਕਿਆਫੇ ਹੋਰ ਤਾਂ ਹੁੰਦਾ ਕੁਝ ਹੋਰ ਮਗਰੋਂ,
ਪੱਲੇ ਪਵੇ ਨਹੀਂ ਕੁਦਰਤ ਦੀ ਬਾਤ ਬੇਲੀ।

-ਤੀਸ ਮਾਰ ਖਾਂ

# ਹਾਕਮਾਂ ਦੇ ਜੋਟੀਦਾਰ ਕਾਰਪੋਰੇਟ ਕੁਦਰਤ ਨੂੰ ਬਰਬਾਦ ਕਰਨ ਦੇ ਰਾਹ

**ਸ਼ਾਹਕੋਟ (ਗਿਆਨ ਸੈਦਪੁਰੀ)**

ਖੱਬੇ-ਪੱਖੀ ਏਕਤਾ ਜ਼ਿੰਦਾਬਾਦ, ਕਾਰਲ ਮਾਰਕਸ ਦੇ 206ਵੇਂ ਜਨਮ ਦਿਹਾੜੇ ਦੀਆਂ ਮੁਬਾਰਕਾਂ ਅਤੇ ਉਸ ਦੇ ਵਿਗਿਆਨਕ ਸਿਧਾਂਤ ਨੂੰ ਸਮਝਦਿਆਂ ਹੋਇਆਂ ਮਜ਼ਦੂਰ ਤੇ ਕਿਸਾਨਾਂ ਦੀਆਂ ਜੀਵਨ ਹਾਲਤਾਂ ਨੂੰ ਸੁਖਾਲੀਆਂ ਬਣਾਉਣ ਲਈ ਸੰਘਰਸ਼ਾਂ ਦਾ ਪਿੜ ਮੱਲਣ ਦੇ ਹੋਕੇ ਨਾਲ ਇੱਥੇ ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੀ ਸਾਂਝੀ ਚੋਣ ਰੈਲੀ ਨਾਲ ਦੋਵੇਂ ਪਾਰਟੀਆਂ ਦੇ ਸਾਂਝੇ ਉਮੀਦਵਾਰ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਦੀ ਚੋਣ ਮੁਹਿੰਮ ਹੁਲਾਰੇ ਵਿੱਚ ਆ ਗਈ। ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਾਸਟਰ ਪ੍ਰਸ਼ੋਤਮ ਬਿਲਗਾ ਨੇ ਕਾਰਲ ਮਾਰਕਸ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾ ਕਿਹਾ ਕਿ ਮਾਰਕਸ ਨੇ ਕੁਦਰਤ ਬਾਰੇ ਬੜੀ ਖ਼ੂਬਸੂਰਤ ਵਿਆਖਿਆ ਕੀਤੀ ਸੀ। ਉਸ ਵਿਆਖਿਆ ਦੇ ਹਵਾਲੇ ਨਾਲ ਕੁਦਰਤ ਦੇ ਨਿਯਮਾਂ ਨੂੰ ਅਪਣਾ ਕੇ ਜ਼ਿੰਦਗੀ ਨੂੰ ਮਾਣਿਆ ਜਾ ਸਕਦਾ ਹੈ। ਸਾਡੇ ਅਜੋਕੇ ਹਾਕਮਾਂ ਦੇ ਜੋਟੀਦਾਰ ਕਾਰਪੋਰੇਟਾਂ ਵੱਲੋਂ ਕੁਦਰਤ ਨੂੰ ਬਰਬਾਦ ਕਰਨ ਦਾ ਰਾਹ ਫੜਿਆ ਹੋਇਆ ਹੈ। ਉਨ੍ਹਾ ਕਿਹਾ ਕਿ ਕਮਿਊਨਿਸਟ ਧਿਰਾਂ ਨੇ ਦਹਾਕੇ ਪਹਿਲਾਂ ਲੋਕਾਂ ਨੂੰ ਖ਼ਬਰਦਾਰ ਕੀਤਾ ਸੀ ਕਿ ਭਾਜਪਾ ਅਤੇ ਆਰ ਐੱਸ ਐੱਸ ਲੋਕ ਵਿਰੋਧੀ ਹਨ । ਮਾਸਟਰ ਬਿਲਗਾ ਨੇ ਕਮਿਊਨਿਸਟਾਂ ਵੱਲੋਂ ਲੋਕ ਹਿੱਤਾਂ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਕਮਿਊਨਿਸਟਾਂ ਦੇ ਦਬਾਅ ਹੇਠ ਸੂਚਨਾ ਦਾ ਅਧਿਕਾਰ, ਅੰਨ ਸੁਰੱਖਿਆ ਕਨੂੰਨ, ਔਰਤਾਂ ਦੀ ਘਰੇਲੂ ਹਿੰਸਾ ਵਿਰੁੱਧ ਕਨੂੰਨ ਅਤੇ ਜਲ, ਜੰਗਲ ਤੇ ਜ਼ਮੀਨ ਸੰਬੰਧੀ ਕਨੂੰਨ ਪਾਸ ਕਰਵਾਏ ਗਏ ਸਨ। ਮੌਜੂਦਾ ਮੋਦੀ ਸਰਕਾਰ ਇਨ੍ਹਾਂ ਸਭ ਕਨੂੰਨਾਂ ਨੂੰ ਕਮਜ਼ੋਰ ਕਰਕੇ ਖਤਮ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ। ਮਾਸਟਰ ਬਿਲਗਾ ਨੇ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਮੈਨੂੰ (ਬਿਲਗਾ) ਪਈ ਹਰੇਕ ਵੋਟ ਲਾਲ ਝੰਡੇ ਦੀ ਹੋਵੇਗੀ। ਲਾਲ ਝੰਡੇ ਵਾਲੇ ਹੀ ਲੋਟੂਆਂ ਵਿਰੁੱਧ ਅਤੇ ਲੁੱਟੇ ਜਾਣ ਵਾਲਿਆਂ ਦੀ ਲੁੱਟ ਖਤਮ ਕਰਨ ਲਈ ਸੰਘਰਸ਼ਸ਼ੀਲ ਰਹਿੰਦੇ ਹਨ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਛਪਾਲ ਕੈਲੇ, ਮੰਚ 'ਤੇ ਬੈਠੇ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਤੇ ਹੋਰ।

ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਛਪਾਲ ਕੈਲੇ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਵਫ਼ਾ ਨਹੀਂ ਹੋਇਆ। ਕਦੇ ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਕਰਨ ਦਾ ਦਾਅਵਾ ਕਰਨ ਵਾਲੇ ਵੋਟਾਂ ਬਟੋਰਦੇ ਰਹੇ, ਕਦੇ ਗਰੀਬੀ ਹਟਾਓ ਦੇ ਨਾਹਰਾ ਦੇਣ ਵਾਲੇ ਰਾਜ ਕਰਦੇ ਰਹੇ। ਹੁਣ ਵਾਲੇ ਰਾਮ ਦੇ ਨਾਂਅ 'ਤੇ ਵੋਟਾਂ ਮੰਗ ਕੇ ਤੀਸਰੀ ਵਾਰ ਸੱਤਾ 'ਤੇ ਕਾਬਜ਼ ਹੋਣ ਲਈ ਲੋਕਾਂ ਦੀ ਸਾਂਝ ਤਾਰ-ਤਾਰ ਕਰਨ ਦੇ ਰਾਹ ਪਏ ਹੋਏ ਹਨ। ਉਹਨਾ ਕਿਹਾ ਕਿ ਮਾਸਟਰ ਪ੍ਰਸ਼ੋਤਮ ਬਿਲਗਾ ਵਰਗੇ ਲੋਕ ਪਾਰਲੀਮੈਂਟ ਵਿੱਚ ਜਾਣਗੇ ਤਾਂ ਮੋਦੀ ਦੀਆਂ ਝੂਠੀਆਂ ਗਰੰਟੀਆਂ ਦੀ ਥਾਂ ਲੋਕਾਂ ਨੂੰ ਸੱਚੀਆਂ ਗਰੰਟੀਆਂ ਦੇਣਗੇ। ਮੀਟਿੰਗ ਨੂੰ ਸੀ ਪੀ ਆਈ (ਐੱਮ) ਦੇ ਜ਼ਿਲ੍ਹਾ ਸਹਾਇਕ ਸਕੱਤਰ ਸੁਖਪ੍ਰੀਤ ਜੌਹਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਪ੍ਰੈੱਸ ਸਕੱਤਰ ਗਿਆਨ ਸਿੰਘ ਸੈਦਪੁਰੀ, ਸੀ ਪੀ ਆਈ (ਐੱਮ) ਦੇ ਆਗੂ ਨਰਿੰਦਰ ਜੌਹਲ, ਤਹਿਸੀਲ ਸਕੱਤਰ ਸੀ ਪੀ ਆਈ (ਐੱਮ) ਸ਼ਾਹਕੋਟ ਵਰਿੰਦਰਪਾਲ ਸਿੰਘ ਕਾਲਾ, ਬਚਿੱਤਰ ਸਿੰਘ ਤੱਗੜ, ਡੀ ਵਾਈ ਐੱਫ ਆਈ ਦੇ ਆਗੂ ਸੁਖਵਿੰਦਰ ਨਾਗੀ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਕੇਵਲ ਸਿੰਘ ਦਾਨੇਵਾਲ, ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਸਿਕੰਦਰ ਸੰਧੂ, ਕੁਲ ਹਿੰਦ ਮਜ਼ਦੂਰ ਯੂਨੀਅਨ ਦੇ ਆਗੂ ਮੂਲ ਚੰਦ ਸਰਹਾਲੀ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ ਕਰਤਾਰਪੁਰ ਅਤੇ ਭੱਠਾ ਮਜ਼ਦੂਰਾਂ ਦੇ ਆਗੂ ਸੁਨੀਲ ਕੁਮਾਰ ਰਾਜੇਵਾਲ ਆਦਿ ਨੇ ਸੰਬੋਧਨ ਕੀਤਾ।

## ਐੱਸ ਡੀ ਐੱਮ ਨੇ ਲਿਫਟਿੰਗ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ )**-ਮਾਛੀਵਾੜਾ ਅਨਾਜ ਮੰਡੀ ਵਿੱਚ ਐੱਸ.ਡੀ.ਐੱਮ. ਸਮਰਾਲਾ ਰਜਨੀਸ਼ ਅਰੋੜਾ ਨੇ ਲਿਫਟਿੰਗ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਤੇ ਆੜ੍ਹਤੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਡੀ.ਐੱਮ. ਅਰੋੜਾ ਨੇ ਦੱਸਿਆ ਕਿ ਹੁਣ ਤੱਕ ਮਾਛੀਵਾੜਾ ਮੰਡੀ ਤੇ ਉਪ ਖਰੀਦ ਕੇਂਦਰ ਸ਼ੇਰਪੁਰ ਬੇਟ, ਬੁਰਜ ਪਵਾਤ, ਹੇੜੋਂ ਬੇਟ, ਲੱਖੋਵਾਲ ਕਲਾਂ ਵਿੱਚ 7 ਲੱਖ 11 ਹਜ਼ਾਰ ਕੁਇੰਟਲ ਕਣਕ ਦੀ ਖਰੀਦ ਹੋ ਚੁੱਕੀ ਹੈ ਤੇ ਲੱਗਭਗ ਇਸ 'ਚੋਂ 4 ਲੱਖ 50 ਹਜ਼ਾਰ ਕੁਇੰਟਲ ਤੋਂ ਵੱਧ ਫਸਲ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਲੁਧਿਆਣਾ ਜ਼ਿਲ੍ਹਾ ਫਸਲ ਢੋਆ-ਢੁਆਈ ਦੇ ਮਾਮਲੇ ਵਿੱਚ ਪੰਜਾਬ 'ਚੋਂ ਦੂਜੇ ਨੰਬਰ 'ਤੇ ਹੈ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਦੀਆਂ ਹਦਾਇਤਾਂ 'ਤੇ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾ ਰਹੀ ਹੈ। ਇਸ ਮੌਕੇ ਆੜ੍ਹਤੀ ਐਸੋ. ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਫਸਲ ਖਰੀਦ ਦਾ ਕੰਮ ਲੱਗਭਗ ਮੁਕੰਮਲ ਹੋਣ ਨੇੜੇ ਹੈ, ਜਦਕਿ ਫਸਲ ਦੀ ਢੋਆ-ਢੁਆਈ ਵੀ 70 ਫੀਸਦੀ ਤੋਂ ਵੱਧ ਹੋ ਚੁੱਕੀ ਹੈ, ਇਸ ਲਈ ਹੁਣ ਆੜ੍ਹਤੀਆਂ ਨੂੰ ਕੋਈ ਸਮੱਸਿਆ ਨਹੀਂ। ਇਸ ਮੌਕੇ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ, ਸਕੱਤਰ ਮਨਜਿੰਦਰ ਸਿੰਘ, ਠੇਕੇਦਾਰ ਮਹਿੰਦਰ ਸਿੰਘ, ਸਨੀ ਸੂਦ, ਜੈਦੀਪ ਕਾਹਲੋਂ (ਸਾਰੇ ਆੜ੍ਹਤੀ), ਗੋਗਨ ਕੁਮਾਰ ਮੌਜੂਦ ਸਨ।

## ਸਰਕਾਰੀ ਸਕੂਲ ਤੱਖਰਾਂ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ )**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੱਖਰਾਂ ਦਾ ਅੱਠਵੀਂ, ਦਸਵੀਂ ਤੇ ਬਾਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਕਵਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਠਵੀਂ ਜਮਾਤ 'ਚੋਂ ਕੁਲਵਿੰਦਰ ਕੌਰ ਨੇ 94.33 ਪ੍ਰਤੀਸ਼ਤ (566/600) ਅੰਕ ਪ੍ਰਾਪਤ ਕਰਕੇ ਪਹਿਲਾ, ਦਸਵੀਂ 'ਚੋਂ ਆਯੂਸ਼ ਕੁਮਾਰ ਨੇ 91.84 ਪ੍ਰਤੀਸ਼ਤ (597/650) ਅੰਕ ਪ੍ਰਾਪਤ ਕਰਕੇ ਪਹਿਲਾ ਤੇ ਬਾਰਵੀਂ ਜਮਾਤ 'ਚੋਂ ਸਰਵਨਪ੍ਰੀਤ ਕੌਰ ਨੇ 94 ਪ੍ਰਤੀਸ਼ਤ (470/500) ਅੰਕ ਪ੍ਰਾਪਤ ਕਰ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਇਸ ਮੌਕੇ ਸਮੂਹ ਸਟਾਫ਼ ਮੈਂਬਰਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਹਰ ਸੰਘਰਸ਼ ਦੀ ਜਿੱਤ 'ਚ ਔਰਤਾਂ ਦੀ ਸ਼ਮੂਲੀਅਤ ਜ਼ਰੂਰੀ : ਐਡਵੋਕੇਟ ਬਲਵੀਰ ਕੌਰ



**ਜਗਰਾਉਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਔਰਤਾਂ ਦੀ ਮੀਟਿੰਗ ਲੱਖਾਂ ਵਿਖੇ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਐਡਵੋਕੇਟ ਬਲਵੀਰ ਕੌਰ ਮਾਨਸਾ ਨੇ ਦੱਸਿਆ ਕਿ ਦਿੱਲੀ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋ ਕੇ ਤਿੰਨ ਕਿਸਾਨ ਮਾਰੂ ਕਨੂੰਨ ਰੱਦ ਕਰਵਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਔਰਤਾਂ ਨੂੰ ਹੱਕ, ਸੱਚ ਤੇ ਇਨਸਾਫ ਲਈ ਲੜਨ ਦਾ ਸੱਦਾ ਦਿੱਤਾ।ਕਿਸਾਨ ਆਗੂਆਂ ਸ਼ਿੰਦਰ ਕੌਰ ਮਾਨਸਾ, ਕੁਲਵਿੰਦਰ ਕੌਰ ਅਕਲੀਆਂ ਨੇ ਔਰਤਾਂ ਨੂੰ ਪਿੰਡਾਂ ਵਿੱਚ ਇਕਾਈਆਂ ਬਣਾ ਕੇ ਲਾਮਬੰਦ ਹੋਣ ਦਾ ਸੱਦਾ ਦਿੱਤਾ।ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ ਨੇ ਦੱਸਿਆ ਕਿ ਸੰਸਦ ਚੋਣਾਂ ਵਿੱਚ ਭਾਜਪਾ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੋਂ ਚੋਣਾਂ ਵਿੱਚ ਕੀਤੇ ਵਾਅਦੇ ਨਾ ਪੂਰੇ ਕਰਨ ਤੇ ਕਿਸਾਨ ਅੰਦੋਲਨ ਵਿੱਚ ਕਿਸਾਨਾਂ ਨਾਲ ਕੀਤੀ ਵਾਅਦਾ ਖਿਲਾਫੀ ਨਾਲ ਜੁੜਦੇ ਤਿੱਖੇ ਸਵਾਲ ਸ਼ਾਂਤਮਈ ਢੰਗ ਨਾਲ ਕੀਤੇ ਜਾਣਗੇ।ਇਸ ਮੌਕੇ ਬਲਾਕ ਪ੍ਰਧਾਨ ਹਰਚੰਦ ਸਿੰਘ ਢੋਲਣ-ਜਗਰਾਓਂ, ਕਰਮ ਸਿੰਘ, ਜ਼ਿਲ੍ਹਾ ਖਜ਼ਾਨਚੀ ਸਤਿਬੀਰ ਸਿੰਘ, ਬਲਜਿੰਦਰ ਸਿੰਘ, ਕਲਦੀਪ ਸਿੰਘ, ਚਮਕੌਰ ਸਿੰਘ ਗਿੱਲ, ਸੁਖਵਿੰਦਰ ਸਿੰਘ ਫੌਜੀ, ਪ੍ਰਧਾਨ ਸਾਧੂ ਸਿੰਘ, ਸਰਪੰਚ ਜਸਵੀਰ ਸਿੰਘ ਆਦਿ ਹਾਜ਼ਰ।

## ਪ੍ਰਜਾਪਤ ਸਮਾਜ ਚੋਣਾਂ 'ਚ ਦਿਖਾਏਗਾ ਇਕਜੁਟਤਾ : ਐਡਵੋਕੇਟ ਵਰਮਾ



**ਕੋਟਕਪੂਰਾ (ਰਛਪਾਲ ਭੁੱਲਰ)**-ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪ੍ਰਜਾਪਤ ਸਮਾਜ ਦੀ ਇੱਕ ਅਹਿਮ ਮੀਟਿੰਗ ਐਡਵੋਕੇਟ ਅਜੀਤ ਵਰਮਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਮੋਗਾ ਸ਼ਹਿਰ ਦੇ ਪ੍ਰਜਾਪਤ ਸਮਾਜ ਦੇ ਅਹੁਦੇਦਾਰ ਤੇ ਸੀਨੀਅਰ ਮੈਂਬਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦੇ ਐਡਵੋਕੇਟ ਅਜੀਤ ਵਰਮਾ, ਜੈ ਚੰਦ ਬੇਵਾਲ, ਹੰਸ ਰਾਜ, ਚੌਧਰੀ ਖੁਸ਼ੀ ਰਾਮ, ਹਰੀ ਵਰਮਾ, ਧਰਮਵੀਰ ਸੁੱਖੀ ਤੇ ਮਿੱਠੂ ਪ੍ਰਜਾਪਤ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਲਈ ਸਾਰਾ ਪ੍ਰਜਾਪਤ ਸਮਾਜ ਇਕਜੁੱਟ ਹੈ ਤੇ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਉਚਿਤ ਉਮੀਦਵਾਰ ਨੂੰ ਵੋਟਾਂ ਪਾਵੇਗਾ।ਉਨ੍ਹਾਂ ਆਖਿਆ ਕਿ ਰਾਜਨੀਤਕ ਦਲਾਂ ਵੱਲੋਂ ਹਮੇਸ਼ਾ ਹੀ ਪ੍ਰਜਾਪਤ ਸਮਾਜ ਨੂੰ ਅਣਦੇਖਿਆ ਕੀਤਾ ਗਿਆ ਤੇ ਸਮਾਜ ਦੀਆਂ ਬੁਨਿਆਦੀ ਸਮੱਸਿਆਵਾ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਨਾ ਹੀ ਪ੍ਰਜਾਪਤ ਸਮਾਜ ਨੂੰ ਬਣਦਾ ਮਾਣ ਸਨਮਾਨ ਦਿੱਤਾ ਗਿਆ, ਪਰ ਹੁਣ ਪ੍ਰਜਾਪਤ ਸਮਾਜ ਜਾਗਰੂਕ ਹੋ ਚੁੱਕਿਆ ਹੈ। ਇਸ ਮੌਕੇ ਪੁੱਜੇ ਸਮੂਹ ਪ੍ਰਜਾਪਤ ਸਮਾਜ ਦੇ ਮੈਂਬਰਾਂ ਨੇ ਇਕਜੁੱਟਤਾ ਦਾ ਹੁੰਗਾਰਾ ਭਰਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਕੇਸ਼ ਕੁਮਾਰ, ਰਾਜੇਸ਼ ਕੁਮਾਰ, ਪਵਨ ਕੁਮਾਰ, ਸੁਮਿਤ ਕੁਮਾਰ, ਸੰਦੀਪ ਕੁਮਾਰ, ਦਲੀਪ ਕੁਮਾਰ, ਗੋਗਾ ਰਾਮ, ਤਰਸੇਮ ਕੁਮਾਰ, ਧਰਮ ਪਾਲ, ਅਸ਼ੋਕ ਕੁਮਾਰ, ਅਰਜਨ ਰਾਮ ਆਦਿ ਹਾਜ਼ਰ ਸਨ।

## ਪੰਜਵੀਂ 'ਚੋਂ ਸੌ ਫੀਸਦੀ ਅੰਕ ਲੈਣ ਵਾਲੇ ਅਭਿਜੋਤ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਵੀਂ ਜਮਾਤ ਵਿੱਚੋਂ ਪੂਰੇ ਦੇ ਪੂਰੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਹਰਿਆਊ ਖੁਰਦ ਵਿੱਚ ਸਕੂਲ ਅਧਿਆਪਕਾਂ ਤੇ ਪਤਵੰਤੇ ਸੱਜਣਾਂ ਵੱਲੋਂ ਸਕੂਲ ਵਿੱਚ ਸਨਮਾਨਤ ਕੀਤਾ ਗਿਆ।ਸਰਕਾਰੀ ਪ੍ਰਾਇਮਰੀ ਸਕੂਲ ਹਰਿਆਊ ਖੁਰਦ ਦੇ ਮੁੱਖ ਅਧਿਆਪਕ ਰੀਤੂ ਰਾਣੀ ਨੇ ਦੱਸਿਆ ਕਿ ਉਨ੍ਹਾਂ ਕੋਲ ਪਿੰਡ ਹਰਿਆਊ ਕਲਾਂ ਦਾ ਬੱਚਾ ਵੀ ਅਭਿਜੋਤ ਸਿੰਘ ਪੁੱਤਰ ਪ੍ਰਗਟ ਸਿੰਘ ਪੜ੍ਹਦਾ ਸੀ, ਜਿਸ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਪੰਜਵੀਂ ਦੀ ਪ੍ਰੀਖਿਆ ਵਿੱਚੋਂ ਪੂਰੇ ਦੇ ਪੂਰੇ ਅੰਕ ਲੈ ਕੇ ਪਿੰਡ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸ ਬੱਚੇ ਨੇ ਨਵੋਦਿਆ ਸਕੂਲ ਲਈ ਟੈਸਟ ਦਿੱਤਾ ਸੀ, ਉਹ ਵੀ ਪਾਸ ਕਰ ਲਿਆ ਹੈ। ਸਕੂਲ ਪ੍ਰਬੰਧਕਾਂ ਤੇ ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਅਭਿਜੋਤ ਸਿੰਘ ਦੀ ਹੌਸਲਾ ਅਫਜ਼ਾਈ ਤੇ ਹੋਰ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਸਨਮਾਨਤ ਕਰਕੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਹੈ।

## ਐਡਵੋਕੇਟ ਝੂੰਦਾਂ ਵੱਲੋਂ ਹਲਕੇ ਦੇ ਪਿੰਡਾਂ 'ਚ ਚੋਣ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਇਕਬਾਲ ਸਿੰਘ ਝੂੰਦਾਂ ਨੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਪਿੰਡਾਂ ਗੁੰਮਟੀ, ਮਾਂਗੇਵਾਲ, ਕੁਰੜ, ਛਾਪਾ, ਲੋਹਗੜ੍ਹ ਆਦਿ ਚ ਚੋਣ ਮੀਟਿੰਗਾਂ ਕਰ ਕੇ ਵੋਟਰਾਂ ਤੋਂ ਸਹਿਯੋਗ ਦੀ ਮੰਗ ਕੀਤੀ।ਇਸ ਮੌਕੇ ਉਮੀਦਵਾਰ ਝੂੰਦਾਂ ਨੇ ਕਿਹਾ ਕਿ ਲੋਕ ਵੱਲੋਂ ਦਿੱਤੀ ਜਾਣ ਵਾਲੀ ਤਾਕਤ ਦੇ ਸਦਕਾ ਉਹ ਲੋਕ ਸਭਾ ਅੰਦਰ ਪੰਥ, ਪੰਜਾਬ ਤੇ ਕਿਸਾਨਾਂ ਦੇ ਹਿੱਤਾਂ ਦੀ ਡੱਟ ਕੇ ਪਹਿਰੇਦਾਰੀ ਕਰਨਗੇ।ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਹੈ, ਜਿਸ ਦਾ ਮਜ਼ਬੂਤ ਹੋਣਾ ਸੂਬੇ ਦੇ ਲੋਕਾਂ ਲਈ ਬੇਹੱਦ ਜ਼ਰੂਰੀ ਹੈ।ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਨਿਧੜਕ ਆਗੂ ਇਕਬਾਲ ਸਿੰਘ ਝੂੰਦਾਂ ਚੋਣ ਲੜ ਰਹੇ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਵਧੇਰੇ ਕਾਬਲ ਤੇ ਮਜ਼ਬੂਤ ਉਮੀਦਵਾਰ ਹਨ।ਇਸ ਲਈ ਹਲਕੇ ਦੇ ਸਮੂਹ ਲੋਕ ਦਰਵੇਸ਼ ਸਿਆਸਤਦਾਨ ਜਥੇ ਝੂੰਦਾਂ ਨੂੰ ਆਪਣਾ ਇਕੋ ਇਕ ਕੀਮਤੀ ਵੋਟ ਪਾ ਕੇ ਕਾਮਯਾਬ ਬਣਾਉਣ।

## ਜਗਰਾਓਂ ਡੀਪੂ ਏਟਕ ਜਥੇਬੰਦੀ ਦੀ ਚੋਣ, ਕੁਲਦੀਪ ਸਿੰਘ ਪ੍ਰਧਾਨ ਬਣੇ



**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਰੋਡਵੇਜ਼ ਜਗਰਾਓਂ ਡੀਪੂ ਦੀ ਏਟਕ ਜਥੇਬੰਦੀ ਦੀ ਚੋਣ ਸੁਪਰਸਤ ਗੁਰਦੀਪ ਸਿੰਘ ਮੋਤੀ ਤੇ ਜਗਦੀਸ਼ ਸਿੰਘ ਚਾਹਲ ਸੂਬਾ ਜਰਨਲ ਸਕੱਤਰ ਦੀ ਹਾਜ਼ਰੀ ਵਿੱਚ ਹੋਈ।ਇਹ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਜਗਸੀਰ ਸਿੰਘ ਨੇਰੀ ਚੇਅਰਮੈਨ, ਕੁਲਦੀਪ ਸਿੰਘ ਪ੍ਰਧਾਨ, ਰਸਾਲ ਸਿੰਘ ਜਰਨਲ ਸਕੱਤਰ, ਅਮਰਜੀਤ ਸਿੰਘ ਮੱਲ੍ਹਾ ਤੇ ਅਮਰ ਦੇਵ ਸਿੰਘ ਸੀਨੀਅਰ ਮੀਤ ਪ੍ਰਧਾਨ, ਅਮ੍ਰਿਤਪਾਲ ਡਿਪਟੀ ਜਰਨਲ ਸਕੱਤਰ, ਬਲਵਿੰਦਰ ਸਿੰਘ ਚੂਹੜ ਚੱਕ ਕੈਸ਼ੀਅਰ, ਹਰਮੀਤ ਸਿੰਘ ਵਾਇਸ ਪ੍ਰਧਾਨ ਦੀ ਚੋਣ ਕੀਤੀ ਗਈ।ਇਸ ਸਮੇਂ ਨਵੀਂ ਬਾਡੀ ਵੱਲੋਂ ਭਰੋਸਾ ਦਿੱਤਾ ਗਿਆ ਕਿ ਜਥੇਬੰਦੀ ਦੀ ਚੜ੍ਹਦੀ ਕਲਾ ਨਾਲ ਇੱਕਜੁੱਟ ਹੋ ਕੇ ਕੰਮ ਕਰਨਗੇ।

ਵਰਕਰਾਂ ਦੀਆਂ ਮੰਗਾਂ ਪ੍ਰਤੀ ਚੱਲ ਰਹੇ ਸੰਘਰਸ਼ ਵਿੱਚ ਪੂਰਨ ਯੋਗਦਾਨ ਪਾਉਣਗੇ।ਸਾਰੇ ਸਾਥੀਆਂ ਨੇ ਚੁਣੇ ਹੋਏ ਅਹੁਦੇਦਾਰਾਂ ਦਾ ਹਾਰ ਪਾ ਕੇ ਸਵਾਗਤ ਕੀਤਾ।ਇਸ ਸਮੇਂ ਉਨ੍ਹਾਂ ਨਾਲ ਪਰਮਜੀਤ ਸਿੰਘ ਪੰਮੀ, ਪ੍ਰਿਤਪਾਲ ਪਿੰਡੋਰੀ, ਹਰਪਾਲ ਸਿੰਘ, ਜਸਵੀਰ ਸਿੰਘ, ਮਨਪ੍ਰੀਤ ਸਿੰਘ, ਗੁਰਭੇਜ ਸਿੰਘ, ਅਵਤਾਰ ਸਿੰਘ, ਜਗਸੀਰ ਸਿੰਘ, ਜਗਰੂਪ ਸਿੰਘ, ਰਜਿੰਦਰ ਸਿੰਘ, ਬਲਜੀਤ ਬਿੱਲੂ, ਬਿੰਦਰ ਸਿੰਘ, ਦਲਜੀਤ ਸਿੰਘ, ਸੀਤਲ ਸਿੰਘ ਆਦਿ ਹਾਜ਼ਰ ਸਨ।

# ਹਰਸਿਮਰਤ ਕੌਰ ਬਾਦਲ ਵੱਲੋਂ ਕਾਂਗਰਸ ਤੇ 'ਆਪ' ਨੂੰ ਚੁਣੌਤੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐਮ.ਪੀ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਇਸ ਹਲਕੇ ਵਿੱਚ ਲਿਆਂਦਾ ਵੀ ਵੱਡਾ ਪ੍ਰਾਜੈਕਟ ਗਿਣਵਾਉਣ ਅਤੇ ਕਿਹਾ ਕਿ ਇਸ ਹਲਕੇ ਨੂੰ ਤਾਂ ਛੱਡੋ ਕਾਂਗਰਸ ਤੇ ਆਪ ਨੇ ਤਾਂ ਨਾਗਰਿਕ ਸਹੂਲਤਾਂ ਨੂੰ ਬਰਬਾਦ ਕੀਤਾ ਤੇ ਦਿਹਾਤੀ ਇਲਾਕਿਆਂ ਨੂੰ ਅਣਡਿੱਠ ਕੀਤਾ।

ਬਠਿੰਡਾ ਦੇ ਐਮ ਪੀ, ਜਿਨ੍ਹਾਂ ਨੇ ਪਾਰਟੀ ਦਫਤਰ ਦਾ ਉਦਘਾਟਨ ਕੀਤਾ, ਜਿਥੇ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ, ਨੇ ਕਿਹਾ ਕਿ ਉਹ ਮਾਣ ਨਾਲ ਕਹਿ ਸਕਦੇ ਹਨ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਠਿੰਡਾ ਨੂੰ ਇਕ ਨਮੂਨੇ ਦਾ ਪਾਰਲੀਮਾਨੀ ਹਲਕਾ ਬਣਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਮੇਂ ਦੀਆਂ ਅਕਾਲੀ ਸਰਕਾਰਾਂ ਨੇ ਨਾ ਸਿਰਫ ਇਸ ਹਲਕੇ ਵਿਚ ਰਿਫਾਇਨਰੀ ਸਥਾਪਤ ਕਰਾਈ, ਬਲਕਿ ਇਥੇ ਏਮਜ਼ ਤੇ ਕੇਂਦਰੀ ਯੂਨੀਵਰਸਿਟੀ ਵੀ ਲਿਆਂਦੀ।ਉਨ੍ਹਾਂ ਕਿਹਾ ਕਿ ਕੈਂਸਰ ਹਸਪਤਾਲ ਖੋਲ੍ਹਣ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਤਕਨੀਕੀ ਯੂਨੀਵਰਸਿਟੀ ਸਥਾਪਤ ਕੀਤੀ।ਸਾਡੀ ਸਰਕਾਰ ਨੇ ਇਸ ਸ਼ਹਿਰ ਵਿਚ ਹਵਾਈ ਅੱਡਾ ਸਥਾਪਤ ਕੀਤਾ ਤੇ ਦਿੱਲੀ ਲਈ ਰੇਲ ਸੇਵਾਵਾਂ ਦਾ ਵਿਸਥਾਰ ਕੀਤਾ ਤੇ ਹੋਰ ਥਾਵਾਂ ਨਾਲ ਕਲੈਕਟੀਵਿਟੀ ਸੁਧਾਰੀ।

ਸਰਦਾਰਨੀ ਬਾਦਲ ਨੇ ਕਿਹਾ ਕਿ ਕਾਂਗਰਸ ਤੇ ਆਪ ਦੋਵੇਂ ਸਰਕਾਰਾਂ ਬਠਿੰਡਾ ਨੂੰ ਇਕ ਦਹਾਕਾ ਪਿੱਛੇ ਲੈ ਗਈਆਂ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਨਾਲ-ਨਾਲ ਪਾਰਲੀਮਾਨੀ ਹਲਕੇ ਦਾ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੀ ਇਕਲੌਤੀ ਪ੍ਰਾਪਤੀ ਬਠਿੰਡਾ ਥਰਮਲ ਪਲਾਂਟ ਬੰਦ ਕਰਾਉਣਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸ਼ਹਿਰ ਨੂੰ ਪੂਰੀ ਤਰ੍ਹਾਂ ਅਣਗਲਿਆ ਹੈ।ਸਾਰੇ ਸਿਵਲ ਬੁਨਿਆਦੀ ਢਾਂਚੇ ਦਾ ਬੁਰਾ ਹਾਲ ਹੈ ਭਾਵੇਂ ਉਹ ਸੜਕਾਂ ਹੋਣ ਜਾਂ ਸੀਵਰੇਜ ਸਹੂਲਤਾਂ ਹੋਣ।ਉਨ੍ਹਾਂ ਕਿਹਾ ਕਿ ਬਰਸਾਤਾਂ ਦੌਰਾਨ ਵਾਰ-ਵਾਰ ਆਉਂਦੇ ਹੜ੍ਹਾਂ ਦੇ ਮਸਲੇ ਦੀ ਹੱਲ ਵਾਸਤੇ ਕੁਝ ਨਹੀਂ ਕੀਤਾ ਤੇ ਲੋਕਾਂ ਨੂੰ ਸਟ੍ਰੀਟ ਲਾਈਟ ਵਰਗੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਮਿਲ ਰਹੀਆਂ।ਬਠਿੰਡਾ ਵਿਧਾਨ ਸਭਾ ਹਲਕੇ ਦੇ ਇੰਚਾਰਜ ਇਕਬਾਲ ਸਿੰਘ ਬੱਬਲੀ ਢਿੱਲੋਂ, ਮੋਹਿਤ ਗੁਪਤਾ ਤੇ ਬਲਬੀਰ ਸਿੰਘ ਬੀੜਬਹਿਮਣ ਦੇ ਨਾਲ ਲੋਕਾਂ ਨਾਲ ਮੁਲਾਕਾਤ ਕਰਦਿਆਂ ਬਠਿੰਡਾ ਦੇ ਐਮ ਪੀ ਨੇ ਲੋਕਾਂ ਨੂੰ ਚੌਕਸ ਕੀਤਾ ਕਿ ਉਹ ਕਾਂਗਰਸ ਤੇ ਆਪ ਦਰਮਿਆਨ ਹੋ ਰਹੇ ਦੋਸਤਾਨਾ ਮੈਚ ਤੋਂ ਸੁਚੇਤ ਰਹਿਣ।

## ਡਾ. ਬਲਬੀਰ ਸਿੰਘ ਵੱਲੋਂ ਪ੍ਰਨੀਤ ਕੌਰ ਤੇ ਡਾ. ਗਾਂਧੀ 'ਤੇ ਤਿੱਖੇ ਹਮਲੇ



ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਹੇਠ ਤੂਫਾਨੀ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਹਲਕਾ ਸ਼ੁਤਰਾਣਾ ਦੇ ਪਿੰਡ ਦੋਦੜਾ, ਕੁਲਾਰਾਂ, ਬੁਜਰਕ, ਮਵੀ, ਕਕਰਾਲਾ, ਘੱਗਾ, ਬਰਾਸ, ਧੂਹੜ, ਦੁਗਾਲ ਹਾਮਝੇੜੀ ਅਤੇ ਪਾਤੜਾਂ ਵਿਖੇ ਚੋਣ ਮੀਟਿੰਗਾਂ ਕੀਤੀਆਂ। ਉਪਰੰਤ ਸ਼ਹਿਰ ਦੇ ਕਾਰ ਬਾਜ਼ਾਰ ਵਿੱਚ ਭਿੰਡਰ ਕਾਰ ਪੈਲਿਸ ਵਿਖੇ ਆਪ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੂੰ ਲੱਡੂਆਂ ਨਾਲ ਤੋਲਿਆ ਗਿਆ।

ਚੋਣ ਮੀਟਿੰਗ ਕਰਨ ਸੰਬੋਧਨ ਕਰਦਿਆਂ ਆਪ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਭਾਜਪਾ ਕਿਸਾਨਾਂ ਦੀ ਕਾਤਲ ਪਾਰਟੀ ਹੈ।ਦਿੱਲੀ ਕਿਸਾਨ ਅੰਦੋਲਨ ਦੌਰਾਨ ਸਾਢੇ ਸੱਤ ਸੌ ਕਿਸਾਨਾਂ ਨੂੰ ਸ਼ਹੀਦ ਕਰਕੇ ਵੀ ਇਸ ਦਾ ਦਿਲ ਨਹੀਂ ਭਰਿਆ।ਖਨੌਰੀ ਬਾਰਡਰ ਤੇ ਨੌਜਵਾਨ ਕਿਸਾਨ ਸ਼ੁਭਕਰਨ ਨੂੰ ਸਿੱਧੀ ਗੋਲੀ ਮਾਰੀ ਗਈ ਤੇ ਹੁਣ ਭਾਜਪਾ ਉਮੀਦਵਾਰ ਪਰਨੀਤ ਕੌਰ ਦੇ ਵਿਰੋਧ ਦੌਰਾਨ ਭਾਜਪਾ ਦੇ ਗੁੰਡਿਆਂ ਵੱਲੋਂ ਇੱਕ ਹੋਰ ਕਿਸਾਨ ਸ਼ਹੀਦ ਕਰ ਦਿੱਤਾ ਗਿਆ।ਉਨ੍ਹਾਂ ਪ੍ਰਨੀਤ ਕੌਰ ਉਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਆਪਣੇ 15 ਸਾਲ ਦੀ ਕਾਰਜਕਾਲ ਦੌਰਾਨ ਹਲਕੇ ਲਈ ਕੋਈ ਵੀ ਗਿਣਨਯੋਗ ਕੰਮ ਨਹੀਂ ਕੀਤਾ।ਕਾਂਗਰਸੀ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਲੰਮੇ ਹੱਥੀ ਲੈਂਦਿਆਂ ਉਨ੍ਹਾਂ ਕਿਹਾ ਕਿ 15 ਕਰੋੜ ਦੀ ਲਾਗਤ ਨਾਲ ਨਵੇਂ ਹਸਪਤਾਲ ਦੀ ਉਸਾਰੀ ਕਰਨ ਵਾਲੇ ਨੇ ਇਮਾਨਦਾਰੀ ਦਾ ਬੁਰਕਾ ਪਾਇਆ ਹੋਇਆ ਹੈ।ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ 'ਆਪ' ਉਮੀਦਵਾਰ ਨੂੰ ਵੱਡੀਆਂ ਵੋਟਾਂ ਨਾਲ ਜਿਤਾ ਕੇ ਭੇਜਣ ਦਾ ਭਰੋਸਾ ਦਿੱਤਾ।

## ਕਿਸਾਨ ਵੀਰ ਕਣਕ ਦੇ ਨਾੜ ਨੂੰ ਅੱਗ ਲਾਉਣ ਤੋਂ ਪ੍ਰਹੇਜ਼ ਕਰਨ : ਸੰਧੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸਮਾਜ ਸੇਵੀ ਸੰਸਥਾ 'ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਕਿਸਾਨ ਵੀਰਾਂ ਨੂੰ ਮੁਖਾਤਬ ਹੁੰਦਿਆਂ ਆਖਿਆ ਕਿ ਕਣਕ ਵੱਢਣ ਤੋਂ ਬਾਅਦ ਕਣਕ ਦੀ ਨਾੜ ਨੂੰ ਅੱਗ ਨਾ ਲਈ ਜਾਵੇ। ਉਨ੍ਹਾਂ ਆਖਿਆ ਕਿ ਬੇਸ਼ੱਕ ਪਹਿਲਾਂ ਨਾਲੋਂ ਕਣਕ ਦੀ ਨਾੜ ਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਰੁਝਾਨ ਬਹੁਤ ਘਟ ਚੁੱਕਾ ਹੈ, ਫਿਰ ਵੀ ਕਈ ਥਾਂਵਾਂ 'ਤੇ ਦੇਖਿਆ ਜਾਂਦਾ ਹੈ ਕਿ ਅੱਗ ਲਾਉਣ ਤੋਂ ਬਾਅਦ ਸੜਕ ਜਾਂ ਪਹੀਆਂ ਦੇ ਕੰਢਿਆਂ ਤੇ ਖੜੇ ਜੰਗਲਾਤ ਵਿਭਾਗ ਤੇ ਕਿਸਾਨਾਂ ਦੇ ਆਪਣੇ ਖੇਤਾਂ ਵਿੱਚ ਖੜੇ ਦਰੱਖਤ ਤੇ ਪੰਛੀਆਂ ਦੇ ਆਲ੍ਹਣੇ ਬੁਰੀ ਤਰ੍ਹਾਂ ਝੁਲਸ ਜਾਂਦੇ ਹਨ। ਉਨ੍ਹਾਂ ਆਖਿਆ ਕਿ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਨਾਲੋਂ ਗੁਆਂਢੀ ਰਾਜਾਂ ਦੇ ਖੇਤਾਂ ਵਿੱਚ ਵੱਧ ਦਰੱਖਤ ਦੇਖਣ ਨੂੰ ਮਿਲ ਰਹੇ ਹਨ, ਜਦਕਿ ਵਾਤਾਵਰਣ ਦੀ ਵਧ ਰਹੀ ਸਮੱਸਿਆ ਤੇ ਅਨੇਕਾਂ ਮਾਰੂ ਰੋਗ ਦਰੱਖਤਾਂ ਦੇ ਘਟਣ ਕਾਰਨ ਮਨੁੱਖੀ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਫੈਕਟਰੀਆਂ ਤੇ ਕਾਰਖਾਨਿਆਂ ਦੇ ਮਾਲਕਾਂ ਨੂੰ ਚਿਮਨੀਆਂ ਵਿੱਚੋਂ ਨਿਕਲਣ ਵਾਲੇ ਮਾਰੂ ਧੂੰਏਂ ਦੇ ਬਦਲ ਲਈ ਢੁੱਕਵੇਂ ਪ੍ਰਬੰਧ ਕਰਨ ਦੀ ਅਪੀਲ ਕੀਤੀ। ਸੰਧੂ ਨੇ ਆਖਿਆ ਕਿ ਆਧੁਨਿਕ ਤਕਨੀਕ ਨਾਲ ਫੈਕਟਰੀਆਂ ਤੇ ਕਾਰਖਾਨੇ ਵਿੱਚੋਂ ਨਿਕਲਣ ਵਾਲੇ ਧੂੰਏ ਦੀ ਵਾਤਾਵਰਣ ਵਿੱਚ ਹੋਂਦ ਨੂੰ ਘਟਾਇਆ ਜਾਂ ਬਿਲਕੁਲ ਖਤਮ ਵੀ ਕੀਤਾ ਜਾ ਸਕਦਾ ਹੈ।

# ਡੇਢ ਕਿੱਲੋ ਹੈਰੋਇਨ ਤੇ ਕਾਰ ਸਮੇਤ 3 ਸਮਗਲਰ ਗ੍ਰਿਫ਼ਤਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ 3 ਨਸ਼ਾ ਸਮੱਗਲਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 1 ਕਿੱਲੋ 500 ਗ੍ਰਾਮ ਹੈਰੋਇਨ ਤੇ ਕਾਰ ਸਵੀਫਟ ਕਾਰ ਬਰਾਮਦ ਕੀਤੀ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਮੋਗਾ ਵਿਵੇਕ ਸ਼ੀਲ ਸੋਨੀ ਦੱਸਿਆ ਕਿ ਬੀਤੇ ਸ਼ੁੱਕਰਵਾਰ ਇੰਸਪੈਕਟਰ ਦਲਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਮੋਗਾ ਦੀ ਨਿਗਰਾਨੀ ਹੇਠ ਸ ਥ ਬਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਦੇ ਸਬੰਧ ਵਿੱਚ ਪੁਲ ਸੇਮ, ਨੇੜੇ ਦਸਮੇਸ਼ ਸਕੂਲ, ਅਮ੍ਰਿਤਸਰ ਰੋਡ, ਕੋਟ ਈਸੇ ਖਾਂ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਚਰਨ ਸਿੰਘ ਉਰਫ ਗੰਜਾ ਪੁੱਤਰ ਪਰਮਜੀਤ ਸਿੰਘ ਵਾਸੀ ਚੀਮਾ ਰੋਡ ਕੋਟ ਈਸੇ ਖਾਂ, ਗੁਰਜੰਟ ਸਿੰਘ ਉਰਫ ਜੰਟਾ ਪੁੱਤਰ ਸੁਬੇਗ ਸਿੰਘ ਵਾਸੀ ਚੀਮਾ ਰੋਡ ਕੋਟ ਈਸੇ ਖਾਂ ਅਤੇ ਸੰਦੀਪ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਸੁੰਦਰ ਨਗਰ ਕੋਟ ਈਸੇ ਖਾਂ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਤੇ ਅੱਜ ਹਰੀਕੇ ਸਾਇਡ ਤੋ ਭਾਰੀ ਮਾਤਰਾ ਵਿੱਚ ਹੈਰੋਇਨ ਲੈ ਕੇ ਕਾਰ ਮਾਰੂਤੀ ਸਜ਼ੂਕੀ ਡਿਜ਼ਾਇਰ 'ਤੇ ਸਵਾਰ ਹੋ ਕੇ ਕੋਟ ਈਸੇ ਖਾਂ ਵੱਲ ਨੂੰ ਆ ਰਹੇ ਹਨ। ਜੇਕਰ ਹੁਣੇ ਹੀ ਅਮ੍ਰਿਤਸਰ ਰੋਡ, ਕੋਟ ਈਸੇ ਖਾਂ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਇਹ ਤਿੰਨੇ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਕਾਬੂ ਆ ਸਕਦੇ ਹਨ, ਜਿਸ 'ਤੇ ਉਕਤ ਵਿਅਕਤੀਆਂ ਖਿਲਾਫ ਮੁਕੱਦਮਾ ਥਾਣਾ ਕੋਟ ਈਸੇ ਖਾਂ ਦਰਜ ਕਰਵਾਇਆ। ਪੁਲਸ ਪਾਰਟੀ ਵੱਲੋਂ ਨੇੜੇ ਪਿੰਡ ਮੰਦਰ ਅਮ੍ਰਿਤਸਰ ਰੋਡ ਪਿੰਡ ਮੰਦਰ 'ਤੇ ਨਾਕਾਬੰਦੀ ਕਰਕੇ ਗੁਰਚਰਨ ਸਿੰਘ ਉਰਫ ਗੰਜਾ, ਗੁਰਜੰਟ ਸਿੰਘ ਉਰਫ ਜੰਟਾ ਤੇ ਸੰਦੀਪ ਸਿੰਘ ਸਾਥੀਆਂ ਨੂੰ ਕਾਰ ਸਮੇਤ ਕਾਬੂ ਕੀਤਾ ਤੇ ਹਰਿੰਦਰ ਸਿੰਘ ਉਪ ਕਪਤਾਨ ਪੁਲਸ (ਡਿਟੈਕਟਿਵ) ਮੋਗਾ ਦੀ ਹਾਜ਼ਰੀ ਵਿੱਚ ਕਾਬੂ ਕੀਤੇ ਵਿਅਕਤੀਆਂ ਪਾਸੋਂ ਕਾਰ ਵਿੱਚੋਂ 1 ਕਿੱਲੋ 500 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਐੱਸ.ਐੱਸ.ਪੀ. ਮੋਗਾ ਨੇ ਦੱਸਿਆ ਕਿ ਕਾਬੂ ਕੀਤੇ ਸਮਗਲਰਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਇਨ੍ਹਾਂ ਪਾਸੋਂ ਹੋਰ ਡੂੰਘਾਈ ਨਾਲ ਪੁੱਛ ਗਿੱਛ ਕਰਕੇ ਪਿਛਲੇ ਤੇ ਅਗਲੇ ਸਬੰਧਾ ਬਾਰੇ ਪਤਾ ਲਗਾਇਆ ਜਾਵੇਗਾ।

## ਜਗਰਾਉਂ ਕਿਸਾਨ ਮਹਾਂਪੰਚਾਇਤ 'ਚ ਬੀ ਕੇ ਯੂ ਲੱਖੋਵਾਲ ਲਵੇਗੀ ਵੱਧ-ਚੜ੍ਹ ਕੇ ਹਿੱਸਾ : ਪੰਡੋਰੀ, ਜੀਂਦੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਬੀ.ਕੇ.ਯੂ. ਲੱਖੋਵਾਲ ਬਲਾਕ ਧਰਮਕੋਟ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਦਫ਼ਤਰ ਮੋਗਾ ਵਿਖੇ ਬਲਾਕ ਪ੍ਰਧਾਨ ਜਸਵੰਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਮੀਤ ਪ੍ਰਧਾਨ ਮੋਹਨ ਸਿੰਘ ਜੀਂਦੜਾ ਸੂਬਾ, ਮੀਤ ਪ੍ਰਧਾਨ ਗੁਲਜ਼ਾਰ ਸਿੰਘ ਘੱਲ ਕਲਾਂ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਬਲਾਕ ਪ੍ਰਧਾਨ ਜਸਵੰਤ ਸਿੰਘ ਪੰਡੋਰੀ ਨੇ ਦੱਸਿਆ ਕਿ ਜਗਰਾਉਂ ਵਿਖੇ 21 ਮਈ ਨੂੰ ਹੋਣ ਵਾਲੀ ਕਿਸਾਨ ਮਹਾਂ ਪੰਚਾਇਤ ਸਬੰਧੀ ਵਿਚਾਰਾਂ ਕੀਤੀਆਂ। ਪ੍ਰਧਾਨ ਨੇ ਸਮੂਹ ਯੂਨੀਅਨ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬੀਕੇਯੂ ਲੱਖੋਵਾਲ ਇਸ ਕਿਸਾਨ ਮਹਾਂਰੈਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੇਗੀ। ਉਨ੍ਹਾਂ ਨੇ ਬਲਾਕ ਧਰਮਕੋਟ ਬੀਕੇਯੂ ਲੱਖੋਵਾਲ ਇਕਾਈ ਪ੍ਰਧਾਨ ਤੇ ਆਗੂਆਂ ਦੀਆਂ ਡਿਊਟੀਆਂ ਲਾਈਆਂ। ਉਨ੍ਹਾਂ ਕਿਹਾ ਕਿ ਇਸ ਕਿਸਾਨ ਮਹਾਂ ਪੰਚਾਇਤ ਨੂੰ ਜ਼ੋਰ-ਸ਼ੋਰ ਨਾਲ ਸਫਲ ਬਣਾਇਆ ਜਾਵੇਗਾ ਤੇ ਭਾਜਪਾ ਨੂੰ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਹੋਣ ਦਾ ਅਹਿਸਾਸ ਕਰਾਇਆ ਜਾਵੇਗਾ। ਇਸ ਸਮੇਂ ਜਸਵੰਤ ਸਿੰਘ ਬਲਾਕ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਗੁਲਜ਼ਾਰ ਸਿੰਘ ਘੱਲ ਕਲਾਂ ਸੂਬਾ ਮੀਤ ਪ੍ਰਧਾਨ, ਮੋਹਨ ਸਿੰਘ ਜੀਂਦੜਾ ਮੀਤ ਪ੍ਰਧਾਨ ਪੰਜਾਬ, ਬੂਟਾ ਸਿੰਘ, ਹਰਦੀਪ ਸਿੰਘ, ਨਿਰਮਲ ਸਿੰਘ, ਅਮਰੀਕ ਸਿੰਘ ਤੇ ਜਗਸੀਰ ਸਿੰਘ ਜੱਗੀ ਜ਼ਿਲ੍ਹਾ ਮੀਤ ਪ੍ਰਧਾਨ ਬਾਘਾ ਪੁਰਾਣਾ ਆਦਿ ਹਾਜ਼ਰ ਸਨ।

# ਦਰਸ਼ਨ ਕਾਂਗੜਾ ਨੇ ਖਹਿਰਾ ਦੀ ਚੋਣ ਮੁਹਿੰਮ ਭਖਾਈ



**ਸੰਗਰੂਰ (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ ਸੁਖਪਾਲ ਖਹਿਰਾ ਦੇ ਹੱਕ 'ਚ ਪੂਰੀ ਤਰ੍ਹਾਂ ਡਟੇ ਹੋਏ ਹਨ। ਇਨ੍ਹਾਂ ਸੁਖਪਾਲ ਖਹਿਰਾ ਦੇ ਹੱਕ ਵਿੱਚ ਵੱਡੀ ਗਿਣਤੀ ਨੌਜਵਾਨਾਂ ਨੂੰ ਲਾਮਬੰਦ ਕਰ ਡਟਣ ਦੀ ਅਪੀਲ ਕੀਤੀ। ਸ੍ਰੀ ਦਰਸ਼ਨ ਕਾਂਗੜਾ ਨੇ ਕਸਬਾ ਸ਼ੇਰਪੁਰ ਦੇ ਨੇੜਲੇ ਵੱਖ ਵੱਖ ਪਿੰਡਾਂ ਅੰਦਰ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੁਖਪਾਲ ਖਹਿਰਾ ਇੱਕ ਮਿਹਨਤੀ, ਇਮਾਨਦਾਰ ਤੇ ਦਲੇਰ ਲੀਡਰ ਹਨ, ਜੋ ਜਿੱਥੇ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡਣਗ, ਉੱਥੇ ਹੀ ਲੋਕ ਸਭਾ ਸੰਗਰੂਰ ਦੇ ਹਰ ਵਰਗ ਨਾਲ ਸੰਬੰਧਤ ਲੋਕਾਂ ਦੇ ਹੱਕਾਂ ਲਈ ਬੜੀ ਮਜ਼ਬੂਤੀ ਨਾਲ ਆਵਾਜ਼ ਬੁਲੰਦ ਕਰਨਗੇ। ਸ੍ਰੀ ਕਾਂਗੜਾ ਨੇ ਕਿਹਾ ਕਿ ਜਿਸ ਦਿਨ ਤੋਂ ਕਾਂਗਰਸ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਲੋਕ ਸਭਾ ਸੰਗਰੂਰ ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ, ਉਸੇ ਦਿਨ ਤੋਂ ਵਿਰੋਧੀ ਪਾਰਟੀਆਂ ਦੀ ਨੀਂਦ ਹਰਾਮ ਹੋਈ ਪਈ ਹੈ।

ਇਸ ਮੌਕੇ ਸ੍ਰੀ ਕਾਂਗੜਾ ਨੇ ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਨੌਜਵਾਨਾਂ ਦੀਆਂ ਡਿਊਟੀਆਂ ਵੀ ਲਗਾਈਆਂ। ਇਸ ਮੌਕੇ ਸੁਖਪਾਲ ਸਿੰਘ ਭੰਮਾਬੱਦੀ, ਚਮਕੌਰ ਸਿੰਘ ਸੇਰਪੁਰ, ਰੁਪਿੰਦਰ ਸਿੰਘ ਟਿੱਬਾ, ਸਰਬਜੀਤ ਕੌਰ ਹਮੀਦੀ, ਰਣਜੀਤ ਸਿੰਘ, ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਸਾਜਨ ਕਾਂਗੜਾ, ਸੁਖਵਿੰਦਰ ਸਿੰਘ ਸੁੱਖੀ, ਅਕਾਸ਼ ਧਾਲੀਵਾਲ, ਮਨੋਜ ਕੁਮਾਰ, ਹੈਪੀ ਲਿੱਧੜਾਂ, ਵੀਰਪਾਲ ਸਿੰਘ, ਅਨਮੋਲ, ਕਰਨ ਕੁਮਾਰ, ਕਮਲਪ੍ਰੀਤ ਜੰਡੂ, ਰਾਹੁਲ ਰੰਧਾਵਾ ਆਦਿ ਹਾਜ਼ਰ ਸਨ।

## ਪਰਮਿੰਦਰ ਢੀਂਡਸਾ ਨੇ ਨਿਰਮਲ ਸਿੰਘ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਚੀਮਾ ਮੰਡੀ (ਰਵਿੰਦਰ ਚੀਮਾ)**-ਪਿਛਲੇ ਦਿਨੀਂ ਸੀਨੀਅਰ ਅਕਾਲੀ ਆਗੂ ਨਿਰਮਲ ਸਿੰਘ ਦੀ ਹੋਈ ਬੇਵਕਤੀ ਮੌਤ 'ਤੇ ਸ੍ਰ. ਪਰਮਿੰਦਰ ਸਿੰਘ ਢੀਂਡਸਾ ਸਾਬਕਾ ਖਜ਼ਾਨਾ ਮੰਤਰੀ ਚੀਮਾ ਮੰਡੀ ਵਿਖੇ ਉਨ੍ਹਾਂ ਦੇ ਗ੍ਰਹਿ ਵਿਖੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਇਸ ਸਮੇਂ ਉਨ੍ਹਾ ਨੇ ਪੰਜਾਬ ਵਿੱਚ ਹੋ ਰਹੀਆਂ ਨੌਜਵਾਨਾਂ ਦੀਆਂ ਬੇਵਕਤੀ ਮੌਤਾਂ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ ਕਿ ਪਰਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਨੌਜਵਾਨ ਦੇ ਜਾਣ ਨਾਲ ਜੋ ਘਾਟਾ ਪਿਆ ਹੈ, ਉਹ ਕਦੇ ਵੀ ਪੂਰਾ ਨਹੀਂ ਹੋਣ ਵਾਲਾ। ਇਸ ਮੌਕੇ ਬਲਵਿੰਦਰ ਸਿੰਘ ਮਾਤੂ ਸਾਬਕਾ ਪ੍ਰਧਾਨ ਨਗਰ ਕੌਂਸਲ ਚੀਮਾ, ਜਸਵੀਰ ਸਿੰਘ, ਸਤਿਗੁਰ ਸਿੰਘ ਵਾਲੀਆ, ਗੁਰਦੀਪ ਸਿੰਘ, ਦਰਸ਼ਨ ਸਿੰਘ ਲਾਡੀ, ਗੁਰਜੀਤ ਸਿੰਘ, ਪਰਮਾਤਮਾ ਸਿੰਘ ਆਦਿ ਹਾਜ਼ਰ ਸਨ।



## ਵਰਲਡ 'ਵਰਸਿਟੀ ਵੱਲੋਂ 'ਭੋਜਨ-ਗ੍ਰਹਿ-ਸਿਹਤ' ਬਾਰੇ ਵੈਬੀਨਾਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਡਾ. ਹਰਨੀਤ ਬਿਲਿੰਗ ਪ੍ਰੋਗਰਾਮ ਕੋਆਰਡੀਨੇਟਰ ਦੀ ਦੇਖ-ਰੇਖ ਵਿੱਚ ਸ਼ਾਕਾਹਾਰੀ ਖੁਰਾਕ ਨੂੰ ਅਪਣਾਉਣ ਦੇ ਲਾਭਾਂ ਬਾਰੇ ਚਾਨਣਾ ਪਾਉਂਦਿਆਂ ਵੈਬੀਨਾਰ ਕੀਤਾ ਗਿਆ।ਇਹ ਵੈਬੀਨਾਰ 'ਅਡਾਪਟ ਏ ਕਾਲਜ' ਪਹਿਲਕਦਮੀ ਦੇ ਤਹਿਤ ਵੇਗਨ ਆਊਟਰੀਚ ਦੇ ਸਹਿਯੋਗ ਨਾਲ ਕੀਤਾ ਗਿਆ ਸੀ।ਵੈਬੀਨਾਰ ਦਾ ਉਦੇਸ਼ ਭਾਗੀਦਾਰਾਂ ਨੂੰ ਸਿਹਤ, ਜਾਨਵਰਾਂ ਤੇ ਵਾਤਾਵਰਣ 'ਤੇ ਖੁਰਾਕ ਵਿਕਲਪਾਂ ਦੇ ਡੂੰਘੇ ਪ੍ਰਭਾਵ ਬਾਰੇ ਜਾਗਰੂਕ ਕਰਨਾ ਸੀ।ਮੁੱਖ ਬੁਲਾਰੇ ਨਿਜਾ ਢਿੱਲੋਂ ਕੋਆਰਡੀਨੇਟਰ ਵੇਗਨ ਆਊਟਰੀਚ ਨੇ ਪੌਦਿਆਂ ਅਧਾਰਤ ਜੀਵਨ ਸ਼ੈਲੀ ਨੂੰ ਅਪਣਾਉਣ ਦੀ ਮਹੱਤਤਾ ਬਾਰੇ ਚਰਚਾ ਕੀਤੀ।ਉਨ੍ਹਾ ਸ਼ਾਕਾਹਾਰੀ ਖੁਰਾਕ ਨਾਲ ਜੁੜੇ ਸਿਹਤ ਲਾਭਾਂ ਨੂੰ ਉਜਾਗਰ ਕੀਤਾ ਤੇ ਪੋਸ਼ਣ ਦੀ ਮਹੱਤਤਾ ਅਤੇ ਸਮੁੱਚੀ ਤੰਦਰੁਸਤੀ ਨਾਲ ਇਸ ਦੇ ਸਿੱਧੇ ਸਬੰਧ 'ਤੇ ਜ਼ੋਰ ਦਿੱਤਾ।ਸੈਸ਼ਨ ਵਿੱਚ ਖੁਰਾਕ ਦੀਆਂ ਆਦਤਾਂ, ਵਾਤਾਵਰਣਕ ਪ੍ਰਭਾਵਾਂ ਤੇ ਜਾਨਵਰਾਂ ਦੀ ਭਲਾਈ ਸੰਬੰਧੀ ਨੈਤਿਕ ਵਿਚਾਰਾਂ ਸਮੇਤ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਪ੍ਰੋ: ਸੁਖਵਿੰਦਰ ਸਿੰਘ ਬਿਲਿੰਗ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਵੈਗਨ ਆਊਟਰੀਚ ਦੇ ਸਹਿਯੋਗ ਨਾਲ ਆਯੋਜਿਤ 'ਫੂਡ-ਪਲੈਨੇਟ-ਹੈਲਥ' ਵੈਬੀਨਾਰ ਨੇ ਲੋਕਾਂ ਨੂੰ ਸ਼ਾਕਾਹਾਰੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਸਫ਼ਲਤਾ ਪੂਰਵਕ ਪ੍ਰੇਰਿਤ ਕੀਤਾ ਹੈ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਇਸ ਵਿਸ਼ੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

# ਸਿਲਵਰ ਓਕਸ ਸਕੂਲ 'ਚ ਇਨਵੈਸਟਚਰ ਸਮਾਰੋਹ ਦਾ ਆਯੋਜਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਵਿਦਿਆਰਥੀਆਂ ਵਿੱਚ ਲੀਡਰਸ਼ਿਪ ਗੁਣਾਂ ਦੇ ਵਿਕਾਸ ਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਦੇ ਟੀਚੇ ਦੀ ਪੂਰਤੀ ਲਈ ਸਿਲਵਰ ਓਕਸ ਸਕੂਲ ਵਿਖੇ ਇਨਵੈਸਟਚਰ ਸਮਾਰੋਹ ਦਾ ਆਯੋਜਨ ਕੀਤਾ, ਜਿਸ ਵਿੱਚ ਵੱਖ-ਵੱਖ ਪੜਾਅ ਰੱਖੇ ਗਏ।ਪਹਿਲਾ ਪੜਾਅ ਨੌਮੀਨੇਸ਼ਨ ਨਾਲ ਸੰਬੰਧਿਤ ਸੀ, ਜਿਸ ਵਿਚ ਵਿਦਿਆਰਥੀਆਂ ਨੇ ਆਪਣੇ ਤੇ ਆਪਣੀਆਂ ਰੁਚੀਆਂ ਬਾਰੇ ਦੱਸਿਆ।ਦੂਜਾ ਸਕੂਲ ਦੇ ਮੁੱਖ ਅਧਿਆਪਕਾਂ ਨਾਲ ਇੰਟਰੈਕਸ਼ਨ ਪੜਾਅ ਸੀ।ਤੀਜਾ ਰਾਊਂਡ ਮੈਨੀਫੈਸਟੋ ਘੋਸ਼ਨਾ ਦੌਰ ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਵਾਅਦੇ ਕੀਤੇ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਲਈ ਪ੍ਰਚਾਰ ਕਰਦੇ ਹੋਏ ਵੋਟਾਂ ਦੀ ਮੰਗ ਕੀਤੀ।ਅੰਤਮ ਦੌਰ ਵਿੱਚ ਵੋਟਿੰਗ ਹੋਈ, ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵੋਟਾਂ ਪਾ ਕੇ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਇਆ।

ਸਮਾਗਮ ਦੀ ਸ਼ੁਰੂਆਤ ਜਮਾਤ ਤੀਜੀ ਦੇ ਵਿਦਿਆਰਥੀਆਂ ਦੀ ਡਾਂਸ ਦੀ ਪੇਸ਼ਕਾਰੀ ਨਾਲ ਹੋਈ।ਇਸ ਮੌਕੇ 'ਤੇ ਪਹੁੰਚੇ ਸਕੂਲ ਨਿਰਦੇਸ਼ਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਤੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਸ਼ਮਾ ਜਗਾ ਕੇ ਲੰਬੇ ਸਮੇਂ ਦੀ ਉਡੀਕ ਨੂੰ ਖ਼ਤਮ ਕਰਦੇ ਹੋਏ ਨਵੇਂ ਚੁਣੇ ਗਏ ਸਕੂਲ ਹੈਡ ਬੁਆਏ, ਹੈਡ ਗਰਲ, ਹਾਊਸ ਪ੍ਰੀਫੈਕਟਸ ਆਦਿ ਨੂੰ ਉਨ੍ਹਾਂ ਦੀਆਂ ਪੋਸਟਾਂ ਜਾਂ ਰੁਤਬੇ ਨਾਲ ਸਬੰਧਤ ਬੈਜ ਦੇ ਕੇ ਸਨਮਾਨਤ ਕੀਤਾ।ਨਵੇਂ ਬਣੇ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਅਤੇ ਸੁਚੇਤ ਰਹਿਣ ਲਈ ਪ੍ਰੇਰਤ ਕੀਤਾ।ਉਨ੍ਹਾਂ ਕਿਹਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਸਕੂਲ ਦੇ ਛੋਟੇ ਵਿਦਿਆਰਥੀਆਂ ਲਈ ਪ੍ਰੇਨਾ ਸਰੋਤ ਬਣ ਕੇ ਉਨ੍ਹਾਂ ਲਈ ਨਵੇਂ ਤੇ ਉਸਾਰੂ ਰਸਤੇ ਉਲੀਕਣਾ।ਨਵੇਂ ਬਣੇ ਹੈੱਡ ਬੁਆਏ, ਹੈੱਡ ਗਰਲ ਤੇ ਸਾਰੀ ਟੀਮ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਸਹੁੰ ਚੁੱਕੀ।

ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਜ਼ਿੰਮੇਵਾਰੀ ਇਮਾਨਦਾਰੀ ਤੇ ਨਿਪੁਨੰਤਾ ਨਾਲ ਨਿਭਾਉਣ ਵਾਲੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਦੀ ਪਾਬੰਧਤਾ, ਸਮਰਪਣ, ਅਨੁਸ਼ਾਸ਼ਨ ਤੇ ਚੰਗੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੀ ਸਲਾਹ ਦਿੱਤੀ।ਸੈਸ਼ਨ 2023-24 ਦੇ ਸਾਰੇ ਵਿਦਿਆਰਥੀਆਂ ਲਈ ਵੀ ਇਹ ਸ਼ਾਨਦਾਰ ਪਲ ਸੀ।ਸਕੂਲ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ ਨੇ ਪੁਜ਼ੀਸ਼ਨ ਧਾਰਕਾਂ ਨੂੰ ਉਨ੍ਹਾਂ ਦੀ ਪਿਛਲੀ ਜਮਾਤ ਵਿੱਚ ਵਧੀਆ ਕਾਰਗੁਜ਼ਾਰੀ ਲਈ ਅਕਾਦਮਿਕ ਉੱਤਮਤਾ ਦਾ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸੌਂਪਦੇ ਹੋਏ ਰਾਸ਼ਟਰੀ ਗਾਣ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ।

## ਈਸ਼ਾਨ ਕਾਲੜਾ ਬਣੇ ਸ਼੍ਰੋਮਣੀ ਅਕਾਲੀ ਦਲ ਵਾਰਡ 31 ਦੇ ਯੂਥ ਪ੍ਰਧਾਨ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਮਾਜ ਸੇਵੀ ਈਸ਼ਾਨ ਕਾਲੜਾ ਨੂੰ ਯੂਥ ਅਕਾਲੀ ਦਲ ਦਾ ਵਾਰਡ ਨੰਬਰ 31 ਦਾ ਪ੍ਰਧਾਨ ਲਾਇਆ ਗਿਆ ਹੈ।ਉਨ੍ਹਾਂ ਦੀ ਨਿਯੁਕਤੀ 'ਤੇ ਉਨ੍ਹਾਂ ਦੇ ਸਾਥੀਆਂ ਤੇ ਸਮਰਥਕਾਂ 'ਚ ਉਤਸ਼ਾਹ ਹੈ।ਇਸ ਸਬੰਧ 'ਚ ਵਾਰਡ 'ਚ ਹੋਏ ਇੱਕ ਸਮਾਗਮ ਦੌਰਾਨ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਹੋਰ ਲੀਡਰਸ਼ਿਪ ਨੇ ਸਿਰੋਪਾਓ ਭੇਟ ਕਰਕੇ ਈਸ਼ਾਨ ਕਾਲੜਾ ਨੂੰ ਸਨਮਾਨਤ ਕੀਤਾ।ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਯੂਥ ਅਕਾਲੀ ਦਲ ਦੇ ਪ੍ਰਧਾਨ ਕੁਲਵਿੰਦਰ ਸਿੰਘ ਸੌਂਕੀ ਐਮਸੀ, ਹਰਪਾਲ ਐਮਸੀ, ਡੀਸੀ ਐਮਸੀ ਦਾ ਧੰਨਵਾਦ ਕੀਤਾ ਤੇ ਆਪਣਾ ਕੰਮ ਈਮਾਨਦਾਰੀ ਤੇ ਤਨਦੇਹੀ ਨਾਲ ਕਰਨ ਦਾ ਵਿਸ਼ਵਾਸ ਦੁਆਇਆ।

## ...ਸਫ਼ਾ 1 ਦੇ ਬਾਕੀ

### ਗੁਰਦਿਆਲ ਹਿੰਦ-ਪਾਕਿ...

ਕਿਸਾਨਾਂ ਦੀ ਜ਼ਮੀਨ ਤਾਰ ਤੋਂ ਪਾਰ ਹੈ, ਉਨ੍ਹਾਂ ਨੂੰ ਵਿਸ਼ੇਸ਼ ਮੁਆਵਜ਼ਾ ਦਿੱਤਾ ਜਾਵੇ। ਮੀਟਿੰਗਾਂ ਨੂੰ ਸੰਬੋਧਨ ਦੌਰਾਨ ਉਮੀਦਵਾਰ ਗੁਰਦਿਆਲ ਸਿੰਘ ਨੇ ਕਿਹਾ ਕਿ ਮੈਂ ਪਹਿਲਾਂ ਵੀ ਲੋਕ ਸੇਵਾ ਕਰਦਾ ਆ ਰਿਹਾ ਹਾਂ ਤੇ ਲੋਕ ਸਭਾ ਵਿੱਚ ਜਾਣ ਤੋਂ ਬਾਅਦ ਹੋਰ ਜ਼ੋਰ ਨਾਲ ਲੋਕ ਸੇਵਾ ਕਰਾਂਗਾ। ਇਸ ਲਈ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਮੈਨੂੰ ਕਾਮਯਾਬ ਬਣਾਓ। ਮੀਟਿੰਗਾਂ ਨੂੰ ਸੀ ਪੀ ਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਰਛਪਾਲ ਸਿੰਘ, ਜੈਮਲ ਸਿੰਘ ਬਾਠ, ਸੁਖਦੇਵ ਸਿੰਘ ਕੋਟ ਧਰਮ ਚੰਦ, ਰੁਪਿੰਦਰ ਕੌਰ ਮਾੜੀਮੇਘਾ, ਜਸਵੰਤ ਸਿੰਘ, ਸਰਬਜੀਤ ਕੌਰ, ਸੂਰਵਿੰਡ, ਬੀਬੀ ਵੀਰੋ ਸਾਂਡਪੁਰਾ, ਵਿਰਸਾ ਸਿੰਘ ਭਲਵਾਨ, ਸੁਖਦੇਵ ਸਿੰਘ ਕਾਲਾ, ਰਸਾਲ ਸਿੰਘ ਪਹੂਵਿੰਡ, ਜਸਪਾਲ ਸਿੰਘ ਭਿੱਖੀਵਿੰਡ, ਪਰਮਜੀਤ ਕੌਰ, ਬਾਜ ਸਿੰਘ ਮਾੜੀਮੇਘਾ, ਮਨਜੀਤ ਕੌਰ, ਹਰਜਿੰਦਰ ਕੌਰ ਅਲਗੋਂ, ਟਹਿਲ ਸਿੰਘ ਲੱਧੂ, ਜਸਪਾਲ ਸਿੰਘ ਕਲਸੀਆਂ ਤੇ ਬਲਬੀਰ ਸਿੰਘ ਬੱਲੂ ਨੇ ਵੀ ਵਿਚਾਰ ਪ੍ਰਗਟ ਕੀਤੇ।

# ਅਕਾਲੀ ਦਲ ਨੂੰ ਪਾਈ ਵੋਟ ਭਾਜਪਾ ਦੀ ਝੋਲੀ 'ਚ ਜਾਵੇਗੀ : ਜੀਤਮਹਿੰਦਰ ਸਿੱਧੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਵੱਲੋਂਡਾਂ ਦਾ ਚੋਣ ਦੌਰਾ ਕੀਤਾ ਗਿਆ।ਇਸ ਦੌਰਾਨ ਕਾਂਗਰਸ ਪਾਰਟੀ ਨੂੰ ਭਾਰੀ ਸਮਰਥਨ ਮਿਲਿਆ ਤੇ ਲੋਕਾਂ ਨੇ ਜੀਤਮਹਿੰਦਰ ਸਿੰਘ ਸਿੱਧੂ ਨਾਲ ਪਿਆਰ ਜਤਾਉਂਦਿਆਂ ਭਰੋਸਾ ਦਿਵਾਇਆ ਕਿ ਉਹ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦਾ ਵਧ ਚੜ੍ਹ ਕੇ ਸਾਥ ਦੇਣਗੇ।ਇਸ ਦੌਰਾਨ ਵੱਖ ਵੱਖ ਪਿੰਡਾਂ 'ਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਅਕਾਲੀ ਤੇ ਭਾਜਪਾਈ ਅੱਜ ਵੀ ਅੰਦਰੋ ਇੱਕ ਹਨ ਤੇ ਅਕਾਲੀ ਦਲ ਨੂੰ ਪਾਇਆ ਵੋਟ ਵੀ ਭਾਜਪਾ ਦੇ ਖ਼ਾਤੇ ਵਿਚ ਜਾਵੇਗਾ।ਕਾਂਗਰਸੀ ਉਮੀਦਵਾਰ ਨੇ ਅਕਾਲੀ ਦਲ ਦੀ ਉਮੀਦਵਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਹਾਲੇ ਭੁੱਲੇ ਨਹੀਂ ਕਿ ਤਿੰਨ ਕਿਸਾਨ ਵਿਰੋਧੀ ਖੇਤੀ ਬਿੱਲਾਂ ਨੂੰ ਵਾਪਸ ਕਰਨ ਲਈ ਉਨ੍ਹਾਂ ਨੂੰ ਅਪਣੇ 700 ਕਿਸਾਨ ਭਰਾਵਾਂ ਦੀਆਂ ਸ਼ਹੀਦੀਆਂ ਦੇਣੀਆਂ ਪਈਆਂ ਤੇ ਇਨ੍ਹਾਂ ਖੇਤੀ ਬਿੱਲਾਂ ਦੇ ਹੱਕ ਵਿਚ ਖੜ੍ਹਨ ਵਾਲਾ ਪੰਜਾਬ ਦੇ ਵਿਚ ਸਭ ਤੋਂ ਪਹਿਲਾਂ ਬਾਦਲ ਪਰਵਾਰ ਸੀ, ਜਿਸ ਨੇ ਬਾਹਾਂ ਖੜੀਆਂ ਕਰਕੇ ਕਿਸਾਨਾਂ ਦਾ ਵਿਰੋਧ ਕੀਤਾ ਸੀ ਤੇ ਇਨ੍ਹਾਂ ਬਿੱਲਾਂ ਨੂੰ ਫ਼ਾਇਦੇਮੰਦ ਦੱਸਿਆ ਸੀ।ਜੀਤਮਹਿੰਦਰ ਨੇ ਅੱਗੇ ਕਿਹਾ ਕਿ 'ਅਕਾਲੀ ਦਲ ਵਾਲੇ ਭਾਜਪਾ ਨਾਲੋਂ ਅਲੱਗ ਹੋਣ 'ਤੇ ਵੀ ਸਿਆਸੀ ਡਰਾਮਾ ਕਰਦੇ ਹਨ, ਕਿਉਂਕਿ ਇਨ੍ਹਾਂ ਨੇ ਭਾਜਪਾ ਨਾਲੋਂ ਨਾਤਾ ਕਿਸਾਨ ਹਿਤੈਸ਼ੀ ਹੋਣ ਕਾਰਨ ਨਹੀਂ, ਬਲਕਿ ਜਦ ਕਿਸਾਨਾਂ ਨੇ ਇਨ੍ਹਾਂ ਨੂੰ ਘਰਾਂ ਵਿਚ ਬੰਦ ਕਰ ਦਿੱਤਾ ਤਦ ਇਹ ਫੈਸਲਾ ਲਿਆ ਸੀ।'

ਉਨ੍ਹਾਂ ਕਿਹਾ ਕਿ ਫ਼ਿਰ ਮੁੜ ਪੰਜਾਬ ਦੇ ਵਿਚ ਪਹਿਲਾਂ ਵਾਲੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਤੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਜਾ ਰਿਹਾ ਤੇ ਪੰਜਾਬ ਦੀਆਂ ਹੱਦਾਂ ਅੰਦਰ ਸ਼ਰੇਆਮ ਕਿਸਾਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ।ਕਾਂਗਰਸੀ ਉਮੀਦਵਾਰ ਨੇ ਕਿਹਾ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਆਮ ਲੋਕਾਂ ਦੀ ਸਰਕਾਰ ਹੋਣ ਦਾ ਦਮ ਭਰਨ ਵਾਲੀ ਆਪ ਸਰਕਾਰ ਵਿਚ ਏਨਾ ਦਮ ਵੀ ਨਹੀਂ ਰਿਹਾ ਕਿ ਉਹ ਅਪਣੇ ਨੌਜਵਾਨ ਕਿਸਾਨ ਦੀ ਮੌਤ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਸਕੇ।

ਉਨ੍ਹਾਂ ਕਿਹਾ ਕਿ 'ਆਪ' ਨੇ ਜਿਸ ਉਮੀਦਵਾਰ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ, ਉਹ ਪੰਜਾਬ ਦਾ ਖੇਤੀਬਾੜੀ ਮੰਤਰੀ ਵੀ ਹੈ ਤੇ ਬਠਿੰਡਾ ਲੋਕ ਸਭਾ ਹਲਕੇ ਦੇ ਲੋਕ ਇਹ ਗੱਲ ਕਿਸ ਤਰ੍ਹਾਂ ਭੁੱਲ ਸਕਦੇ ਹਨ ਕਿ ਇਸ ਮੰਤਰੀ ਦੇ ਰਾਜ 'ਚ ਤਿੰਨ ਵਾਰ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋਈਆਂ, ਅਗਿਆਤ ਬਿਮਾਰੀ ਨਾਲ ਹਜ਼ਾਰਾਂ ਪਸ਼ੂ ਮਰੇ ਪਰ ਮੁਰਗੀਆਂ ਤੇ ਬੱਕਰੀਆਂ ਦਾ ਮੁਆਵਜ਼ਾ ਦੇਣ ਦੇ ਝੂਠੇ ਵਾਅਦੇ ਕਰਨ ਵਾਲੀ ਇਸ ਸਰਕਾਰ ਨੇ ਕਿਸਾਨਾਂ ਨੂੰ ਇੱਕ ਫੁੱਟੀ ਕੌਡੀ ਨਹੀਂ ਦਿੱਤੀ, ਜਿਸਦੇ ਚੱਲਦੇ ਬਠਿੰਡਾ ਦੇ ਲੋਕ ਇਸ ਸਰਕਾਰ ਤੇ ਕਿਸਾਨ ਵਿਰੋਧੀ ਅਕਾਲੀ ਦਲ ਤੇ ਭਾਜਪਾ ਨੂੰ ਮੂੰਹ ਨਹੀਂ ਲਗਾਉਣਗੇ।

## ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 11 ਲੱਖ ਠੱਗੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ 'ਚ ਨੌਜਵਾਨ ਨੂੰ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 11 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਮਮਦੋਟ ਪੁਲਸ ਨੇ ਚਾਰ ਲੋਕਾਂ ਖਿਲਾਫ਼ 420, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 2634 ਰਾਹੀਂ ਬਚਿੱਤਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਟਿੱਬੀ ਕਲਾਂ ਨੇ ਦੱਸਿਆ ਕਿ ਦੋਸ਼ੀਅਨ ਸੁਖਵਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਟੇਲ ਨਗਰ ਫਰੀਦਕੋਟ ਰੋਡ, ਅਮਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਮਸਤਾ ਗੱਟੀ, ਗੁਰਚਰਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਗੋਲਡਨ ਕਾਲੋਨੀ ਨੇੜੇ ਸਿਵਲ ਹਪਸਤਾਲ ਖਰੜ ਅਤੇ ਸਵਾਤੀ ਵਾਸੀ ਦਿੱਲੀ ਨੇ ਉਸ ਦੇ ਲੜਕੇ ਨੂੰ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਫ਼ਿਰੋਜ਼ਪੁਰ ਵਿਚ ਨੌਕਰੀ ਲਗਵਾਉਣ ਅਤੇ ਫਿਰ ਦਿੱਲੀ ਏਅਰਪੋਰਟ ਵਿਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਕਰੀਬ 11 ਲੱਖ ਰੁਪਏ ਦੀ ਠੱਗੀ ਮਾਰੀ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਦੋਸ਼ੀਅਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੁਰੂ ਕੀ ਬੇਰ ਮੱਤੇਵਾਲ ਸਕੂਲ ਦੇ ਅੱਠਵੀਂ/ਬਾਰ੍ਹਵੀਂ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕੀ ਬੇਰ ਮੱਤੇਵਾਲ ਅੰਮ੍ਰਿਤਸਰ ਦਾ ਅੱਠਵੀਂ ਤੇ ਬਾਰ੍ਹਵੀਂ ਕਲਾਸ ਦਾ ਨਤੀਜਾ 100% ਰਿਹਾ ਜਿਸ ਵਿੱਚ ਪ੍ਰਭਜੋਤ ਕੌਰ ਪੁੱਤਰੀ ਅਮਨਦੀਪ ਸਿੰਘ (97.35%) ਪਹਿਲਾ, ਜੈਸਮੀਨ ਕੌਰ ਪੁੱਤਰੀ ਸਰਬਜੀਤ ਸਿੰਘ (96%) ਦੂਜਾ, ਜੈਸਮੀਨ ਕੌਰ ਪੁੱਤਰੀ ਸੁਖਚੈਨ ਸਿੰਘ(95.83%), ਜੁਝਾਰ ਸਿੰਘ ਪੁੱਤਰ ਰਣਜੀਤ ਸਿੰਘ (95.83%) ਅਤੇ ਤੁਸ਼ਾਰ ਕੁਮਾਰ ਪੁੱਤਰ ਰਾਕੇਸ਼ ਕੁਮਾਰ (95.83%) ਤੀਜਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ ਬਾਰਵੀਂ ਜਮਾਤ (ਸਾਇੰਸ) ਜਪਨੀਤ ਕੌਰ ਪੁੱਤਰੀ ਗੁਰਜੀਤ ਸਿੰਘ (93.4%) ਪਹਿਲਾ, ਵਿਸ਼ਵਦੀਪ ਸਿੰਘ ਪੁੱਤਰ ਭੁਪਿੰਦਰ ਸਿੰਘ (91.4%) ਦੂਜਾ ਅਤੇ ਨਵਜੋਤ ਕੌਰ ਪੁੱਤਰੀ ਸਰਵੰਤ ਸਿੰਘ (91%) ਤੀਸਰਾ, (ਕਾਮਰਸ) ਮਨਜੋਤ ਸਿੰਘ ਪੁੱਤਰ ਕੁਲਜੀਤ ਸਿੰਘ (88.8%) ਪਹਿਲਾ, ਗੁਰਨੀਅਤ ਕੌਰ ਪੁੱਤਰੀ ਹਰਪਤਾਲ ਸਿੰਘ (88.4%) ਦੂਜਾ ਅਤੇ ਅਨਮੋਲਦੀਪ ਸਿੰਘ ਪੁੱਤਰ ਦਿਲਜੀਤ ਸਿੰਘ (87.2%) ਤੀਸਰਾ (ਆਰਟਸ) ਜਸ਼ਨਦੀਪ ਕੌਰ ਪੁੱਤਰੀ ਕੁਲਵੰਤ ਸਿੰਘ (93%) ਪਹਿਲਾ, ਪ੍ਰਭਨੀਤ ਕੌਰ ਪੁੱਤਰੀ ਮਨਜੀਤ ਸਿੰਘ (92.4%) ਦੂਜਾ ਅਤੇ ਮਨਕਰਨਦੀਪ ਕੌਰ ਪੁੱਤਰੀ ਨਿਰਜੀਤ ਸਿੰਘ (91.2%) ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰ: ਗੁਰਸੇਵਕ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੈਸ਼ਨ 2023-24 ਦੌਰਾਨ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ।ਸੰਸਥਾ ਪ੍ਰਧਾਨ ਸੰਤ ਬਾਬਾ ਸੱਜਣ ਸਿੰਘ ਨੇ ਬੱਚਿਆਂ ਨੂੰ ਸਿਰੋਪਾਉ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਗੁਰਦੇਵ ਸਿੰਘ ਧੂੰਦਾਸ, ਤਰਸੇਮ ਸਿੰਘ, ਸੁਖਵਿੰਦਰ ਸਿੰਘ, ਜਗਰੂਪ ਸਿੰਘ, ਬਾਬਾ ਜੱਸਾ ਸਿੰਘ, ਬਾਬਾ ਰਾਜਾ, ਬਾਬਾ ਸੁੱਖਾ ਸਿੰਘ, ਰਣਜੀਤ ਸਿੰਘ ਬਾਬੋਵਾਲ, ਨਿੰਦਰ ਸਿੰਘ ਭੋਏ, ਪਲਵਿੰਦਰ ਸਿੰਘ, ਵੀਰ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਗੁਰਭਿੰਦਰ ਕੌਰ, ਪਰਮਿੰਦਰ ਕੌਰ, ਸਿਮਰਜੀਤ ਕੌਰ, ਅਮਨਪ੍ਰੀਤ ਕੌਰ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ।ਸਕੂਲ ਦੀ ਸਵੇਰ ਦੀ ਸਭਾ ਵਿੱਚ ਦਸਵੀਂ ਜਮਾਤ ਦੇ ਅਸੀਤ ਕੌਰ ਵੱਲੋਂ 'ਮਜ਼ਦੂਰ ਦਾ ਸਨਮਾਨ' ਵਿਸ਼ੇ 'ਤੇ ਭਾਸ਼ਣ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰ. ਕਿਰਨ ਕੇਸਰ ਦੁਆਰਾ ਸਕੂਲ ਦੇ ਹੇਠਲੇ ਦਰਜੇ ਦੇ ਕਰਮਚਾਰੀਆਂ ਨੂੰ ਸਟੇਜ ਉੱਪਰ ਬੁਲਾ ਕੇ ਸਨਮਾਨਿਤ ਕੀਤਾ ਗਿਆ।ਕਰਮਚਾਰੀਆਂ ਵਿੱਚ ਸਰੋਜ, ਕਾਂਤਾ, ਰਚਨਾ, ਕਸ਼ਮੀਰ ਕੌਰ, ਕੋਮਲ, ਪ੍ਰਦੀਪ ਕੁਮਾਰ ਅਤੇ ਹਰਮਿੰਦਰ ਸਿੰਘ ਸ਼ਾਮਿਲ ਸਨ।ਪ੍ਰਿੰ. ਕਿਰਨ ਕੇਸਰ ਨੇ ਕਿਹਾ ਕਿ ਹਰ ਤਰ੍ਹਾਂ ਦੀ ਨੌਕਰੀ ਜਾਂ ਕੀਤਾ ਹੋਇਆ ਕੰਮ ਬਰਾਬਰ ਹੁੰਦਾ ਹੈ।ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ, ਸਾਨੂੰ ਹਰ ਇਕ ਦੇ ਕੰਮ ਦਾ ਸਤਿਕਾਰ ਕਰਨਾ ਚਾਹੀਦਾ ਹੈ।ਉਨ੍ਹਾਂ ਕਰਮਚਾਰੀ ਵਰਗ ਦੇ ਕੰਮ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਸਾਡੇ ਸਕੂਲ ਦੇ ਕਰਮਚਾਰੀ ਪਿਛਲੇ ਦੋ ਦਹਾਕਿਆਂ ਤੋਂ ਸਕੂਲ ਦੀ ਸੇਵਾ ਨਿਭਾ ਰਹੇ ਹਨ। ਆਪਣੇ ਕੰਮ ਨੂੰ ਪੂਰੀ ਜ਼ਿੰਮੇਵਾਰੀ ਨਾਲ ਕਰ ਰਹੇ ਹਨ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ।ਵਿਦਿਆਰਥੀਆਂ ਵੱਲੋਂ ਕਰਮਚਾਰੀ ਵਰਗ ਦੇ ਸਨਮਾਨ ਲਈ ਬਹੁਤ ਹੀ ਸੁੰਦਰ ਪੋਸਟਰ ਬਣਾਏ ਗਏ ।

# ਸਿਜ਼ੋਫਰੀਨੀਆ ਮਾਨਸਿਕ ਵਿਗਾੜ ਹੈ, ਭੂਤ ਨਹੀਂ : ਡਾ: ਹਰਜੋਤ ਮੱਕੜ

**ਅੰਮ੍ਰਿਤਸਰ:** ਸਿਜ਼ੋਫਰੀਨੀਆ ਇੱਕ ਮਾਨਸਿਕ ਵਿਕਾਰ ਹੈ।ਇਹ ਬਿਮਾਰੀ ਉਲਝਣ ਦੀ ਸਥਿਤੀ ਪੈਦਾ ਕਰਦੀ ਹੈ। ਇਹ ਇੱਕ ਪੁਰਾਣੀ ਬਿਮਾਰੀ ਹੈ, ਜਿਸ ਦਾ ਇਲਾਜ ਬਹੁਤ ਜ਼ਰੂਰੀ ਹੈ।ਸਿਜ਼ੋਫਰੀਨੀਆ 16 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਅਤੇ ਬਾਲਗਾਂ 'ਤੇ ਹਮਲਾ ਕਰਦਾ ਹੈ।ਹਾਲਾਂਕਿ ਮਰੀਜ਼ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਇਸ ਬਿਮਾਰੀ ਤੋਂ ਪ੍ਰਭਾਵਿਤ ਹੋਇਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਸ਼ਵ ਪ੍ਰਸਿੱਧ ਮਨੋਵਿਗਿਆਨੀ ਡਾ: ਹਰਜੋਤ ਮੱਕੜ ਨੇ ਰਣਜੀਤ ਐਵੀਨਿਊ ਵਿਖੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਵਿੱਚ ਘਬਰਾਹਟ ਦੇ ਨਾਲ-ਨਾਲ ਸੋਚ 'ਤੇ ਕਾਬੂ ਵੀ ਨਹੀਂ ਹੁੰਦਾ।ਮਰੀਜ਼ ਦੀ ਸੋਚ ਅਤੇ ਵਿਵਹਾਰ ਵਿੱਚ ਬਦਲਾਅ ਆਉਂਦਾ ਹੈ।ਇਸ ਨਾਲ ਉਨ੍ਹਾਂ ਦੀ ਰੋਜ਼ਾਨਾ ਦੀ ਰੁਟੀਨ ਪ੍ਰਭਾਵਿਤ ਹੁੰਦੀ ਹੈ।ਅਜਿਹੇ ਮਰੀਜ਼ ਦੂਜਿਆਂ 'ਤੇ ਜ਼ਿਆਦਾ ਭਰੋਸਾ ਕਰਦੇ ਹਨ।ਉਹ ਕਮਜ਼ੋਰ ਮਹਿਸੂਸ ਕਰਦੇ ਹਨ ਅਤੇ ਛੋਟੇ-ਛੋਟੇ ਕੰਮਾਂ ਵਿੱਚ ਦੂਜਿਆਂ ਦੀ ਮਦਦ ਲੈਣਾ ਜ਼ਰੂਰੀ ਸਮਝਦੇ ਹਨ।ਡਾ: ਮੱਕੜ ਨੇ ਦੱਸਿਆ ਕਿ ਇਸ ਬਿਮਾਰੀ ਵਿਚ ਮਰੀਜ਼ ਨੂੰ ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਜੋ ਅਸਲ ਵਿਚ ਹੁੰਦੀਆਂ ਨਹੀਂ। ਡਾ: ਮੱਕੜ ਨੇ ਦੱਸਿਆ ਕਿ ਇਹ ਬਿਮਾਰੀ ਦਿਮਾਗ ਵਿੱਚ ਡੋਪਾਮਾਈਨ ਅਤੇ ਗਲੂਟਾਮੇਟ ਦੇ ਬੇਕਾਬੂ ਨਿਕਾਸ ਕਾਰਨ ਹੁੰਦੀ ਹੈ।ਇਹ ਮਾਨਸਿਕ ਰੋਗਾਂ ਵਿੱਚੋਂ ਸਭ ਤੋਂ ਭਿਆਨਕ ਰੋਗ ਮੰਨਿਆ ਜਾਂਦਾ ਹੈ।ਮਰੀਜ਼ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦਾ ਹੈ।ਕਈ ਵਾਰ ਤਾਂ ਉਹ ਖੁਦਕੁਸ਼ੀ ਵਰਗਾ ਕਦਮ ਵੀ ਚੁੱਕ ਲੈਂਦਾ ਹੈ।ਅਜਿਹੇ ਮਰੀਜ਼ ਇਸ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਉਹ ਬੀਮਾਰ ਹਨ।ਕਿਸੇ ਦੀ ਮੌਜੂਦਗੀ ਦਾ ਭੁਲੇਖਾ ਪੈਣ ਜਾਂ ਡਰਾਉਣੇ ਪਰਛਾਵੇਂ ਦੇਖਣ ਦੀ ਸਥਿਤੀ ਵਿੱਚ ਤੁਰੰਤ ਡਾ. ਨਾਲ ਸੰਪਰਕ ਕਰੋ ਅਤੇ ਇਲਾਜ ਕਰਵਾਓ।

# ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ 'ਚ ਸਭ ਤੋਂ ਵੱਡਾ ਯੋਗਦਾਨ ਪਾਇਆ : ਡਾ. ਚੀਮਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਆਖਿਆ ਕਿ ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ ਪਰ ਕਾਂਗਰਸ ਨੇ ਆਜ਼ਾਦੀ ਮਿਲਦਿਆਂ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਰਾਰ ਦਿੱਤਾ ਤੇ ਹਮੇਸ਼ਾ ਸਿੱਖਾਂ ਉਤੇ ਜ਼ੁਲਮ ਢਾਹਿਆ ।ਅੱਜ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਵਰਗੀਆਂ ਜਮਾਤਾਂ ਵੀ ਕਾਂਗਰਸ ਤੋਂ ਵੀ ਅੱਗੇ ਵਧਦਿਆਂ ਸਿੱਖਾਂ ਤੇ ਪੰਜਾਬ ਨਾਲ ਅਨਿਆਂ ਕਰ ਰਹੀਆਂ ਹਨ ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਦਿੱਲੀ ਤੋਂ ਕੇਜਰੀਵਾਲ ਰਿਮੋਟ ਨਾਲ ਚਲਾ ਰਿਹਾ ਹੈ, ਜੋ ਕਿ ਖੁਦਮੁਖਤਿਆਰ ਪੰਜਾਬੀਆਂ ਦੀ ਅਣਖ ਤੇ ਗੈਰਤ ਲਈ ਨਾ-ਮਨਜ਼ੂਰ ਹੈ।ਡਾ. ਚੀਮਾ ਅੱਜ ਡੇਰਾ ਬਾਬਾ ਨਾਨਕ ਤੋਂ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਸਬਾ ਵਡਾਲਾ ਬਾਂਗਰ ਵਿਖੇ ਹਰਿੰਦਰਪਾਲ ਸਿੰਘ ਗੋਰਾ ਦੇ ਘਰ ਭਰਵੀਂ ਵਰਕਰ ਮੀਟਿੰਗ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ।ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਚੀਮਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਜਬਰ-ਜ਼ੁਲਮ ਦੇ ਵਿਰੁੱਧ ਸੰਘਰਸ਼ ਲੜੇ ਹਨ ਅਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੰਜਾਬੀ ਸੂਬੇ ਲਈ ਅਕਾਲੀ ਦਲ ਨੇ ਵੱਡੇ ਮੋਰਚੇ ਲਾਏ ਅਤੇ ਅਨੇਕਾਂ ਕੁਰਬਾਨੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਹੁਣ ਵੀ ਜਦੋਂ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਨਾਲ ਅਨਿਆਂਪੂਰਨ ਵਤੀਰਾ ਸ਼ੁਰੂ ਕੀਤਾ ਤਾਂ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਆਪਣਾ 27 ਸਾਲ ਪੁਰਾਣਾ ਗਠਜੋੜ ਛੱਡਦਿਆਂ ਦੇਰ ਨਹੀਂ ਲਾਈ।ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ



ਗੁਰਦਾਸਪੁਰ ਦੇ ਲੋਕਾਂ ਵਿਚ ਇਸ ਗੱਲ ਦਾ ਭਾਰੀ ਉਤਸ਼ਾਹ ਹੈ ਕਿ ਅਕਾਲੀ ਦਲ ਨੇ ਲੰਬੇ ਸਮੇਂ ਬਾਅਦ ਇੱਥੋਂ ਪੰਥਕ ਚੋਣ ਨਿਸ਼ਾਨ ਤੱਕੜੀ 'ਤੇ ਆਪਣਾ ਉਮੀਦਵਾਰ ਖੜ੍ਹਾ ਕੀਤਾ ਹੈ।ਇਸ ਮੌਕੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਨੇ ਆਖਿਆ ਕਿ ਡਾ. ਦਲਜੀਤ ਸਿੰਘ ਚੀਮਾ ਦੇ ਨੂੰ ਜਿਤਾਉਣਾ ਪੰਜਾਬ ਦੀ ਹੋਂਦ ਤੇ ਅਣਖ ਦਾ ਸਵਾਲ ਹੈ, ਕਿਉਂਕਿ ਬਾਕੀ ਸਾਰੀਆਂ ਪਾਰਟੀਆਂ ਪੰਜਾਬ ਵਿਰੋਧੀ ਸੋਚ ਰੱਖਦੀਆਂ ਹਨ ਅਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਤੇ ਪੰਥ ਦੀ ਨੁਮਾਇੰਦਾ ਜਮਾਤ ਹੈ।ਇਸ ਮੌਕੇ ਬਾਬਾ ਅਵਤਾਰ ਸਿੰਘ ਸਰਪੰਚ, ਬੀਬੀ ਬਲਵਿੰਦਰ ਕੌਰ ਡੇਰਾ ਬਾਬਾ ਨਾਨਕ, ਰਸ਼ਪਾਲ ਸਿੰਘ ਢਿੱਲੋਂ, ਸਰਬਜੀਤ ਸਿੰਘ ਖੋਲਾਵਲ, ਭਗਵੰਤ ਸਿੰਘ, ਜਗਰੂਪ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਪਰਦੀਪ ਬਲੋਹਰਾ, ਗਗਨਦੀਪ ਸਿੰਘ ਗੱਗੂ, ਹਰਮਨ ਲਾਡੀ, ਗੁਰਮੀਤ ਸਿੰਘ, ਮਹਿੰਦਰ ਸਿੰਘ, ਰਛਪਾਲ ਸਿੰਘ, ਧਿਆਨ ਸਿੰਘ ਸਰਪੰਚ, ਕੈਪਟਨ ਭੰਡਾਲ, ਹਰਮਨਪ੍ਰੀਤ ਸਿੰਘ ਚੈਨਲ ਸਕੱਤਰ ਯੂਥ ਵਿੰਗ, ਹਰਜੀਤ ਸਿੰਘ ਖੇੜਾ ਦਲਜੀਤ ਸਿੰਘ ਸ਼ੇਰ-ਏ-ਪੰਜਾਬ, ਸਤਨਾਮ ਸਿੰਘ ਸਰਪੰਚ, ਸੁੱਖਾ ਰਾਜੂ, ਨਰਿੰਦਰ ਸਿੰਘ ਬਾਜਵਾ, ਪ੍ਰਿੰਸੀਪਲ ਜੋਗਿੰਦਰ ਸਿੰਘ, ਬਲਦੇਵ ਸਿੰਘ, ਜਗਪਾਲ ਸਿੰਘ, ਸੰਧੂ ਪਟਿਆਲ, ਭਗਵਾਨ ਸਿੰਘ, ਸਰਬਜੀਤ ਸਿੰਘ ਖੋਲੋਵਾਲ ਅਤੇ ਬੀਬੀ ਬਲਵਿੰਦਰ ਕੌਰ ਹਲਕਾ ਪ੍ਰਧਾਨ ਆਦਿ ਵੀ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੀ ਚੈਕਿੰਗ ਕਰਨਾ ਨਿੰਦਣਯੋਗ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਦੇ ਨਰਾਇਣਗੜ੍ਹ ਸਥਿਤ ਗੁਰਦੁਆਰਾ ਸ੍ਰੀ ਰਾਤਗੜ੍ਹ ਸਾਹਿਬ ਵਿਖੇ ਬੀਤੇ ਦਿਨੀਂ ਸੂਬੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੀ ਆਮਦ ਤੋਂ ਪਹਿਲਾਂ ਚੱਲ ਰਹੇ ਗੁਰਮਤਿ ਸਮਾਗਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੀ ਸੁਰੱਖਿਆ ਕਰਮੀਆਂ ਵੱਲੋਂ ਚੈਕਿੰਗ ਕਰਨ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਤੇ ਮਰਯਾਦਾ ਸਿੱਖਾਂ ਲਈ ਵੱਡੀ ਮਹੱਤਤਾ ਰੱਖਦਾ ਹੈ, ਪਰ ਇਸ ਦੇ ਉਲਟ ਹਰਿਆਣਾ ਅੰਦਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਪੁਲਸ ਪ੍ਰਸ਼ਾਸਨ ਵੱਲੋਂ ਇਸ ਦਾ ਵੱਡਾ ਉਲੰਘਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਸਾਹਮਣੇ ਆਈ ਵੀਡੀਓ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਹਰਿਆਣਾ ਪੁਲਿਸ ਦੇ ਕਰਮੀਆਂ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਦੀ ਚੈਕਿੰਗ ਕਰਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦੀਆਂ ਵੱਡੀਆਂ ਸ਼ਖ਼ਸੀਅਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਧਾ ਤੇ ਸਤਿਕਾਰ ਨਾਲ ਨਤਮਸਤਕ ਹੁੰਦੀਆਂ ਹਨ, ਪਰੰਤੂ ਹਰਿਆਣਾ ਦੀ ਭਾਜਪਾ ਸਰਕਾਰ ਦੀ ਇਹ ਕਾਰਵਾਈ ਗੁਰੂ ਘਰ ਦੀਆਂ ਪ੍ਰੰਪਰਾਵਾਂ ਦੇ ਉਲਟ ਅਤੇ ਸੱਤਾ ਦੇ ਨਸ਼ੇ ਤੋਂ ਪ੍ਰਭਾਵਿਤ ਹੈ।ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਘਟਨਾ ਦੀ ਨੈਤਿਕ ਜ਼ੁੰਮੇਵਾਰੀ ਲੈਂਦਿਆਂ ਸਿੱਖ ਸੰਗਤਾਂ ਪਾਸੋਂ ਮੁਆਫ਼ੀ ਮੰਗਣ ਲਈ ਵੀ ਕਿਹਾ।

# ਕਿਸਾਨ ਆਗੂ ਅਤੁਲ ਅੰਜਾਨ ਨੂੰ ਭਾਵ-ਭਿੰਨੀ ਸ਼ਰਧਾਂਜਲੀ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਬੀਤੇ ਦਿਨ ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਅਤੁਲ ਅੰਜਾਨ ਕੈਂਸਰ ਦੀ ਨਾ-ਮੁਰਾਦ ਬਿਮਾਰੀ ਨਾਲ ਲਖਨਊ ਵਿਖੇ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਤੇ ਕਿਸਾਨ ਲਹਿਰ ਨੂੰ ਉਨ੍ਹਾਂ ਦੀ ਵੱਡੀ ਦੇਣ ਨੂੰ ਯਾਦ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕੌਂਸਲ ਤਰਨ ਤਾਰਨ ਦੇ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ, ਦਵਿੰਦਰ ਸੋਹਲ, ਕੁਲਬੀਰ ਸਿੰਘ ਕਸੇਲ, ਮਹਾਂਬੀਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਰਣਜੀਤ ਸਿੰਘ ਬਹਾਦਰ ਨਗਰ, ਕਿਰਨਜੀਤ ਕੌਰ ਵਲਟੋਹਾ ਨੇ ਕਿਹਾ ਕਿ ਅਤੁਲ ਅੰਜਾਨ ਵਿਦਿਆਰਥੀ ਜੀਵਨ ਵੇਲੇ ਵੀ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਸੰਘਰਸ਼ਸ਼ੀਲ ਰਿਹਾ ਤੇ ਵੱਡੇ ਵਿਦਿਆਰਥੀ ਘੋਲਾਂ ਦੀ ਅਗਵਾਈ ਕੀਤੀ।ਆਪਣੇਂ ਪਿਤਾ ਦੀ ਦੇਸ਼ ਭਗਤੀ ਤੇ ਇਨਕਲਾਬੀਪੁਣੇ ਦੀ ਵਿਰਾਸਤ ਨੂੰ ਸਾਂਭਦਿਆਂ ਨੌਕਰੀ ਕਰਨ ਜਾਂ ਆਪਣਾ ਕਾਰੋਬਾਰ ਕਰਨ ਦੀ ਬਜਾਏ ਕੁੱਲ ਹਿੰਦ ਕਿਸਾਨ ਸਭਾ ਦੇ ਝੰਡੇ ਹੇਠ ਕਿਸਾਨਾਂ ਮਜ਼ਦੂਰਾਂ ਦੀ ਲੁੱਟ-ਖਸੁੱਟ ਵਿਰੁੱਧ ਸੰਘਰਸ਼ਸ਼ੀਲ ਹੋ ਗਿਆ।ਹੁਣ ਕਿਸਾਨ ਸਭਾ ਦਾ ਕੌਮੀ ਜਨਰਲ ਸਕੱਤਰ ਸੀ ।ਸ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਹੁੰਦਿਆਂ ਕਿਸਾਨਾਂ ਲਈ ਬਣੇ ਸਵਾਮੀਨਾਥਨ ਕਮਿਸ਼ਨ ਵਿੱਚ ਅਤੁਲ ਅੰਜਾਨ ਇੱਕਲੇ ਗੈਰ-ਸਰਕਾਰੀ ਮੈਂਬਰ ਸਨ।ਇਨ੍ਹਾਂ ਨੇ ਐੱਮਐੱਸਪੀ ਸਮੇਤ ਬਹੁਤ ਸਾਰੀਆਂ ਕਿਸਾਨੀ ਨੂੰ ਬਚਾਉਣ ਵਾਲੀਆਂ ਸਿਫ਼ਾਰਸ਼ਾਂ ਕਮਿਸ਼ਨ ਤੋਂ ਕਰਾਉਣ ਵਿੱਚ ਸਫ਼ਲਤਾ ਹਾਸਲ ਕੀਤੀ।ਉਸ ਵੇਲੇ ਬੀਜੇਪੀ ਆਗੂ ਵੀ ਇਨ੍ਹਾਂ ਚੰਗੀਆਂ ਸਿਫ਼ਾਰਸ਼ਾਂ ਪਵਾਉਣ ਲਈ ਅਤੁਲ ਅੰਜਾਨ ਦਾ ਸ਼ੁਕਰੀਆ ਕਰਨ ਲਈ ਮਜਬੂਰ ਹੋਈ ਸੀ।ਆਪਣੀ ਬਿਮਾਰੀ ਦੀ ਹਾਲਤ ਵਿੱਚ ਵੀ ਉਹ ਦਿੱਲੀ ਮੋਰਚੇ ਦੌਰਾਨ ਹਾਜ਼ਰੀ ਭਰਦੇ ਰਹੇ। ਉਨ੍ਹਾਂ ਦੇ ਵਿਛੋੜੇ ਨਾਲ ਕਿਸਾਨੀ ਜਗਤ ਨੂੰ ਵੱਡਾ ਘਾਟਾ ਪਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਧੂੰਦਾ, ਸੁਖਦੇਵ ਸਿੰਘ ਮਾਨੋਚਾਹਲ, ਮੋਤਾ ਸਿੰਘ ਸੋਹਲ, ਰਛਪਾਲ ਸਿੰਘ ਬਾਠ ਵੀ ਹਾਜ਼ਰ ਸਨ।

## ਵਿੱਦਿਅਕ ਸੈਮੀਨਾਰ ਰਾਹੀਂ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸਾਰ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ ਤਰਨਤਾਰਨ ਜ਼ੋਨ ਦੇ ਖੇਤਰ ਅਜਨਾਲਾ ਵੱਲੋਂ ਪ੍ਰਚਾਰਕ ਹਰਪ੍ਰਤਾਪ ਸਿੰਘ ਅਜਨਾਲਾ ਦੁਆਰਾ ਗੁਰੂ ਨਾਨਕ ਦੇਵ ਜੀ ਸੀਨੀਅਰ ਸੈਕੰਡਰੀ ਸਕੂਲ ਨੇਪਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਛੋਆ, ਸਰਕਾਰੀ ਹਾਈ ਸਕੂਲ ਜਗਦੇਵ ਖੁਰਦ ਵਿਖੇ 'ਵਿੱਦਿਅਕ ਸੈਮੀਨਾਰ' ਦੁਆਰਾ ਨੈਤਿਕ ਕਦਰਾਂ-ਕੀਮਤਾਂ, ਨਿਰੋਆ ਸਮਾਜ ਸਿਰਜਣ, ਜਾਤ-ਪਾਤ ਦੇ ਵਿਤਕਰੇ ਤੋਂ ਦੂਰ ਰਹਿਣ ਵਾਸਤੇ ਗੁਰੂ ਨਾਨਕ ਸਾਹਿਬ ਦੇ ਸਰਬਸਾਂਝੀਵਾਲਤਾ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਲਈ ਵਿਚਾਰ ਸਾਂਝੇ ਕੀਤੇ। ਬੱਚਿਆਂ ਨੂੰ 22 ਅਗਸਤ ਨੂੰ ਸੰਸਥਾ ਵੱਲੋਂ ਲਏ ਜਾਣ ਵਾਲੇ ਨੈਤਿਕ ਸਿੱਖਿਆ ਦੇ ਪੇਪਰ ਦੇਣ ਲਈ ਵੀ ਪ੍ਰੇਰਿਤ ਕੀਤਾ ਗਿਆ।ਸਕੂਲ ਪ੍ਰਿੰ. ਆਤਮਜੀਤ ਸਿੰਘ, ਲਾਜਵਿੰਦਰ ਸਿੰਘ ਅਤੇ ਸਮੂਹ ਸਟਾਫ ਮੈਂਬਰ ਸਹਿਬਾਨ ਨੇ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਕੀਤਾ।

## ਸਰਕਾਰੀ ਹਾਈ ਸਕੂਲ ਭਾਮੜੀ ਦਾ ਨਤੀਜਾ ਸੌ ਫੀਸਦੀ



**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜਿਆਂ ਵਿਚ ਸਰਕਾਰੀ ਹਾਈ ਸਕੂਲ ਭਾਮੜੀ ਦੀ ਅੱਠਵੀਂ ਜਮਾਤ ਦਾ ਨਤੀਜਾ ਸੌਫੀਸਦੀ ਰਿਹਾ।ਸਕੂਲ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਗੁਰਲੀਨ ਕੌਰ ਨੇ 552 ਅੰਕ ਲੈ ਕੇ ਪਹਿਲਾ, ਜ਼ਸਨਪ੍ਰੀਤ ਕੌਰ ਨੇ 544 ਅੰਕ ਲੈ ਕੇ ਦੂਜਾ, ਜਤਿੰਦਰ ਕੌਰ ਅਤੇ ਦੀਆ ਨੇ 531 ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਅਤੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਬਾਕੀ ਸਾਰੇ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ।ਵਿਦਿਆਰਥੀਆਂ ਵੱਲੋਂ ਪ੍ਰਾਪਤ ਸਫਲਤਾ ਦਾ ਸਿਹਰਾ ਸਕੂਲ ਦੇ ਮਿਹਨਤੀ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆ ਨੂੰ ਜਾਂਦਾ ਹੈ ।ਸਕੂਲ ਇੰਚਾਰਜ ਰਾਕੇਸ਼ ਕੁਮਾਰ, ਹਿੰਦੀ ਮਿਸਟ੍ਰੈਸ ਹਰਵੀਨ ਕੌਰ, ਐੱਸਐੱਸ ਮਾਸਟਰ ਜਸਵਿੰਦਰ ਸਿੰਘ, ਸਾਇੰਸ ਮਾਸਟਰ ਸਰਬਜੀਤ ਸਿੰਘ, ਮੈਥ ਮਾਸਟਰ ਹਰਜਿੰਦਰ ਸਿੰਘ ਅਤੇ ਵਿਨੋਦ ਕੁਮਾਰ, ਕੰਪਿਊਟਰ ਟੀਚਰ ਹਰਪ੍ਰੀਤ ਸਿੰਘ ਅਤੇ ਰੇਖਾ ਰਾਣੀ, ਡੀਪੀ ਅੰਮ੍ਰਿਤਪਾਲ ਸਿੰਘ, ਰਵਿੰਦਰ ਰਵੀ ਨੇ ਇਸ ਸ਼ਾਨਦਾਰ ਨਤੀਜੇ 'ਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਭਾਈ ਧਿਆਨ ਸਿੰਘ ਮੰਡ ਅੱਜ ਪੜ੍ਹਨਗੇ ਕੌਮ ਦੇ ਨਾਂਅ ਸੰਦੇਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਬੱਤ ਖਾਲਸਾ ਸੰਮੇਲਨ 2015 ਦੇ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਥਾਪੇ ਗਏ ਕਾਰਜਕਾਰੀ ਸਿੰਘ ਸਾਹਿਬ ਜੱਥੇਦਾਰ ਭਾਈ ਧਿਆਨ ਸਿੰਘ ਮੰਡ 6 ਮਈ ਦਿਨ ਸੋਮਵਾਰ ਨੂੰ ਦੁਪਹਿਰ 3 ਵਜੇ ਕੌਮ ਦੇ ਨਾਂ ਸੰਦੇਸ਼ ਪੜ੍ਹਨਗੇ।ਇਸ ਗੱਲ ਦੀ ਜਾਣਕਾਰੀ ਸਰਬੱਤ ਖਾਲਸਾ ਸੰਮੇਲਨ 2015 ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਦੇ ਵੱਲੋਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਅਜੋਕੇ ਦੌਰ ਦੇ ਦੌਰਾਨ ਸਿੱਖ ਕੌਮ ਤੇ ਪੰਥ ਪੰਥਕ ਦੋਖੀਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਤੇ ਭੁਲੇਖਾ ਪਾਊ ਬਿਆਨਬਾਜ਼ੀ ਦੇ ਕਾਰਨ ਆਪਣੇ ਆਪ ਨੂੰ ਠੱਗਿਆ ਤੇ ਦੁਚਿੱਤੀ ਵਿੱਚ ਮਹਿਸੂਸ ਕਰ ਰਹੀ ਹੈ। ਅਜਿਹੇ ਵਿੱਚ ਕੌਮ ਤੇ ਪੰਥ ਦੇ ਵਿਚਕਾਰ ਵਿਚਾਰਾਂ ਤੇ ਸੋਚ ਦੀ ਸਮਾਨਤਾ ਤੇ ਬਰਾਬਰਤਾ ਅਤਿਅੰਤ ਜ਼ਰੂਰੀ ਹੈ ਜਿਸ ਦੇ ਲਈ ਸੇਵਾ, ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਮੀਰੀ ਪੀਰੀ ਦੇ ਮਾਲਕ ਤੇ 6ਵੇਂ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਉਸਾਰੇ ਗਏ ਮੀਰੀ ਪੀਰੀ ਦੇ ਸੁਮੇਲ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਅਤੇ ਅਗਵਾਈ ਹਾਸਲ ਕਰਨ ਦੇ ਲਈ ਇਹ ਪਵਿੱਤਰ ਸਥਾਨ ਹੈ ।ਪੰਥਕ ਹਿਤੈਸ਼ੀਆਂ ਤੇ ਪੰਥਕ ਦਰਦੀਆਂ ਨੂੰ ਇਹ ਸੰਦੇਸ਼ ਸੁਣਨ ਤੇ ਇਸ ਨੂੰ ਸਰਬ ਪ੍ਰਵਾਨਤ ਕਰਵਾਉਣ ਦੇ ਲਈ ਵੱਡੀ ਗਿਣਤੀ ਵਿੱਚ 6 ਮਈ ਦਿਨ ਸੋਮਵਾਰ ਨੂੰ ਹੁੰਮ-ਹੁੰਮਾ ਕੇ ਪੁੱਜਣ ਦੀ ਅਪੀਲ ਹੈ।

# ਡਾ. ਚੀਮਾ ਦੇ ਹੱਕ 'ਚ ਪਿੰਡ ਸੁੰਦੜ 'ਚ ਭਰਵੀਂ ਵਰਕਰ ਮਿਲਣੀ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਪੰਜਾਬ ਵਿਚ ਆਰਥਿਕ ਵਿਕਾਸ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਦਭਾਵਨਾ ਵਾਲਾ ਮਾਹੌਲ ਕੇਵਲ ਅਕਾਲੀ ਸਰਕਾਰਾਂ ਦੌਰਾਨ ਹੀ ਸਥਾਪਿਤ ਹੋਇਆ ਹੈ ਜਦੋਂਕਿ ਦੂਜੀਆਂ ਸਰਕਾਰਾਂ ਨੇ ਲੋਕਾਂ ਨਾਲ ਕੀਤੇ ਇਕ ਵੀ ਵਾਅਦੇ ਨੂੰ ਪੂਰਾ ਕਰਕੇ ਨਹੀਂ ਦਿਖਾਇਆ।ਵਿਧਾਨ ਸਭਾ ਹਲਕਾ ਦੀਨਾਨਗਰ ਦੇ ਇੰਚਾਰਜ ਕਮਲਜੀਤ ਚਾਵਲਾ ਵੱਲੋਂ ਪਿੰਡ ਸੁੰਦੜ ਵਿਖੇ ਸਾਬਕਾ ਸਰਪੰਚ ਸਵਿੰਦਰ ਸਿੰਘ ਦੇ ਘਰ ਰੱਖੀ ਵਰਕਰ ਮਿਲਣੀ ਨੂੰ ਸੰਬੋਧਨ ਕਰਦਿਆਂ ਡਾ. ਚੀਮਾ ਨੇ ਆਖਿਆ ਕਿ ਕਾਂਗਰਸ ਸਰਕਾਰਾਂ ਦੌਰਾਨ ਵਿਕਾਸ ਸੜਕਾਂ ਦੇ ਪੈਚ ਵਰਕ ਤੋਂ ਅੱਗੇ ਨਹੀਂ ਵਧ ਸਕਿਆ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਕੋਲੋਂ ਤਾਂ ਅਮਨ-ਕਾਨੂੰਨ ਦੀ ਸਥਿਤੀ ਹੀ ਕਾਬੂ ਹੇਠ ਨਹੀਂ ਰੱਖੀ ਜਾ ਰਹੀ।ਉਨ੍ਹਾਂ ਆਖਿਆ ਕਿ ਕਿਸਾਨਾਂ ਨਾਲ ਕੇਂਦਰ ਸਰਕਾਰ ਦੇ ਜ਼ਾਲਮਾਨਾ ਰਵੱਈਏ ਕਾਰਨ ਲੋਕ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ



ਆਖਿਆ ਕਿ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਦਾ ਸਾਥ ਵੀ ਉਸ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਨ ਹੀ ਛੱਡਿਆ।ਉਨ੍ਹਾਂ ਕਿਹਾ ਕਿ ਉਹ ਜਿੱਤ ਕੇ ਗੁਰਦਾਸਪੁਰ ਵਿਚ ਰੁਜ਼ਗਾਰ ਲਈ ਵਿਸ਼ੇਸ਼ ਕੇਂਦਰੀ ਪੈਕੇਜ ਲੈ ਕੇ ਆਉਣਗੇ।ਇਸ ਮੌਕੇ ਹਲਕਾ ਇੰਚਾਰਜ ਕਮਲਜੀਤ ਚਾਵਲਾ ਨੇ ਆਖਿਆ ਕਿ ਡਾ. ਚੀਮਾ ਨੂੰ ਰਿਕਾਰਡਤੋੜ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਜਾਵੇਗਾ।ਇਸ ਮੌਕੇ ਸਵਿੰਦਰ ਸਿੰਘ ਸਾਬਕਾ ਸਰਪੰਚ, ਸਰਬਜੀਤ ਸਿੰਘ ਲਾਲੀਆ ਸਰਕਲ ਪ੍ਰਧਾਨ ਪੁਰਾਣਾ ਸ਼ਾਲ੍ਹਾ, ਬਲਵਿੰਦਰ ਸਿੰਘ ਤੁੰਗ ਮੈਂਬਰ ਸਲਾਹਕਾਰ ਪੰਜਾਬ, ਜੋਗਰਾਜ ਸਿੰਘ ਸੀਨੀਅਰ ਮੀਤ ਪ੍ਰਧਾਨ ਬੀਸੀ ਵਿੰਗ, ਤੇਜਬੀਰ ਸਿੰਘ ਸਾਬੀ ਮੈਂਬਰ ਜਨਰਲ ਕੌਂਸਲ ਪੰਜਾਬ, ਅਜੈਬ ਸਿੰਘ ਸਰਕਲ ਪ੍ਰਧਾਨ ਕਲੀਚਪੁਰ, ਹਰਭਜਨ ਸਿੰਘ ਸੁੰਦੜ, ਅਨੂਪ ਸਿੰਘ ਨੰਬਰਦਾਰ, ਅਨੰਤ ਕੌਰ ਸਰਕਲ ਪ੍ਰਧਾਨ ਇਸਤਰੀ ਵਿੰਗ ਪੁਰਾਣਾ ਸ਼ਾਲ੍ਹਾ, ਸੁਰਿੰਦਰ ਸਿੰਘ ਮੇਘੀਆ, ਜਸਵੀਰ ਸਿੰਘ ਮੇਘੀਆ, ਗਨੇਸ਼ ਦਾਸ, ਲੱਖਾ ਸਿੰਘ ਮਮੇਘੀਆ, ਬਲਜੀਤ ਸਿੰਘ ਮੁਲਤਾਨੀ, ਰਮਨ ਕੁਮਾਰ, ਬੰਟੀ ਸੈਦੋਵਾਲ ਕਲਾਂ ਅਤੇ ਕੁਲਵਿੰਦਰ ਸਿੰਘ ਦੁੱਲਾ ਆਦਿ ਵੀ ਹਾਜ਼ਰ ਸਨ।

# ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ 'ਚ ਚੋਣ ਰੈਲੀ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਾਂਗਰਸ ਪਾਰਟੀ ਦੇ ਸੂਬਾ ਸਕੱਤਰ ਤੇ ਸਮਾਜ ਸੇਵੀ ਕਰਨਬੀਰ ਸਿੰਘ ਬੁਰਜ ਦੇ ਗ੍ਰਹਿ ਵਿਖੇ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰ: ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਰੈਲੀ ਕੀਤੀ ਗਈ ਜਿਸ ਵਿੱਚ ਕਾਂਗਰਸ ਪਾਰਟੀ ਦੇ ਡਿੱਗਜ ਆਗੂ ਪਹੁੰਚੇ ਅਤੇ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ।ਇਸ ਮੌਕੇ ਵੱਖ-ਵੱਖ ਆਗੂਆਂ ਨੇ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਸੰਬੋਧਨ ਕੀਤਾ।ਇਸ ਮੌਕੇ ਹਲਕਾ ਕਪੂਰਥਲਾ ਦੇ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੀ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਆਪਣੇ ਭਾਸ਼ਣ ਵਿੱਚ ਵਿਰੋਧੀਆਂ ਨੂੰ ਕਰੜੇ ਹੱਥੀਂ ਲਿਆ।ਇਸ ਮੌਕੇ ਸੰਬੋਧਨ ਵਿੱਚ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਮੈਂ ਸੰਸਦ ਵਿੱਚ ਹਲ਼ਕਾ ਖਡੂਰ ਸਾਹਿਬ ਦੇ ਮੁੱਖ ਮੁੱਦੇ ਜਿਵੇਂ ਨਸ਼ੇ ਤਾਂ ਸਾਰੇ ਪੰਜਾਬ ਦਾ ਹੀ ਮੁੱਦਾ ਹੈ। ਉਸ ਨੂੰ ਅਤੇ ਭਾਰਤ ਪਾਕਿਸਤਾਨ ਬਾਰਡਰ ਰਸਤੇ ਵਪਾਰ ਵਧਾਉਣ ਅਤੇ ਹਲਕੇ ਵਿੱਚ ਇੰਡਸਟਰੀ ਲਗਾਉਣ ਦਾ ਮੁੱਦਾ ਉਠਾਵਾਂਗਾ ਜਿਸ ਨਾਲ ਹਲਕੇ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਸ ਵਾਰ ਮੈਨੂੰ ਵੋਟ ਪਾ ਕੇ ਦੇਸ਼ ਦੀ ਪਾਰਲੀਮੈਂਟ ਵਿੱਚ ਭੇਜੋ ਤੇ ਫਿਰ ਹਲਕਾ ਖਡੂਰ ਸਾਹਿਬ ਵਿੱਚ ਵਿਕਾਸ ਨੂੰ ਬੁਲੰਦੀਆਂ 'ਤੇ ਪਹੁੰਚਾ ਕੇ ਸਾਹ ਲਵਾਂਗੇ।ਇਸ ਮੌਕੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ, ਓਪੀ ਸੋਨੀ, ਸਾਬਕਾ ਐੱਮਐੱਲਏ ਹਰਮਿੰਦਰ



ਸਿੰਘ ਗਿੱਲ, ਵਿਕਾਸ ਸੋਨੀ, ਚੇਅਰਮੈਨ ਰਮਨ ਕੁਮਾਰ ਝਬਾਲ, ਬਲਾਕ ਪ੍ਰਧਾਨ ਸੋਨੂੰ ਦੋਦੇ, ਸਰਪੰਚ ਨਰਿੰਦਰ ਪੱਪਾ ਝਬਾਲ, ਸੀਨੀਅਰ ਕਾਂਗਰਸੀ ਆਗੂ ਬਿਕਰਮ ਸਿੰਘ ਢਿੱਲੋਂ ਝਬਾਲ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਸਰਪੰਚ ਸੋਨੂੰ ਦੋਦੇ, ਚੇਅਰਮੈਨ ਪ੍ਰਮਜੀਤ ਸਿੰਘ ਲਾਲੂ ਘੁੰਮਣ, ਨਰਿੰਦਰ ਸਿੰਘ ਛਾਪਾ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਰਪੰਚ ਬਾਬਾ ਪਾਲ ਸਿੰਘ ਪੰਜਵੜ, ਗੁਰਦੀਪ ਸਿੰਘ ਰਿੰਟੂ ਸੋਹਲ, ਮਖਤੂਲ ਸਿੰਘ ਸੋਹਲ, ਪਾਲ਼ੀ ਸੋਢੀ ਝਬਾਲ, ਡਾ. ਚਰਨਜੀਤ ਸਿੰਘ ਸੋਢੀ ਝਬਾਲ, ਜੇਈ ਹਰਭਿੰਦਰ ਸਿੰਘ ਝਬਾਲ, ਮਾਸਟਰ ਸੁਖਵਿੰਦਰ ਸਿੰਘ ਝਬਾਲ, ਸੀਨੀਅਰ ਕਾਂਗਰਸੀ ਨਿੱਪੀ ਸੂਦ ਝਬਾਲ, ਸਾਬਕਾ ਸਰਪੰਚ ਤਰਸੇਮ ਸਿੰਘ ਖੈਰਦੀ, ਮਨਜੀਤ ਸਿੰਘ ਸੋਢੀ ਝਬਾਲ, ਕਸ਼ਮੀਰ ਸਿੰਘ ਫੌਜੀ ਬਘੇਲ ਸਿੰਘ ਵਾਲਾ, ਇੰਦਰਜੀਤ ਸਿੰਘ ਚੀਮਾ, ਪਲਵਿੰਦਰ ਸਿੰਘਾਂ ਕੈਰੋਂ, ਲਾਲੀ ਪਲਾਈਆਂ ਵਾਲੇ, ਅਮਰਜੀਤ ਸਿੰਘ ਭੋਜੀਆਂ, ਦਿਲਬਾਗ ਸਿੰਘ ਠੱਠਗੜ੍ਹ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਗੱਗੂਬੋਹਾ, ਰਾਜਾ ਫਰੂਟ ਵਾਲੇ, ਸਾਬਕਾ ਏਐੱਸਆਈ ਦੇਸਰਾਜ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਰੰਧਾਵਾ ਕਸੇਲ, ਬੋਬੀ ਕਸੇਲ, ਬਿੱਟੂ ਕੇਬਲ ਵਾਲੇ, ਦਿਲਬਾਗ ਸਿੰਘ ਝਬਾਲ ਖੁਰਦ, ਮੈਂਬਰ ਟੋਨਾ ਝਬਾਲ, ਹੈਪੀ ਝਬਾਲ, ਢਿੱਲੋਂ ਝਬਾਲ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ।

# ਵੱਖ-ਵੱਖ ਸਕੂਲਾਂ 'ਚ ਕਰਵਾਏ ਬੱਚਿਆਂ ਦੇ ਵੋਟਰ ਜਾਗਰੂਕਤਾ ਮੁਕਾਬਲੇ



**ਸ੍ਰੀ ਅੰਮ੍ਰਿਤਸਰ ਸਾਹਿਬ, (ਜਗਦੀਸ਼ ਕਮਲੇਸ਼)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸਡੀਐੱਮ ਲੋਪੋਕੇ ਅਮਨਦੀਪ ਕੌਰ ਘੁੰਮਣ ਦੇ ਦਿਸ਼ਾ ਨਿਰਦੇਸ਼ਾਂ 'ਤੇ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਰਾਜਾਸਾਂਸੀ ਵਿਧਾਨ ਸਭਾ ਹਲਕੇ ਦੇ ਸਰਕਾਰੀ ਹਾਈ ਸਕੂਲ ਜਸਰਾਊਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਜਸਤਰਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਓਠੀਆਂ, ਬੀਐੱਮਐੱਸ ਪਬਲਿਕ ਸਕੂਲ, ਸਿੱਖ ਨੈਸ਼ਨਲ ਸਕੂਲ਼ ਸਮੇਤ 20 ਤੋਂ ਵੱਧ ਸਕੂਲਾਂ ਵਿੱਚ ਵੋਟਰ ਜਾਗਰੂਕਤਾ ਪੋਸਟਰ ਮੇਕਿੰਗ, ਮਹਿੰਦੀ ਮੁਕਾਬਲੇ ਕਰਵਾਏ ਗਏ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਰਾਜਾਸਾਂਸੀ ਵਿਧਾਨ ਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਅਰਚਨਾ ਬੋਸ ਨੇ ਦੱਸਿਆ ਕਿ ਸਵੀਪ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਹਿਊਮਨ ਚੇਨ ਬਣਾ ਕੇ ਵੀ ਲੋਕਾਂ ਨੂੰ ਵੋਟ ਪ੍ਰਤੀ ਜਾਗਰੂਕ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਾਰੇ ਵੋਟਰ 1 ਜੂਨ ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਕ ਹੱਕ ਦੀ ਵਰਤੋਂ ਕਰਨ।ਉਨ੍ਹਾਂ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸਭ ਨੂੰ ਇਸ ਲੋਕਤੰਤਰ ਦਾ ਹਿੱਸਾ ਬਣਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਰਾਜਾਸਾਂਸੀ ਵਿਧਾਨ ਸਭਾ ਹਲਕੇ ਦੇ ਸਕੂਲਾਂ ਵਿੱਚ ਕਰਵਾਏ ਗਏ ਵੋਟਰ ਜਾਗਰੂਕਤਾ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦਾ ਭਰਪੂਰ ਜੋਸ਼ ਦੇਖਣ ਨੂੰ ਮਿਲਿਆ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਸਵੀਪ ਗਤੀਵਿਧੀਆਂ ਕਰਵਾਉਣ ਲਈ ਨਰਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਕੁਲਜੀਤ ਕੌਰ ਅਤੇ ਮੈਡਮ ਰਾਜੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ।

# ਲੰਗਾਹ ਵੱਲੋਂ ਧਾਰੀਵਾਲ 'ਚ ਰੱਖੀ ਪ੍ਰੈੱਸ ਕਾਨਫਰੰਸ ਨੇ ਰੈਲੀ ਦਾ ਰੂਪ ਧਾਰਿਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਲੋਕ ਸਭਾ ਚੋਣਾਂ ਸਬੰਧੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੁੱਚਾ ਸਿੰਘ ਲੰਗਾਹ ਵੱਲੋਂ ਅੱਜ ਧਾਰੀਵਾਲ ਵਿਖੇ ਰੱਖੀ ਪ੍ਰੈਸ਼ ਕਾਨਫਰੰਸ ਨੇ ਵੱਡੀ ਮੀਟਿੰਗ ਦਾ ਰੂਪ ਧਾਰਿਆ। ਇਸ ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਐੱਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਬਾਬਾ ਸੁਖਵਿੰਦਰ ਸਿੰਘ ਤੇ ਸਵਰਨ ਸਿੰਘ ਮਲਕਪੁਰ ਵਾਲੇ, ਯੂਥ ਕੋਰ ਕਮੇਟੀ ਮੈਂਬਰ ਕੰਵਲਪ੍ਰੀਤ ਸਿੰਘ ਕਾਕੀ, ਸਾਬਕਾ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਬਾਜੇਚੱਕ, ਸਾਬਕਾ ਜ਼ਿਲ੍ਹਾ ਯੂਥ ਪ੍ਰਧਾਨ ਪਰਮਬੀਰ ਸਿੰਘ ਲਾਡੀ, ਯੂਥ ਕੋਰ ਕਮੇਟੀ ਮੈਂਬਰ ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਸਾਬਕਾ ਚੇਅਰਮੈਨ ਤਰਲੋਕ ਸਿੰਘ ਛੋਟੇਪੁਰ, ਜਥੇਦਾਰ ਸਰਵਣ ਸਿੰਘ ਸੇਵਕ, ਸੀਨੀਅਰ ਮੀਤ ਪ੍ਰਧਾਨ ਬਾਬਾ ਨੱਥਾ ਸਿੰਘ ਸੰਧਵਾਂ, ਸਾਬਕਾ ਕੌਂਸਲਰ ਕੁਲਦੀਪ ਸਿੰਘ ਟੋਨੀ, ਸਾਬਕਾ ਕੌਂਸਲਰ ਵਿਜੈ ਸ਼ਰਮਾ, ਸਾਬਕਾ ਚੇਅਰਮੈਨ ਅਮਰੀਕ ਸਿੰਘ ਆਦਿ ਸਮੇਤ ਹੋਰ ਵੀ ਕੱਦਦਾਰ ਅਕਾਲੀ ਆਗੂ ਅਤੇ ਸੁੱਚਾ ਸਿੰਘ ਲੰਗਾਹ ਦੇ ਸਮੱਰਥਕ ਜੁਝਾਰੂ ਵਰਕਰ ਸਾਮਲ ਹੋਏ। ਪ੍ਰੈਸ ਕਾਨਫਰੰਸ ਦੌਰਾਨ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਭਾਵੇਂ ਪਿਛਲੇ ਸੱਤ ਸਾਲ ਤੋਂ ਮੈਂ ਰਗੜੇ ਖਾ ਰਿਹਾ ਹਾਂ ਅਤੇ ਕਈ ਸਿਆਸੀ ਪਾਰਟੀਆਂ ਮੇਰੇ ਤੇ ਪ੍ਰੈਸ਼ਰ ਪਾ ਰਹੀਆਂ ਹਨ ਪਰ ਮੈਂ ਜੰਮਿਆ ਵੀ ਅਕਾਲੀ ਹਾਂ ਅਤੇ ਅਕਾਲੀ ਹੀ ਮਰਾਂਗਾ, ਮੇਰਾ ਆਖਰੀ ਸਾਹ ਅਕਾਲੀ ਦਲ ਦੇ ਨਾਲ ਰਹੇਗਾ, ਕਿਸੇ ਹੋਰ ਪਾਰਟੀ ਵਿੱਚ ਨਹੀਂ ਜਾਵਾਂਗਾ। ਦੋਗਲੇ ਅਕਾਲੀ ਲੀਡਰ ਹਾਰ ਜਾਣ ਤੇ



ਕਹਿੰਦੇ ਹਨ ਲੰਗਾਹ ਦੇ ਬੰਦਿਆਂ ਸਾਨੂੰ ਹਰਾ ਦਿੱਤਾ ਹੈ, ਪਰ ਦੂਜੇ ਪਾਸੇ ਕਹਿੰਦੇ ਨੇ ਲੰਗਾਹ ਦੇ ਪੱਲੇ ਕੁੱਝ ਨਹੀਂ। ਉਨ੍ਹਾਂ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ ਹੁਣ ਆਪਣੇ ਆਪ ਨੂੰ ਅਕਾਲੀ ਦੱਸਣ ਵਾਲੇ ਅਖੌਤੀ ਅਕਾਲੀ ਕੁੱਝ ਲੋਕ ਜੋ ਕਿ ਸੀਨੀਅਰ ਅਕਾਲੀ ਲੀਡਰਸ਼ਿਪ ਅਤੇ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਗੁੰਮਰਾਹ ਕਰ ਰਹੇ ਹਨ ਇਨ੍ਹਾਂ ਅਖੌਤੀ ਅਕਾਲੀਆਂ ਤੋਂ ਗੁੰਮਰਾਹ ਹੋਏ ਅਕਾਲੀ ਉਮੀਦਵਾਰ ਡਾ: ਦਲਜੀਤ ਸਿੰਘ ਚੀਮਾ ਵਲੋਂ ਅਜੇ ਤੱਕ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ ਗਿਆ। ਬਹੁਤ ਸਾਰੇ ਟਕਸਾਲੀ ਅਕਾਲੀਆਂ ਨੂੰ ਵੀ ਅਣਗੌਲਿਆ ਗਿਆ, ਜੋ ਅੱਜ ਮੇਰੇ ਨਾਲ ਖੜੇ ਹਨ। ਉਨ੍ਹਾਂ ਕਿਹਾ ਕ੍ਰਿਸਚੀਅਨ ਭਾਈਚਾਰੇ ਦੀ ਗੁਰਦਾਸਪੁਰ ਹਲਕੇ ਅੰਦਰ 3 ਲੱਖ ਤੋਂ ਵੱਧ ਵੋਟ ਹੈ, ਪਰ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਕ੍ਰਿਸਚੀਅਨ ਭਾਈਚਾਰੇ ਨੂੰ ਅਣਗੌਲਿਆ ਗਿਆ ਹੈ। ਕ੍ਰਿਸਚਿਅਨ ਭਾਈਚਾਰੇ ਦੇ ਬਹੁਗਿਣਤੀ ਲੋਕ ਵੀ ਉਨ੍ਹਾਂ ਦੇ ਨਾਲ ਹਨ। ਲੰਗਾਹ ਨੇ ਕਿਹਾ 22 ਮਈ ਨੂੰ ਕਲਾਨੌਰ ਵਿਖੇ ਵਿਸ਼ਾਲ ਰੈਲੀ ਰੱਖੀ ਗਈ ਹੈ ਜਿਸ ਵਿੱਚ 10 ਹਜ਼ਾਰ ਤੋਂ ਵੱਧ ਉਨ੍ਹਾਂ ਦੇ ਸਮਰਥਕ ਸ਼ਾਮਲ ਹੋਣਗੇ ਅਤੇ ਇਸ ਦੌਰਾਨ ਲੋਕ ਸਭਾ ਚੋਣਾਂ ਸਬੰਧੀ ਅਹਿਮ ਫੈਸਲੇ ਲਏ ਜਾਣਗੇ। ਇਸ ਮੌਕੇ ਸੁਲੱਖਣ ਸਿੰਘ ਸੇਖਾ, ਕੁਲਦੀਪ ਸਿੰਘ ਬੈਂਸ, ਕਪੂਰ ਸਿੰਘ ਮੱਲੀਆਂ, ਸੀਨੀਅਰ ਆਗੂ ਕਰਨੈਲ ਸਿੰਘ, ਤੇਜਬੀਰ ਸਿੰਘ ਪੀ.ਏ.,ਚੈਂਚਲ ਸਿੰਘ ਬੰਦਿਆਂਵਾਲੀ ਆਦਿ ਸਮੇਤ ਹੋਰ ਵੀ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜ਼ਿਲ੍ਹੇ 'ਚ ਹੁਣ ਤੱਕ 517865 ਮੀਟਰਿਕ ਟਨ ਕਣਕ ਦੀ ਆਮਦ ਹੋਈ : ਡਿਪਟੀ ਕਮਿਸ਼ਨਰ



**ਸ੍ਰੀ ਅੰਮ੍ਰਿਤਸਰ ਸਾਹਿਬ, (ਜਗਦੀਸ਼ ਕਮਲੇਸ਼)**-ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ।ਜ਼ਿਲਾ ਅੰਮ੍ਰਿਤਸਰ ਦੀਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆ ਰਹੀ ਅਤੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੰਡੀਆਂ ਵਿੱਚ ਪੂਰੇ ਇੰਤਜ਼ਾਮ ਕੀਤੇ ਗਏ ਹਨ।ਇਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਨਿਰਦੇਸ਼ ਦਿੱਤੇ ਕਿ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ।ਉਨ੍ਹਾਂ ਦੱਸਿਆ ਕਿ ਹੁਣ ਤੱਕ ਜਿਲ੍ਹੇ ਦੀਆਂ ਮੰਡੀਆਂ ਵਿੱਚ 517865 ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ ਕਿਸਾਨਾਂ ਨੂੰ 918.41 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਅਦਾਇਗੀ ਖਰੀਦ ਏਜੰਸੀ ਪੰਜਾਬ ਸਟੇਟ ਵੇਅਰ ਹਾਊਸ ਵਲੋਂ 62962 ਮੀਟਰਿਕ ਟਨ ਕਣਕ ਦੀ ਖਰੀਦ ਕਰਕੇ 148.76 ਕਰੋੜ ਰੁਪਏ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ ਅਤੇ ਇਸੇ ਤਰ੍ਹਾਂ ਹੀ ਪਨਗਰੇਨ ਏਜੰਸੀ ਵੱਲੋਂ 114152 ਮੀਟਰਿਕ ਟਨ ਕਣਕ ਦੀ ਖਰੀਦ ਕਰਕੇ 276.52 ਕਰੋੜ ਰੁਪਏ, ਮਾਰਕਫੈੱਡ ਵੱਲੋਂ 104875 ਮੀਟਰਿਕ ਟਨ ਕਣਕ ਦੀ ਖਰੀਦ ਕਰਕੇ 241.58 ਕਰੋੜ ਰੁਪਏ, ਪਨਸਪ ਵੱਲੋਂ 90156 ਮੀਟਰਿਕ ਟਨ ਕਣਕ ਦੀ ਖਰੀਦ ਕਰਕੇ 208.55 ਕਰੋੜ ਰੁਪਏ ਅਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਵੱਲੋਂ 19862 ਮੀਟਰਿਕ ਟਨ ਕਣਕ ਦੀ ਖਰੀਦ ਕਰਕੇ 43 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 48 ਘੰਟਿਆਂ ਦੌਰਾਨ ਵੱਖ-ਵੱਖ ਏਜੰਸੀਆਂ ਵੱਲੋਂ ਖਰੀਦ ਕੀਤੀ ਗਈ ਕਣਕ ਦੀ ਪੇਮੈਂਟ ਵੀ ਕਲੀਅਰ ਕੀਤੀ ਜਾ ਰਹੀ ਹੈ ਅਤੇ ਸਾਰੀਆਂ ਏਜੰਸੀਆਂ ਵੱਲੋਂ ਕਿਸਾਨਾਂ ਨੂੰ ਸਮੇਂ ਦੇ ਅੰਦਰ ਅੰਦਰ ਅਦਾਇਗੀ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਖੁਦ ਮੰਡੀਆਂ ਵਿੱਚ ਲਿਫਟਿੰਗ ਦੇ ਕੰਮਾਂ ਦਾ ਧਿਆਨ ਰੱਖਣ ਅਤੇ ਲਿਫਟਿੰਗ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ।ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸਰਤਾਜ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਵਿਚ ਕਣਕ ਦਾ ਸੀਜ਼ਨ ਪੂਰੇ ਰਾਜ ਵਿਚ ਸਭ ਤੋਂ ਇਲਾਵਾ ਦੇਰੀ ਨਾਲ ਸ਼ੁਰੂ ਹੁੰਦਾ ਹੈ, ਪਰ ਡਿਪਟੀ ਕਮਿਸ਼ਨਰ ਦੀ ਬਦੌਲਤ ਸਾਡੀ ਤਿਆਰੀ ਰਾਜ ਦੇ ਬਰਾਬਰ ਹੀ ਸੀ, ਜਿਸ ਸਦਕਾ ਅਸੀਂ ਮੰਡੀਆਂ ਵਿਚੋਂ ਕਣਕ ਦੀ ਚੁਕਾਈ ਨਾਲੋ-ਨਾਲ ਕਰਨ ਉਤੇ ਪਹੁੰਚ ਗਏ ਹਾ।ਦੱਸਣਯੋਗ ਹੈ ਕਿ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਵੱਲੋਂ ਕਣਕ ਦੀ ਖਰੀਦ ਬਾਬਤ ਰੋਜ਼ਾਨਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਂਦੀ ਹੈ ਅਤੇ ਹਰੇਕ ਐੱਸਡੀਐੱਮ ਨੂੰ ਰੋਜ਼ਾਨਾ ਆਪਣੇ ਹਲਕੇ ਦੀਆਂ ਮੰਡੀਆਂ ਦੀ ਸਾਰ ਲੈਣ ਦੀ ਹਦਾਇਤ ਕੀਤੀ ਗਈ ਹੈ।ਇਸ ਮੀਟਿੰਗ ਵਿੱਚ ਜਿਲ੍ਹਾ ਮੰਡੀ ਅਫ਼ਸਰ ਅਮਨਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# 5-ਸਟਾਰ ਸੇਫ ਕੁਸ਼ਾਕ ਤੇ ਸਲਾਵੀਆ 24 ਅਪਡੇਟ ਨਾਲ ਹੋਰ ਵੀ ਸੁਰੱਖਿਅਤ

**ਅੰਮ੍ਰਿਤਸਰ :** ਅਕਤੂਬਰ 2022 ਵਿੱਚ ਕੁਸ਼ਾਕ ਅਤੇ ਅਪ੍ਰੈਲ 2023 ਵਿੱਚ ਸਲਾਵੀਆ ਸੇਡਾਨ ਦੇ ਨਾਲ ਸੁਰੱਖਿਆ ਮਾਪਦੰਡ ਸਥਾਪਤ ਕਰਨ ਤੋਂ ਬਾਅਦ ਸਕੋਡਾ ਆਟੋ ਇੰਡੀਆ ਕੁਸ਼ਾਕ ਅਤੇ ਸਲਾਵੀਆ ਦੇ ਸਾਰੇ ਵੇਰੀਐਂਟਸ ਵਿੱਚ ਸਟੈਂਡਰਡ ਵਜੋਂ ਛੇ ਏਅਰਬੈਗਾਂ ਦੀ ਸ਼ੁਰੂਆਤ ਦੇ ਨਾਲ ਸੁਰੱਖਿਆ ਮਾਰਗ ਦੀ ਅਗਵਾਈ ਕਰਨਾ ਜਾਰੀ ਰੱਖ ਰਿਹਾ ਹੈ।ਇਹ ਜਾਣ-ਪਛਾਣ ਕੰਪਨੀ ਦੇ ਇਤਿਹਾਸਕ ਮੇਡ-ਫੋਰ-ਇੰਡੀਆ, ਰੈਡੀ-ਫੋਰ-ਦੀ-ਵਰਲਡ ਇੰਡੀਆ 2.0 ਉਤਪਾਦ ਪੋਰਟਫੋਲੀਓ ਲਈ 24 ਅਪਡੇਟ ਦਾ ਹਿੱਸਾ ਹੈ।ਅਪਗ੍ਰੇਡ 'ਤੇ ਬੋਲਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਪੇਟਰ ਜੈਨਬਾ ਨੇ ਕਿਹਾ ਕਿ ਸੁਰੱਖਿਆ ਹਮੇਸ਼ਾ ਸਕੋਡਾ ਡੀਐੱਨਏ ਵਿੱਚ ਸ਼ਾਮਲ ਕੀਤੀ ਗਈ ਹੈ।ਅਸੀਂ ਗਲੋਬਲ ਟੈਸਟਾਂ ਦੇ ਤਹਿਤ ਬਾਲਗਾਂ ਅਤੇ ਬੱਚਿਆਂ ਲਈ ਪੂਰਾ 5-ਸਟਾਰ ਸਕੋਰ ਕਰਨ ਵਾਲਾ ਪਹਿਲਾ ਬ੍ਰਾਂਡ ਸੀ। ਸੁਰੱਖਿਆ 'ਤੇ ਸਾਡਾ ਜ਼ੋਰ ਸਾਡੀ ਮਨੁੱਖੀ ਸਪਰਸ਼ ਪਹੁੰਚ ਨੂੰ ਦਰਸਾਉਂਦਾ ਹੈ ਅਤੇ ਇੱਕ ਪਰਿਵਾਰਕ ਬ੍ਰਾਂਡ ਹੋਣ 'ਤੇ ਸਾਡੇ ਫੋਕਸ ਨੂੰ ਰੇਖਾਂਕਿਤ ਕਰਦਾ ਹੈ।ਅਸੀਂ ਹਮੇਸ਼ਾ ਆਪਣੇ ਬੇਸ ਵੇਰੀਐਂਟਸ ਵਿੱਚ ਫਰੰਟਲ ਏਅਰਬੈਗ ਅਤੇ ਛੇ ਸਾਡੇ ਉੱਚ ਵੇਰੀਐਂਟਸ ਵਿੱਚ ਪੇਸ਼ ਕੀਤੇ ਹਨ, ਹਰ ਇੱਕ ਦੂਜੇ ਜਿੰਨਾ ਸੁਰੱਖਿਅਤ ਹੈ।

# ਪੰਜਾਬ ਦੀਆਂ 13 ਸੀਟਾਂ 'ਤੇ ਕਰਾਂਗੇ ਸ਼ਾਨਦਾਰ ਜਿੱਤ ਹਾਸਲ : ਈ ਟੀ ਓ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਲੋਕ ਸਭਾ ਚੋਣਾਂ ਵਿੱਚ ਪੰਜਾਬ ਹੀਰੋ ਬਣ ਕੇ ਉਭਰੇਗਾ ਅਤੇ ਪੰਜਾਬ ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰਾਂਗੇ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਮਹਿਤਾ ਚੌਂਕ ਦੇ ਦਰਜਨਾਂ ਪਰਿਵਾਰ ਜੋ ਆਪਣੇ ਸਾਥੀਆਂ ਸਮੇਤ ਰਵਾਇਤੀ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ, ਨੂੰ ਸੰਬੋਧਨ ਕਰਦਿਆਂ ਕੀਤਾ। ਈਟੀਓ ਨੇ ਦੱਸਿਆ ਕਿ ਵਿਰੋਧੀ ਪਾਰਟੀਆਂ ਕੇਵਲ ਝੂਠੇ ਲਾਰੇ ਹੀ ਲਾ ਰਹੀਆਂ ਹਨ ਅਤੇ ਸਾਨੂੰ ਇਨ੍ਹਾਂ ਤੋਂ ਬਚਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਸੰਭਾਲਦਿਆਂ ਹੀ ਦੋ ਸਾਲ ਵਿੱਚ ਵਿੱਚ ਹੀ 45 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ, ਮੁਫਤ ਬਿਜਲੀ, ਮੁਫਤ ਬੱਸਾਂ ਦਾ ਸਫਰ ਅਤੇ ਲੋਕਾਂ ਨੂੰ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਉਨ੍ਹਾਂ ਕਿਹਾ ਕਿ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਕਿ ਅਸੀਂ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰੀਏ ਤਾਂ ਜੋ ਪੰਜਾਬ ਦਾ ਵਿਕਾਸ ਸਹੀ ਢੰਗ ਨਾਲ ਹੋ ਸਕੇ।ਉਨ੍ਹਾਂ ਕਿਹਾ ਕਿ ਬੜੀ ਦੁੱਖ ਵਾਲੀ ਗੱਲ ਹੈ ਕਿ ਕੇਂਦਰ ਵਿੱਚ ਬੈਠੀ ਭਾਜਪਾ ਸਰਕਾਰ ਨੇ ਝੂਠੇ ਦੋਸ਼ਾਂ ਤਹਿਤ ਸਾਡੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਹੈ। ਮੋਦੀ ਸਰਕਾਰ ਨੂੰ ਕੇਜਰੀਵਾਲ ਤੋਂ ਡਰ ਲੱਗਦਾ ਹੈ ਕਿ ਉਹ ਕਿਤੇ ਕੇਂਦਰ ਦੀ ਸੱਤਾ ਵਿੱਚ ਨਾ ਆ ਜਾਵੇ। ਸ਼ਾਮਿਲ ਹੋਏ ਪਰਵਾਰਾਂ ਦਾ ਸਵਾਗਤ ਕਰਦਿਆਂ ਈਟੀਓ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਇਨ੍ਹਾਂ ਦਾ ਪੂਰਾ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ।ਈਟੀਓ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਹੇ ਪਿਆਰ ਸਦਕਾ ਇਹ ਗੱਲ ਪੱਕੀ ਹੈ ਕਿ ਹਲਕਾ ਖਡੂਰ ਸਾਹਿਬ ਦੀ ਸੀਟ ਅਸੀਂ ਪੂਰੇ ਬਹੁਮਤ ਨਾਲ ਜਿੱਤਾਂਗੇ।

ਨਵਾਂ ਜ਼ਮਾਨਾ
ਸੋਮਵਾਰ, 6 ਮਈ 2024

# ਕੋਵਿਸ਼ੀਲਡ 'ਤੇ ਹਾਹਾਕਾਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਲਕੇ ਵਾਰਾਨਸੀ ਵਿੱਚ ਇਨ੍ਹੀਂ ਦਿਨੀਂ ਕੋਵਿਸ਼ੀਲਡ ਵੈਕਸੀਨ ਕਾਰਨ ਹਾਹਾਕਾਰ ਮਚੀ ਹੋਈ ਹੈ। ਇਸ ਦਾ ਕਾਰਨ ਇੱਕ ਵੀਡੀਓ ਹੈ, ਜਿਸ ਨੇ ਪੂਰਵਾਂਚਲ ਦੇ ਲੋਕਾਂ ਦੀਆਂ ਧੜਕਣਾਂ ਤੇਜ਼ ਕਰ ਦਿੱਤੀਆਂ ਹਨ। ਵਾਰਾਨਸੀ ਦੇ ਪੀਅਰੀ ਇਲਾਕੇ ਦਾ ਇਕ ਨੌਜਵਾਨ ਜਿੰਮ ਵਿੱਚ ਕਸਰਤ ਕਰਦਿਆਂ ਇੱਕਦਮ ਡਿੱਗ ਕੇ ਤੜਫਣ ਲੱਗਾ ਤੇ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਇਹ ਘਟਨਾ ਬੀਤੀ 1 ਮਈ ਦੀ ਹੈ। ਹਾਰਟ ਅਟੈਕ ਨਾਲ ਜਾਨ ਗੁਆਉਣ ਵਾਲੇ ਦੀਪਕ ਦੇ ਭਰਾ ਦਿਲੀਪ ਗੁਪਤਾ ਦਾ ਕਹਿਣਾ ਹੈ, 'ਮੇਰਾ ਭਰਾ ਪਿਛਲੇ 10 ਸਾਲਾਂ ਤੋਂ ਰੋਜ਼ ਜਿੰਮ ਵਿੱਚ ਕਸਰਤ ਕਰਦਾ ਸੀ। ਉਸ ਨੂੰ ਕੋਈ ਬਿਮਾਰੀ ਨਹੀਂ ਸੀ। ਉਸ ਨੇ ਕੋਰੋਨਾ ਸਮੇਂ ਕੋਵਿਸ਼ੀਲਡ ਦਾ ਟੀਕਾ ਲਗਾਇਆ ਸੀ।'

ਇਸ ਘਟਨਾ ਤੋਂ ਕਾਫ਼ੀ ਸਮਾਂ ਪਹਿਲਾਂ ਵਾਰਾਨਸੀ ਦੇ ਹੀ ਪਿਪਲਾਨੀ ਕਟਰਾ ਨਿਵਾਸੀ ਮਨੋਜ ਵਿਸ਼ਵਕਰਮਾ ਆਪਣੇ ਭਤੀਜੇ ਦੀ ਸ਼ਾਦੀ ਵਿੱਚ ਡਾਂਸ ਕਰ ਰਹੇ ਸਨ। ਅਚਾਨਕ ਉਹ ਡਿੱਗ ਪਏ ਤੇ ਉਨ੍ਹਾ ਦੀ ਮੌਤ ਹੋ ਗਈ। ਇਸੇ ਤਰ੍ਹਾਂ ਦੀ ਘਟਨਾ ਅਯੁੱਧਿਆ ਵਿੱਚ ਹੋਈ, ਜਿੱਥੇ ਇੱਕ ਨੌਜਵਾਨ 'ਖਾਈਕੇ ਪਾਨ ਬਨਾਰਸ ਵਾਲਾ' ਗਾਣੇ ਉੱਤੇ ਡਾਂਸ ਕਰ ਰਿਹਾ ਸੀ। ਆਸ-ਪਾਸ ਖੜ੍ਹੇ ਬੱਚੇ, ਨੌਜਵਾਨ ਤੇ ਔਰਤਾਂ ਤਾੜੀਆਂ ਮਾਰ ਰਹੀਆਂ ਸਨ। ਇਸੇ ਦੌਰਾਨ ਅਚਾਨਕ ਨੌਜਵਾਨ ਡਿੱਗ ਪੈਂਦਾ ਹੈ। ਉਸ ਨੂੰ ਤੁਰੰਤ ਹਸਪਤਾਲ ਲੈ ਕੇ ਜਾਂਦੇ ਹਨ। ਡਾਕਟਰਾਂ ਮੁਤਾਬਕ ਉਹ ਮਰ ਚੁੱਕਾ ਸੀ। ਜਿੰਮ ਦੇ ਟਰੇਡ ਮਿਲ ਉੱਤੇ ਦੌੜ ਰਹੇ ਪ੍ਰਸਿੱਧ ਕਮੇਡੀਅਨ ਰਾਜੂ ਸ੍ਰੀਵਾਸਤਵ ਦੀ ਅਚਾਨਕ ਮੌਤ ਦੀ ਘਟਨਾ ਉੱਤਰ ਭਾਰਤ ਦੇ ਲੋਕ ਦੁਬਾਰਾ ਯਾਦ ਕਰ ਰਹੇ ਹਨ। ਰਾਜੂ ਦੇ ਵੀ ਸੀਨੇ 'ਚ ਦਰਦ ਹੋਇਆ ਸੀ ਤੇ ਉਸ ਦੀ ਡਿੱਗਦਿਆਂ ਸਾਰ ਮੌਤ ਹੋ ਗਈ ਸੀ। ਇਸੇ ਤਰ੍ਹਾਂ ਕੰਨੜ ਫਿਲਮੀ ਕਲਾਕਾਰ ਪੁਨੀਤ ਰਾਜਕੁਮਾਰ ਵੀ ਜਿੰਮ ਵਿੱਚ ਕਸਰਤ ਕਰ ਰਿਹਾ ਸੀ। ਅਚਾਨਕ ਦਿਲ ਦਾ ਦੌਰਾ ਪਿਆ ਤੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ।

ਵਾਰਾਨਸੀ ਤੋਂ ਮੋਦੀ ਵਿਰੁੱਧ ਚੋਣ ਲੜ ਰਹੇ ਅਜੈ ਰਾਏ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, 'ਪ੍ਰਧਾਨ ਮੰਤਰੀ ਮੋਦੀ ਨੇ 52 ਕਰੋੜ ਚੋਣ ਚੰਦਾ ਲੈ ਕੇ ਦੇਸ਼ ਦੇ 40 ਕਰੋੜ ਲੋਕਾਂ ਦੀਆਂ ਜ਼ਿੰਦਗੀਆਂ ਦਾ ਸੌਦਾ ਕੀਤਾ ਹੈ। ਕੰਪਨੀ ਨੇ ਸਾਫ਼ ਮੰਨਿਆ ਹੈ ਕਿ ਉਨ੍ਹਾਂ ਦੀ ਵੈਕਸੀਨ ਦੇ ਸਾਈਡ ਇਫੈਕਟ ਨਾਲ ਹਾਰਟ ਅਟੈਕ ਤੇ ਬ੍ਰੇਨ ਸਟ੍ਰੋਕ ਹੋ ਸਕਦਾ ਹੈ। ਭਾਜਪਾ ਸਰਕਾਰ ਨੇ ਲੋਕਾਂ ਨੂੰ ਟੀਕਾ ਲਵਾਉਣ ਲਈ ਮਜਬੂਰ ਕੀਤਾ। ਮੋਦੀ ਨੇ ਕੰਪਨੀ ਦੇ ਬ੍ਰਾਂਡ ਅੰਬੈਸਡਰ ਦੀ ਤਰ੍ਹਾਂ ਪ੍ਰਚਾਰ ਕੀਤਾ। ਕੀ ਇਹੋ ਮੋਦੀ ਦੀ ਗਰੰਟੀ ਹੈ?'

ਅਜੈ ਰਾਏ ਇਹ ਵੀ ਕਹਿੰਦੇ ਹਨ, 'ਮੋਦੀ ਸਰਕਾਰ ਨੇ ਕੋਰੋਨਾ ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕੋਵਿਸ਼ੀਲਡ ਦੇ ਨਾਂਅ ਉੱਤੇ ਵੋਟ ਮੰਗਿਆ ਸੀ। ਭਾਜਪਾ ਪ੍ਰਧਾਨ ਜੇ ਪੀ ਨੱਢਾ ਕਹਿੰਦੇ ਸਨ ਕਿ ਮੋਦੀ ਨੇ ਕੋਵਿਸ਼ੀਲਡ ਲਿਆ ਕੇ ਜਨਤਾ ਦੀ ਜਾਨ ਬਚਾਈ ਹੈ।'

ਇਸੇ ਦੌਰਾਨ ਕਾਸ਼ੀ ਹਿੰਦੂ ਯੂਨੀਵਰਸਿਟੀ ਦੇ ਦਿਲ ਦੇ ਰੋਗ ਵਿਭਾਗ ਦੇ ਪ੍ਰੋਫ਼ੈਸਰ ਓਮ ਸ਼ੰਕਰ ਨੇ ਕਿਹਾ ਹੈ, 'ਕੋਰੋਨਾ ਵਾਂਗ ਹੀ ਹੁਣ ਨਵੇਂ ਦੌਰ ਦਾ ਹਾਰਟ ਅਟੈਕ ਲੋਕਾਂ ਦੀ ਜਾਨ ਲੈ ਰਿਹਾ ਹੈ। ਮੈਂ ਸ਼ੁਰੂ ਤੋਂ ਹੀ ਕੋਵਿਸ਼ੀਲਡ ਲਵਾਉਣ ਦਾ ਵਿਰੋਧ ਕਰ ਰਿਹਾ ਹਾਂ। ਮੈਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਵੈਕਸੀਨ ਸੁਰੱਖਿਅਤ ਨਹੀਂ ਹੈ। ਮੈਂ ਇਸ ਦੀ ਇੱਕ ਵੀ ਡੋਜ਼ ਨਹੀਂ ਲਈ। ਭਾਰਤ ਦੇ 67.18 ਫ਼ੀਸਦੀ ਲੋਕਾਂ ਨੇ ਇਸ ਦੀਆਂ ਪੂਰੀਆਂ ਖੁਰਾਕਾਂ ਲੈ ਰੱਖੀਆਂ ਹਨ। ਇਨ੍ਹਾਂ ਸਭ ਲੋਕਾਂ ਦਾ ਜੀਵਨ ਖਤਰੇ 'ਚ ਹੈ।'

ਓਮ ਸ਼ੰਕਰ ਕਹਿੰਦੇ ਹਨ, 'ਕੋਵਿਸ਼ੀਲਡ ਕੋਰੋਨਾ ਰੋਕਣ ਵਿੱਚ ਕਿੰਨੀ ਕਾਰਗਰ ਹੋਈ, ਇਸ ਦਾ ਵੀ ਕੋਈ ਸਬੂਤ ਨਹੀਂ। ਜਦੋਂ ਕਿ ਇਸ ਦੇ ਸਾਈਡ ਇਫੈਕਟ ਨਾਲ ਹੋਣ ਵਾਲੀਆਂ ਮੌਤਾਂ ਚਿੰਤਾ ਦਾ ਵਿਸ਼ਾ ਹਨ।' ਉਨ੍ਹਾ ਕਿਹਾ, 'ਮੈਂ ਸੋਸ਼ਲ ਮੀਡੀਆ 'ਤੇ ਓ ਪੀ ਡੀ ਮਰੀਜ਼ਾਂ ਨੂੰ ਲਗਾਤਾਰ ਸਲਾਹ ਦਿੰਦਾ ਰਿਹਾ ਕਿ ਉਹ ਵੈਕਸੀਨ ਨਾ ਲਵਾਉਣ। ਉਸ ਸਮੇਂ ਬੀ ਐੱਚ ਯੂ ਦੇ ਸਭ ਡਾਕਟਰਾਂ ਨੇ ਮੇਰੇ ਖਿਲਾਫ਼ ਅਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਕੋਈ ਮੈਨੂੰ ਪਾਗਲ ਤੇ ਕੋਈ ਨੇਤਾ ਕਹਿ ਕੇ ਚਿੜਾ ਰਿਹਾ ਸੀ। ਕੁਝ ਨੇ ਤਾਂ ਮੈਨੂੰ ਦੇਸ਼ਧ੍ਰੋਹੀ ਕਰਾਰ ਦੇ ਦਿੱਤਾ ਸੀ। ਜਨਤਾ ਉਤੇ ਵੈਕਸੀਨ ਮੜ੍ਹਨਾ ਸੰਗੀਨ ਜੁਰਮ ਹੈ। ਅਸਲੀਅਤ ਹੈ ਕਿ 70 ਫ਼ੀਸਦੀ ਲੋਕ ਤਾਂ ਕੋਰੋਨਾ ਤੋਂ ਖੁਦ ਹੀ ਮੁਕਤ ਹੋ ਗਏ ਸਨ।'

ਇਸੇ ਦੌਰਾਨ ਲੋਕ ਇਸ ਗੱਲ ਨੂੰ ਲੈ ਕੇ ਵੀ ਪ੍ਰਧਾਨ ਮੰਤਰੀ ਉੱਤੇ ਹਮਲੇ ਕਰ ਰਹੇ ਹਨ ਕਿ ਉਨ੍ਹਾ ਖੁਦ ਕੋਵਿਸ਼ੀਲਡ ਦਾ ਟੀਕਾ ਨਹੀਂ ਲਵਾਇਆ ਸੀ।

# ਜਮਹੂਰੀ ਦੇਸ਼ ਭਗਤ ਸ਼ਕਤੀਆਂ ਮਿਲ ਕੇ ਫਾਸ਼ੀਵਾਦੀ ਭਾਜਪਾ ਨੂੰ ਹਰਾਉਣ



ਬੰਤ ਸਿੰਘ ਬਰਾੜ

ਲੋਕ ਸਭਾ ਦੀਆਂ ਚੋਣਾਂ ਵਿਚ ਰਾਜਸੀ ਪਾਰਟੀਆਂ ਦੀਆਂ ਸਰਗਰਮੀਆਂ ਸਿਖਰਾਂ 'ਤੇ ਪੁੱਜ ਗਈਆਂ ਹਨ। ਭਾਰਤ ਵਿਚਲੀਆਂ ਪਿਛਲੀਆਂ ਸੰਸਦੀ ਚੋਣਾਂ ਵਿਚ ਬੁਰਜੂਆ ਪਾਰਟੀਆਂ ਦੇ ਆਗੂਆਂ ਦੇ ਭਾਸ਼ਣਾਂ ਅਤੇ ਚੋਣ ਮੈਨੀਫੈਸਟੋ ਵਿਚ ਕੀਤੇ ਗਏ ਵਾਅਦਿਆਂ ਤੋਂ ਲੋਕ ਤੰਗ ਆ ਚੁੱਕੇ ਹਨ ਅਤੇ ਤਜਰਬਿਆਂ ਰਾਹੀਂ ਵੇਖ ਚੁੱਕੇ ਹਨ ਕਿ ਬੁਰਜੂਆ ਪਾਰਟੀਆਂ ਵੱਲੋਂ ਚੋਣਾਂ ਦੌਰਾਨ ਲਿਖੇ ਗਏ ਚੋਣ ਮੈਨੀਫੈਸਟੋ ਸਿਰਫ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਹੁੰਦੇ ਹਨ ਤੇ ਚੋਣਾਂ ਜਿੱਤਣ ਮਗਰੋਂ ਆਪਣੇ ਅਸਲੀ ਰੰਗ ਵਿਖਾਉਣ ਲੱਗ ਜਾਂਦੇ ਹਨ।

ਲੋਟੂ ਜਮਾਤਾਂ ਪੂੰਜੀਵਾਦ ਅਤੇ ਨਵੇਂ ਬਣੇ ਸਰਮਾਏਦਾਰ-ਜਾਗੀਰਦਾਰਾਂ ਨੂੰ ਲੋਕਾਂ ਦੀ ਰੱਜ ਕੇ ਲੁੱਟ-ਖਸੁੱਟ ਕਰਨ ਵਾਸਤੇ ਸਥਾਪਤ ਕੀਤੇ ਪੂੰਜੀਵਾਦੀ ਰਾਜ ਨੂੰ ਸ਼ਕਤੀਸ਼ਾਲੀ ਸਾਧਨ ਬਣਨ ਦਾ ਅਗਲੀਆਂ ਚੋਣਾਂ ਤੱਕ ਮੌਕਾ ਪ੍ਰਦਾਨ ਕਰਦੀਆਂ ਹਨ। ਇਹੀ ਕਾਰਨ ਹੈ ਕਿ ਪਿਛਲੀਆਂ ਸਰਕਾਰਾਂ ਭਾਵੇਂ ਕਾਂਗਰਸ ਪਾਰਟੀ ਜਾਂ ਫਿਰ ਭਾਜਪਾ, ਐੱਨ ਡੀ ਏ ਦੀਆਂ ਸਰਕਾਰਾਂ ਹੋਣ, ਭਾਰਤੀ ਪੂੰਜੀਵਾਦ ਦੁਨੀਆ ਦੇ ਪੂੰਜੀਵਾਦ ਸਿਸਟਮ ਹੋਣ ਨਾਲ ਮੁਕਾਬਲਾ ਕਰਨ ਦੇ ਸੁਪਨੇ ਵੇਖਣ ਲੱਗ ਪਈਆਂ।

ਅੰਕੜੇ ਬੋਲਦੇ ਹਨ ਤੇ ਲੋਕ ਜਾਣਦੇ ਹਨ ਕਿ ਕਾਰਪੋਰੇਟ ਪੂੰਜੀਵਾਦ ਹਰ ਸਾਲ ਕਈ ਗੁਣਾਂ ਪੂੰਜੀ ਵਧਾਉਂਦਾ ਹੋਇਆ ਭਾਰਤ ਦੀ ਵਸੋਂ, ਮਜ਼ਦੂਰ, ਕਿਸਾਨ, ਮੱਧ-ਵਰਗ ਅਤੇ ਗੈਰ- ਇਜਾਰੇਦਾਰਾ ਸਰਮਾਏਦਾਰੀ ਦਾ ਗਲਾ ਘੁਟਦਾ ਹੀ ਚਲਾ ਗਿਆ। ਭਾਰਤ ਦੇ ਕਾਰਪੋਰੇਟ ਸਰਮਾਏਦਾਰੀ ਦੇ ਕੁਝ ਪਰਵਾਰ ਸਾਰੀ ਦੁਨੀਆ ਦੇ ਸਭ ਤੋਂ ਅਮੀਰ ਪਰਵਾਰਾਂ ਵਿਚ ਸ਼ਾਮਲ ਹੋ ਗਏ ਹਨ। ਰਾਜ 'ਤੇ ਆਪਣੀ ਜਕੜ ਤਕੜੀ ਕਰਨ ਵਾਸਤੇ ਬੁਰਜੂਆ ਪ੍ਰਜਾਤੰਤਰ ਨੂੰ ਤਿਲਾਂਜਲੀ ਦੇ ਕੇ ਫਾਸ਼ਿਜ਼ਮ ਦੇ ਰਸਤੇ ਤੁਰ ਪਿਆ ਹੈ।

### ਕਾਂਗਰਸ ਨੇ ਰਾਹ ਖੋਲ੍ਹਿਆ

ਅਸਲ ਵਿਚ ਅਜੋਕੀ ਰਾਜ ਵਿਵਸਥਾ ਦਾ ਅਧਾਰ ਤਾਂ ਪਹਿਲਾਂ ਵਾਲੀਆਂ ਕਾਂਗਰਸੀ ਸਰਕਾਰਾਂ ਨੇ ਹੀ ਤਿਆਰ ਕਰ ਦਿੱਤਾ ਸੀ ਜਦੋਂ ਉਹਨਾਂ ਨੇ ਸਾਮਰਾਜੀ ਤਾਕਤਾਂ ਦੀ ਅਗਵਾਈ ਵਿਚ ਸੰਸਾਰ ਵਪਾਰ ਸੰਗਠਨ, ਸੰਸਾਰ ਬੈਂਕ ਅਤੇ ਅੰਤਰ-ਰਾਸ਼ਟਰੀ ਮੁਦਰਾਕੋਸ਼ ਦੀਆਂ ਨਵੀਆਂ ਆਰਥਿਕ ਨੀਤੀਆਂ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ ਸੀ ਤੇ ਜਵਾਹਰ ਲਾਲ ਨਹਿਰੂ ਵਲੋਂ ਤਿਆਰ ਕੀਤੀਆਂ ਆਰਥਿਕ ਨੀਤੀਆਂ, ਜਿਵੇਂ ਪਬਲਿਕ ਸੈਕਟਰ ਦੀਆਂ ਕਮਾਂਡਿੰਗ ਹਾਈਟ ਅਤੇ ਨਿੱਜੀ ਸੈਕਟਰ ਨੂੰ ਪਬਲਿਕ ਸੈਕਟਰ ਦੇ ਅਧੀਨ ਰੱਖਣਾ, ਪੰਜ ਸਾਲਾਂ ਦੀਆਂ ਆਰਥਿਕ ਪਲਾਨਾਂ, ਵਿਦੇਸ਼ ਨੀਤੀ ਵਿਚ ਗੁੱਟ-ਨਿਰਲੇਪ ਨੀਤੀ ਦੀ ਅਗਵਾਈ ਕਰਨੀ ਅਤੇ ਸਾਮਰਾਜ-ਵਿਰੋਧੀ ਦੇਸ਼ ਪੱਧਰ ਪ੍ਰਵਾਨਤ ਨੀਤੀ ਆਦਿ ਅਪਨਾਉਣ, ਸੋਸ਼ਲਿਸਟ, ਸੈਕੂਲਰ, ਡੈਮੋਕਰੇਟਿਕ ਗਣਰਾਜ ਕਾਇਮ ਕਰਨ ਦੇ ਸਿਧਾਂਤ ਅਪਨਾਉਣਾ ਆਦਿ ਸਾਰੀਆਂ ਅੱਗੇਵਧੂ ਨੀਤੀਆਂ ਨੂੰ ਤਿਲਾਂਜਲੀ ਦੇਣੀ ਆਰੰਭ ਕਰ ਦਿੱਤੀ ਸੀ। ਇਸ ਨਾਲ ਰਾਜ ਦੀ ਤਾਕਤ ਬੜੀ ਤੇਜ਼ੀ ਨਾਲ ਮਨਾਪਲੀ ਪੂੰਜੀਵਾਦ ਦੀ ਰਾਖੀ ਕਰਦੇ ਸਿਧਾਂਤਾਂ ਵਾਲੀਆਂ ਫਾਸ਼ੀ ਸ਼ਕਤੀਆਂ ਦੇ ਹੱਥ ਵਿਚ ਸਰਕਦੀ ਹੀ ਚਲੀ ਗਈ। 15-15 ਲੱਖ ਕਰੋੜ ਤੋਂ ਵੀ ਜ਼ਿਆਦਾ ਅਡਾਨੀ-ਅੰਬਾਨੀਆਂ ਵਰਗੇ ਕਾਰਪੋਰੇਟ ਘਰਾਣਿਆਂ ਦੇ ਕਰਜ਼ਿਆਂ 'ਤੇ ਲਕੀਰਾਂ ਫੇਰੀਆਂ ਗਈਆਂ।

### ਕਾਰਪੋਰੇਟ-ਪੱਖੀ ਫਾਸ਼ੀ-ਮੁਖੀ ਭਾਜਪਾ

2014 ਦੀਆਂ ਲੋਕ ਸਭਾਂ ਚੋਣਾਂ ਸਮੇਂ ਆਰ ਐੱਸ ਐੱਸ ਦੀ ਫਾਸ਼ੀ ਵਿਚਾਰਧਾਰਾ ਵਾਲੀ ਭਾਜਪਾ ਨੇ ਸੱਤਾ 'ਤੇ ਆਪਣਾ ਕਬਜ਼ਾ ਕਾਇਮ ਕਰ ਲਿਆ। ਆਪਣੇ ਦਸ ਸਾਲਾਂ ਵਿਚ ਇਸ ਨੇ ਆਪਣੀ ਪਕੜ ਵਧੇਰੇ ਮਜ਼ਬੂਤ ਕਰ ਲਈ ਤੇ 2024 ਤੱਕ ਦੇਸ਼ ਦੀ ਆਰਥਿਕਤਾ ਦਾ ਦੀਵਾਲਾ ਕੱਢ ਦਿੱਤਾ। ਇਹਨਾਂ ਦਸ ਸਾਲਾਂ ਵਿਚ ਪਿਛਲੇ ਸਮੇਂ ਵਿਚ ਸਥਾਪਤ ਕੀਤੇ ਪਬਲਿਕ ਸੈਕਟਰ ਦੀਆਂ ਧੱਜੀਆਂ ਉਡਾ ਦਿੱਤੀਆਂ ਅਤੇ ਇਸ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਸੈਕਟਰ ਦੇ ਹਵਾਲੇ ਕਰ ਦਿੱਤਾ। ਨਿੱਜੀਕਰਨ ਦੀ ਚੜ੍ਹ ਮਚੀ। ਨਤੀਜੇ ਵਜੋਂ ਸਾਰਾ ਭਾਰ ਭਾਰਤ ਦੀ ਮਿਹਨਤਕਸ਼ ਜਨਤਾ 'ਤੇ ਆ ਪਿਆ। ਕਿਰਤ ਕਾਨੂੰਨਾਂ ਨੂੰ ਜਾਮ ਕਰ ਦਿੱਤਾ ਗਿਆ ਅਤੇ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਅਮਲ ਵਿਚ ਲਿਆਉਣਾ ਆਰੰਭ ਕੀਤਾ। ਭਾਜਪਾ ਐੱਨ ਡੀ ਏ ਦੀਆਂ ਸਰਕਾਰਾਂ ਨੇ ਜੋ ਆਪਣੇ ਚੋਣ ਮੈਨੀਫੈਸਟੋ ਵਿਚ ਝੂਠੇ ਨਾਅਰੇ ਦਿੱਤੇ ਸਨ, ਲੋਕਾਂ ਸਾਹਮਣੇ ਬੇਨਕਾਬ ਹੋ ਕੇ ਆ ਗਏ। ਸਾਰਾ ਵਿਦੇਸ਼ੀ "ਕਾਲਾ ਧਨ ਤਿੰਨ ਮਹੀਨਿਆਂ ਵਿਚ ਲਿਆਂਦਾ ਜਾਵੇਗਾ।" ਇਹ ਧਨ ਸਾਰੇ ਦੇਸ਼ ਦੀ ਜਨਤਾ ਵਿਚ ਵੰਡ ਦਿੱਤਾ ਜਾਵੇਗਾ ਤੇ ਹਰ ਇਕ ਦੀ ਜੇਬ ਵਿਚ 15-15 ਲੱਖ ਆ ਜਾਵੇਗਾ, ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ ਅਤੇ ਬੇਰੁਜ਼ਗਾਰੀ ਖਤਮ ਕਰ ਦਿੱਤੀ ਜਾਵੇਗੀ, ਮਹਿੰਗਾਈ ਪੂਰੀ ਤਰ੍ਹਾਂ ਕਾਬੂ ਕੀਤੀ ਜਾਵੇਗੀ ਆਦਿ।

ਇਸ ਦੇ ਉਲਟ ਫਾਸ਼ੀ ਨੀਤੀਆਂ ਅਪਣਾ ਕੇ ਘੱਟ ਗਿਣਤੀਆਂ ਵਿਰੁੱਧ ਜ਼ੋਰਦਾਰ ਹਮਲੇ ਕੀਤੇ ਗਏ, ਖਾਸ ਕਰਕੇ ਮੁਸਲਿਮ ਸਮਾਜ ਨੂੰ ਤਾਂ ਦੂਜੇ ਨੰਬਰ ਦੇ ਸ਼ਹਿਰੀ ਹੀ ਬਣਾ ਦਿੱਤਾ। ਦੇਸ਼ ਦੀਆਂ ਸਾਰੀਆਂ ਕਮਜ਼ੋਰੀਆਂ, ਬੇਰੁਜ਼ਗਾਰੀ, ਜੁਰਮ, ਭੁੱਖਮਰੀ, ਕੀਮਤਾਂ ਦਾ ਵਧਣਾ, ਦੰਗੇ-ਫਸਾਦ ਆਦਿ ਲਈ ਇਸ ਸਮਾਜ ਨੂੰ ਜ਼ਿੰਮੇਵਾਰ ਠਹਿਰਾਇਆ ਜਾਣ ਲੱਗਾ। ਸਰਕਾਰੀ ਹਮਾਇਤ ਨਾਲ ਇਸ ਘੱਟ-ਗਿਣਤੀ ਤੇ ਅਖੌਤੀ ਗਊ-ਰਕਸ਼ਕਾਂ ਦੇ ਖ਼ੂਨੀ ਹਮਲੇ, ਭੀੜਾਂ ਇਕੱਠੀਆਂ ਕਰਕੇ ਕਤਲ, ਲਵ ਜਹਾਦ, ਇਸਲਾਮੀ ਦਹਿਸ਼ਤਗਰਦੀ, "ਪਾਕਿਤਸਾਨ ਭੇਜੋ" ਵਰਗੇ ਨਾਅਰਿਆਂ ਹੇਠ ਦੇਸ਼-ਧ੍ਰੋਹੀ ਗਰਦਾਨ ਕੇ ਖ਼ੂਨੀ ਹਮਲੇ ਕਰਵਾਏ ਗਏ ਅਤੇ ਇਹਨਾਂ ਹਿੰਸਕ ਕਾਰਵਾਈਆਂ ਦੀ ਨਿੰਦਾ ਕਰਨ ਵਾਲੇ ਨਾਟਕਕਾਰਾਂ, ਕਵੀਆਂ, ਨਾਵਲਕਾਰਾਂ, ਸਾਹਿਤਕਾਰਾਂ ਅਤੇ ਖੱਬੀ ਜਮਹੂਰੀ ਆਵਾਜ਼ ਉਠਾਉਣ ਵਾਲਿਆਂ ਨੂੰ ਦੇਸ਼-ਧ੍ਰੋਹੀ ਕਹਿ ਕੇ ਜੇਲ੍ਹੀਂ ਡੱਕਿਆ ਗਿਆ। ਧਾਰਾ 370 ਤੇ 35-ਏ ਹਟਾ ਕੇ ਜੰਮੂ-ਕਸ਼ਮੀਰ ਰਾਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੋ ਯੂਨੀਅਨ ਟੇਰਟਰੀਆਂ ਬਣਾ ਦਿੱਤੀਆਂ ਗਈਆਂ। ਐੱਨ ਆਰ ਸੀ ਅਤੇ ਸੀ ਏ ਏ ਵਰਗੇ ਕਾਨੂੰਨਾਂ ਰਾਹੀਂ ਮੁੜ ਘੱਟ-ਗਿਣਤੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਗਏ। "ਹਿੰਦੂ ਸਟੇਟ" ਬਣਾਉਣ, ਸੰਵਿਧਾਨ ਨੂੰ ਬਦਲ ਕੇ "ਮਨੂੰਵਾਦ" ਨੂੰ ਲਾਗੂ ਕਰਨ ਬਾਰੇ, ਪ੍ਰਧਾਨਗੀ ਤਰਜ਼ ਦਾ ਰਾਜ ਸਥਾਪਤ ਕਰਨ ਵਰਗੇ ਨਾਅਰੇ ਅਤੇ ਪ੍ਰਚਾਰ ਸਾਧਨਾਂ ਰਾਹੀਂ ਜ਼ੋਰਦਾਰ ਪ੍ਰਚਾਰ ਰਾਹੀ– "ਧਰੁਵੀਕਰਣ" ਦੀ ਨੀਤੀ ਨੂੰ ਆਪਣੀ ਸਿਆਸਤ ਦਾ ਕੇਂਦਰ ਬਿੰਦੂ ਬਣਾਇਆ। ਆਰਥਿਕ ਨੀਤੀਆਂ, ਜੀ ਐੱਸ ਟੀ, ਕਰੰਸੀ ਬਦਲਣ, ਇਲੈਕਟੋਰਲ ਬਾਂਡ, ਪ੍ਰਧਾਨ ਮੰਤਰੀ ਸਹਾਇਤਾ ਫੰਡ ਆਦਿ ਨੀਤੀਆਂ ਰਾਹੀਂ, ਈ ਡੀ, ਇਨਕਮ ਟੈਕਸ ਵਿਭਾਗ, ਕੌਮੀ ਜਾਂਚ ਏਜੰਸੀ ਅਤੇ ਸੀ ਬੀ ਆਈ ਰਾਹੀਂ ਬੇਸ਼ੁਮਾਰ ਦੌਲਤ ਇਕੱਠੀ ਕਰ ਲਈ। "ਇਲੈਕਟੋਰਲ ਬਾਂਡ" ਨੂੰ ਆਰਥਿਕ ਮਾਹਰਾਂ ਨੇ ਦੇਸ਼ ਦੇ ਸਭ ਤੋਂ ਵੱਡੇ ਘੁਟਾਲੇ ਦਾ ਨਾਂਅ ਦਿੱਤਾ। ਮੋਦੀ ਸਰਕਾਰ ਦੇ ਘੁਟਾਲਿਆਂ ਦੀ ਸੂਚੀ ਏਨੀ ਲੰਮੀ ਹੈ ਕਿ ਜ਼ਿਕਰ ਕਰਨਾ ਹੀ ਔਖਾ ਹੈ।

ਲਲਿਤ ਮੋਦੀ, ਮੇਹੁਲ ਚੌਕਸੀ, ਵਿਜੈ ਮਾਲੀਆ ਵਰਗੇ ਭਾਜਪਾ ਹਮਾਇਤੀਆਂ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਅਨੇਕਾਂ ਘੁਟਾਲਿਆਂ ਵਿਚ ਫਸੇ ਹੋਣ ਦੇ ਬਾਵਜੂਦ ਦੇਸ਼ ਵਿਚੋਂ ਬਾਹਰ ਜਾਣ ਦਿੱਤਾ ਗਿਆ। ਪੁਲਵਾਮਾ ਵਰਗੀਆਂ ਖ਼ੂਨੀ ਘਟਨਾਵਾਂ ਇਹਨਾਂ ਦੇ ਰਾਜ ਵਿਚ ਹੋਈਆਂ ਤੇ "ਸਰਜੀਕਲ ਸਟਰਾਈਕ" ਦਾ ਨਾਟਕ ਰਚ ਕੇ ਦੂਜੀ ਵਾਰ ਵੀ ਸੱਤਾ 'ਤੇ ਕਬਜ਼ਾ ਕਰ ਲਿਆ ਗਿਆ।

### ਬੌਖਲਾਈ ਭਾਜਪਾ ਦੇ ਫਿਰਕੂ ਪੱਤੇ

2024 ਵਿਚ ਸੱਤਾ 'ਤੇ ਫਿਰ ਕਾਬਜ਼ ਹੋਣ ਲਈ ਜ਼ੋਰਦਾਰ ਫਿਰਕੂ ਪੱਤਾ ਖੇਡਿਆ ਗਿਆ, "ਰਾਮ ਮੰਦਰ" ਦੀ ਸਥਾਪਨਾ ਕਰਕੇ "ਹਿੰਦੂ ਸਟੇਟ" ਕਾਇਮ ਕਰਨ ਦੇ ਨਾਅਰਿਆਂ ਨਾਲ ਧਰੁਵੀਕਰਨ ਦੀ ਨੀਤੀ ਦਾ ਸਹਾਰਾ ਲਿਆ ਜਾ ਰਿਹਾ ਹੈ।

2024 ਦੀਆਂ ਸੰਸਦੀ ਚੋਣਾਂ ਦਾ ਆਖਰੀ ਦੌਰ ਪਹਿਲੀ ਜੂਨ ਹੈ ਤੇ ਪਹਿਲੇ ਹਫਤੇ ਹੀ ਚੋਣ ਨਤੀਜੇ ਆ ਜਾਣਗੇ। ਪ੍ਰਧਾਨ ਮੰਤਰੀ ਅਤੇ ਉਸ ਦੀ ਪਾਰਟੀ ਭਾਜਪਾ ਨੇ ਸਿਰਫ ਧਰੁਵੀਕਰਨ ਦਾ ਸਹਾਰਾ ਲੈ ਕੇ ਚੋਣ ਪ੍ਰਚਾਰ ਅਰੰਭਿਆ। ਪਹਿਲੇ ਦੋ ਚਰਨ ਦੀਆਂ ਚੋਣਾਂ ਵਿਚ 190 ਸੀਟਾਂ 'ਤੇ ਵੋਟਾਂ ਪੈ ਗਈਆਂ ਤੇ ਆਰ ਐੱਸ ਐੱਸ ਵਰਗੀਆਂ ਫਾਸ਼ੀ ਜਥੇਬੰਦੀਆਂ ਦੇ ਪੂਰੇ ਬੰਦੋਬਸਤ ਕਰਨ ਦੇ ਬਾਵਜੂਦ ਵੋਟ ਪ੍ਰਤੀਸ਼ਤ ਵਿਚ ਭਾਰੀ ਗਿਰਾਵਟ ਆ ਗਈ। ਕੁਝ ਹਾਲਤਾਂ ਵਿਚ ਤਾਂ ਇਹ ਗਿਰਾਵਟ 12 ਪ੍ਰਤੀਸ਼ਤ ਤੱਕ ਚਲੀ ਗਈ, ਜਿਸ ਨਾਲ ਫਾਸ਼ੀ ਸੱਤਾਧਾਰੀਆਂ ਦੇ ਫਿਰਕੂ ਨਾਅਰੇ ਨਾਲ ਭਾਜਪਾ ਅਤੇ ਐੱਨ ਡੀ ਏ ਗਠਜੋੜ ਦੇ 400 ਪਾਰ ਦੇ ਨਾਅਰਿਆਂ ਦੀ ਫੂਕ ਨਿਕਲ ਗਈ। ਚੋਣ ਵਿਸ਼ਲੇਸ਼ਣ ਕਰਨ ਵਾਲੀਆਂ ਕਈ ਏਜੰਸੀਆਂ ਨੇ ਤਾਂ ਭਾਜਪਾ ਨੂੰ ਸਾਧਾਰਨ ਬਹੁਗਿਣਤੀ ਪੁੱਜਣ 'ਤੇ ਵੀ ਸਵਾਲੀਆ ਚਿੰਨ੍ਹ ਲਗਾਉਣੇ ਸ਼ੁਰੂ ਕਰ ਦਿੱਤੇ।

### ਇੰਡੀਆ ਗਠਜੋੜ ਤੋਂ ਡਰਦੀ ਭਾਜਪਾ

ਇੰਡੀਅਨ ਨੈਸ਼ਨਲ ਕਾਂਗਰਸ ਨੇ ਚੋਣ ਮੈਨੀਫੈਸਟੋ ਵਿਚ ਇਸ ਵਾਰ ਕਾਫੀ ਲੋਕ ਮੁੱਦਿਆਂ ਦਾ ਜ਼ਿਕਰ ਕੀਤਾ ਹੈ। ਆਪਣੀਆਂ ਆਰਥਿਕ ਸਿਆਸੀ ਅਤੇ ਸਮਾਜਿਕ ਨੀਤੀਆਂ ਵਿਚ ਵੀ ਕੇਂਦਰ ਤੋਂ ਖੱਬੇ ਪਾਸੇ ਦੇ ਰੁਝਾਨ ਸਪੱਸ਼ਟ ਤੌਰ 'ਤੇ ਪ੍ਰਗਟਾਏ ਗਏ ਹਨ। ਇਸ ਮੈਨੀਫੈਸਟੋ ਉਤੇ ਪ੍ਰਧਾਨ ਮੰਤਰੀ ਮੋਦੀ ਅਤੇ ਉਸ ਦੀ ਪਿਛਾਖੜੀ ਰਾਜਸੀ ਫੌਜ ਜ਼ੋਰਦਾਰ ਨਿਰਾਧਾਰ ਹਮਲਿਆਂ ਰਾਹੀਂ ਆਪਣੀ ਬੌਖਲਾਹਟ ਸਪੱਸ਼ਟ ਦਰਸਾਅ ਰਹੀ ਹੈ। ਪਹਿਲੇ ਦੋ ਚਰਨਾਂ ਵਿਚ ਪਈਆਂ ਵੋਟਾਂ ਦੇ ਭਵਿੱਖੀ ਮਾੜੇ ਨਤੀਜਿਆਂ ਤੋਂ ਡਰਦਿਆਂ ਪ੍ਰਧਾਨ ਮੰਤਰੀ ਨੇ ਜਿਵੇਂ ਅਖੀਰੀ ਹਥਿਆਰ ਵੀ ਚਲਾਉਣੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸ ਦੇ ਚੋਣ ਮੈਨੀਫੈਸਟੋ ਨੂੰ ਮੁਸਲਮ ਲੀਗ, ਕਮਿਊਨਿਸਟਾਂ ਅਤੇ ਮਾਓਵਾਦੀਆਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਗਟ ਕਰਦਾ ਆਖਿਆ ਹੈ। ਅੱਗੇ ਇੰਡੀਆ ਗਠਜੋੜ 'ਤੇ ਦੋਸ਼ ਲਾਉਂਦਿਆਂ ਹਮਲਾ ਕੀਤਾ ਕਿ ਜੇਕਰ ਗਠਜੋੜ ਜਿੱਤ ਗਿਆ ਤਾਂ ਪਿਛਲੇ ਸਾਲਾਂ ਦੌਰਾਨ ਜਿਹੜੀ ਧਨ-ਦੌਲਤ, ਸੋਨੇ-ਚਾਂਦੀ ਦੇ ਗਹਿਣੇ-ਗੱਟੇ ਤੁਸੀਂ ਬਣਾਏ ਹਨ, ਇਹ ਸਾਰੇ ਖੋਹ ਕੇ ਉਹਨਾਂ ਨੂੰ ਵੰਡ ਦਿੱਤੇ ਜਾਣਗੇ, ਜਿਹਨਾਂ ਦੇ ਬੱਚੇ ਵਧੇਰੇ ਗਿਣਤੀ ਵਿਚ ਹਨ। ਬੁਖਲਾਏ ਹੋਏ ਪ੍ਰਧਾਨ ਮੰਤਰੀ ਇਥੇ ਰੁਕੇ ਨਹੀਂ ਅੱਗੇ ਕਹਿੰਦੇ ਹਨ, "ਇਹ ਸਭ ਕੁਝ ਘੁਸਪੈਠੀਆਂ ਦੇ ਹਵਾਲੇ ਕਰ ਦਿੱਤਾ ਜਾਏਗਾ।" ਅੱਗੇ ਆਖਿਆ ਕਿ "ਜਿਹੜੇ ਲੋਕਾਂ ਨੇ 2-2 ਘਰ ਬਣਾਏ ਹਨ, ਉਹਨਾਂ ਦਾ ਇਕ-ਇਕ ਘਰ ਵੀ ਇਹ ਖੋਹ ਲੈਣਗੇ ਤੇ ਤੁਹਾਡੇ ਮੰਗਲ-ਸੂਤਰ ਵੀ ਇਹਨਾਂ ਨੇ ਨਹੀਂ ਛੱਡਣੇ।" ਚੋਣ ਕਮਿਸ਼ਨ ਜੀ ਹਜ਼ੂਰੀ ਖਾਮੋਸ਼ੀ ਵਿਚ ਬੈਠਾ ਰਿਹਾ। ਇਹਨਾਂ ਭੜਕਾਹਟ ਭਰੇ ਬਿਆਨਾਂ ਰਾਹੀਂ ਪ੍ਰਧਾਨ ਮੰਤਰੀ ਨੇ ਇਕ ਤਾਂ ਘੱਟ-ਗਿਣਤੀਆਂ ਖਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਤੇ ਦੂਜਾ ਕਮਿਊਨਿਸਟ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਇਆ। ਕਮਿਊਨਿਸਟ ਵਿਚਾਰਧਾਰਾ ਤੇ ਭਾਰਤੀ ਫਾਸ਼ਿਸਟਾਂ ਦਾ ਹੂ-ਬ-ਹੂ ਉਹੀ ਹਮਲਾ ਹੈ, ਜਿਸ ਦਾ ਮਾਰਕਸ ਅਤੇ ਏਂਗਲਜ਼ ਨੇ 1848 ਵਿਚ ਲਿਖੇ "ਕਮਿਊਨਿਸਟ ਮੈਨੀਫੈਸਟੋ" ਵਿਚ ਜ਼ਿਕਰ ਕੀਤਾ ਹੈ। ਉਹਨਾਂ ਆਖਿਆ ਸੀ ਕਿ ਪੂੰਜੀਵਾਦੀ ਸ਼ਕਤੀਆਂ ਕਮਿਊਨਿਸਟਾਂ 'ਤੇ ਦੋਸ਼ ਲਾਉਂਦੀਆਂ ਹਨ ਕਿ ਇਹਨਾਂ ਨੇ ਸੱਤਾ ਵਿਚ ਆ ਕੇ ਤੁਹਾਡੀਆਂ ਸਾਰੀਆਂ ਜਾਇਦਾਦਾਂ ਖੋਹ ਲੈਣੀਆਂ ਹਨ। ਇਸ ਦਾ ਜਵਾਬ ਦਿੰਦਿਆਂ ਮੈਨੀਫੈਸਟੋ ਕਹਿੰਦਾ ਹੈ ਕਿ "ਜਾਇਦਾਦਾਂ ਹੈ ਕਿਹਨਾਂ ਕੋਲ। ਅਸਲ ਵਿਚ ਕੁਝ ਕੁ ਸਰਮਾਏਦਾਰਾਂ ਨੇ ਦੇਸ਼ ਦੀਆਂ ਸਾਰੀਆਂ ਜਾਇਦਾਦਾਂ ਪਹਿਲਾਂ ਹੀ ਲੋਕਾਂ ਕੋਲੋਂ ਖੋਹ ਕੇ ਕਬਜ਼ਾ ਕੀਤਾ ਹੋਇਆ ਹੈ। ਕਮਿਊਨਿਸਟਾਂ ਨੇ ਤਾਂ ਇਹ ਜਾਇਦਾਦਾਂ ਉਹਨਾਂ ਨੂੰ ਵਾਪਸ ਕਰਨੀਆਂ ਹਨ, ਜਿਹਨਾਂ ਤੋਂ ਪੂੰਜੀਵਾਦੀਆਂ ਨੇ ਖੋਹੀਆਂ ਹਨ।" ਕਮਿਊਨਿਸਟ ਮੈਨੀਫੈਸਟੋ ਛਪਣ ਤੋਂ 166 ਸਾਲ ਪਿਛੋਂ ਅੱਜ ਵੀ ਭਾਰਤੀ ਕਾਰਪੋਰੇਟ ਪੂੰਜੀਵਾਦ ਦੇ ਪ੍ਰਤੀਨਿਧ ਉਹੋ ਹੀ ਘਸੀਆਂ-ਪਿਟੀਆਂ ਦਲੀਲਾਂ 'ਤੇ ਉੱਤਰ ਆਏ ਹਨ।

ਅੱਜ ਭਾਰਤ ਅੰਦਰ ਦੇਸ਼ ਦੇ ਸਾਰੇ ਪ੍ਰਮੁੱਖ ਸਾਧਨਾਂ 'ਤੇ ਕਾਰਪੋਰੇਟ ਸੈਕਟਰ ਦਾ ਪੂਰਨ ਕਬਜ਼ਾ ਹੋ ਚੁੱਕਾ ਹੈ ਤੇ ਇਸ ਕਬਜ਼ੇ ਨੂੰ ਤੋੜਨਾ ਅਜੋਕੇ ਸਮੇਂ ਦੀ ਇਕ ਇਤਿਹਾਸਕ ਜ਼ਰੂਰਤ ਬਣ ਗਿਆ ਹੈ। ਸੱਤਾ ਤੇ ਕਾਬਜ਼ ਇਹਨਾਂ ਫਾਸ਼ੀ ਸ਼ਕਤੀਆਂ ਨੇ ਅਜਿਹਾ ਮਹੌਲ ਬਣਾ ਦਿੱਤਾ ਹੈ ਕਿ "ਚੋਣ ਕਮਿਸ਼ਨ" ਅਤੇ ਨਿਆਂ ਪ੍ਰਣਾਲੀ ਨੂੰ ਜਿਵੇਂ ਅਧਰੰਗ ਮਾਰ ਗਿਆ ਹੋਵੇ। ਜੇਕਰ ਵਿਰੋਧੀ ਪਾਰਟੀ ਅਜਿਹੀ ਗੈਰ-ਵਿਧਾਨਕ ਬਿਆਨਬਾਜ਼ੀ ਦਿੰਦੀ ਤਾਂ ਉਹਨਾਂ ਨੂੰ ਸਿੱਧਾ ਹੀ ਖਾਰਜ ਕਰਕੇ ਜੇਲ੍ਹੀਂ ਡੱਕ ਦਿੱਤਾ ਜਾ ਸਕਦਾ ਸੀ। ਇਹਨਾਂ ਹਾਲਤਾਂ ਵਿਚ ਦੇਸ਼ ਦੀ ਜਮਹੂਰੀਅਤ ਅਤੇ ਸੰਵਿਧਾਨ ਦੀ ਰਾਖੀ ਕਰਨ ਲਈ ਭਾਜਪਾ ਅਤੇ ਐੱਨ ਡੀ ਏ ਨੂੰ ਹਰਾਉਣਾ ਸਾਰੀਆਂ ਜਮਹੂਰੀ ਅਤੇ ਦੇਸ਼ਭਗਤ ਸ਼ਕਤੀਆਂ ਦਾ ਪ੍ਰਮੁੱਖ ਕੰਮ ਬਣ ਜਾਂਦਾ ਹੈ।

### ਖੱਬੀ ਜਮਹੂਰੀ ਏਕਤਾ ਦੀ ਜ਼ਰੂਰਤ

ਪਹਿਲਾਂ ਹੀ ਭਾਰਤੀ ਕਮਿਊਨਿਸਟਾਂ ਖਾਸ ਕਰਕੇ ਸੀ ਪੀ ਆਈ, ਸੀ ਪੀ ਆਈ (ਐੱਮ) ਅਤੇ ਸੀ ਪੀ ਆਈ (ਐੱਮ ਐੱਲ) ਨੇ ਫਾਸ਼ੀ ਵਿਚਾਰਧਾਰਾ ਵਾਲੀਆਂ ਸ਼ਕਤੀਆਂ ਵਿਰੁੱਧ ਜ਼ੋਰਦਾਰ ਲੜਾਈ ਛੇੜੀ ਹੋਈ ਹੈ ਅਤੇ ਵਰਤਮਾਨ ਚੋਣਾਂ ਵਿਚ ਵੀ ਆਪਣਾ ਪੂਰਾ ਯੋਗਦਾਨ ਪਾ ਰਹੀਆਂ ਹਨ। ਯਥਾ ਸ਼ਕਤੀ ਅਨੁਸਾਰ ਸੀ ਪੀ ਆਈ ਸਾਰੇ ਦੇਸ਼ ਵਿਚ 31, ਸੀ ਪੀ ਆਈ (ਐੱਮ) 45, ਅਤੇ ਸੀ ਪੀ ਆਈ (ਮਾਰਕਸਵਾਦੀ-ਲੈਨਿਨਵਾਦੀ) 7 ਸੀਟਾਂ ਲੜ ਰਹੀ ਹੈ।

ਪੰਜਾਬ ਵਿਚ ਸੀ ਪੀ ਆਈ ਤਿੰਨ ਸੰਸਦੀ ਸੀਟਾਂ ਅੰਮ੍ਰਿਤਸਰ (ਕਾਮਰੇਡ ਦਸਵਿੰਦਰ ਕੌਰ), ਖਡੂਰ ਸਾਹਿਬ (ਕਾਮਰੇਡ ਗੁਰਦਿਆਲ ਸਿੰਘ), ਫਰੀਦਕੋਟ (ਕਾਮਰੇਡ ਗੁਰਚਰਨ ਸਿੰਘ ਮਾਨ) ਲੜ ਰਹੀ ਹੈ। ਸੀ ਪੀ ਆਈ (ਮਾਰਕਸਵਾਦੀ) ਜਲੰਧਰ (ਕਾਮਰੇਡ ਪਰਸ਼ੋਤਮ ਲਾਲ ਬਿਲਗਾ) ਤੋਂ ਇਕ ਸੀਟ ਲੜ ਰਹੀ ਹੈ। ਦੋਨਾਂ ਪਾਰਟੀਆਂ ਦਾ ਗਠਜੋੜ ਕਾਇਮ ਹੈ। ਬਾਕੀ 9 ਸੀਟਾਂ ਤੋਂ ਇਹ ਪਾਰਟੀਆਂ ਇੰਡੀਆ ਗਠਜੋੜ ਵਾਲੀਆਂ ਪਾਰਟੀਆਂ ਭਾਵ ਕਾਂਗਰਸ ਜਾਂ ਆਮ ਆਦਮੀ ਪਾਰਟੀ ਵਿਚੋਂ ਚੰਗੀ ਦਿੱਖ ਵਾਲੇ ਉਮੀਦਵਾਰਾਂ ਦੀ ਮਦਦ ਬਾਰੇ ਜਲਦੀ ਹੀ ਫੈਸਲਾ ਲੈਣ ਜਾ ਰਹੀਆਂ ਹਨ। ਪੰਜਾਬ ਅੰਦਰ ਬੁਰਜੂਆ ਪਾਰਟੀਆਂ ਦੇ ਪ੍ਰਚਾਰ ਹੇਠਾਂ ਆਈਆਂ ਕੁਝ ਸ਼ਕਤੀਆਂ ਮੱਲੋਮੱਲੀ ਕਮਿਊਨਿਸਟਾਂ ਦੇ ਸਲਾਹਕਾਰ ਬਣ ਕੇ ਸੁਝਾਅ ਦੇ ਰਹੀਆਂ ਹਨ ਕਿ ਕਮਿਊਨਿਸਟਾਂ ਨੂੰ ਤਾਂ ਪੰਜਾਬ ਵਿਚ ਚੋਣਾਂ ਹੀ ਨਹੀਂ ਲੜਨੀਆਂ ਚਾਹੀਦੀਆਂ ਤੇ ਇੰਡੀਆ ਗਠਜੋੜ ਨੂੰ ਵੋਟਾਂ ਪਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਭਾਜਪਾ ਦੇ ਉਮੀਦਵਾਰਾਂ ਨੂੰ ਹਰਾਇਆ ਜਾ ਸਕੇ। ਪਹਿਲੀ ਗੱਲ ਤਾਂ ਪੰਜਾਬ ਵਿਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾਂ ਹੀ ਘੱਟ ਹਨ ਤੇ ਦੂਜਾ ਭਾਜਪਾ ਦਾ ਡਰ ਵਿਖਾ ਕੇ ਇਹ ਸ਼ਕਤੀਆਂ ਕਮਿਊਨਿਸਟਾਂ ਦੀ ਹੋਂਦ ਨੂੰ ਹੀ ਖਤਮ ਕਰ ਦੇਣਾ ਚਾਹੁੰਦੀਆਂ ਹਨ। ਕਮਿਊਨਿਸਟ ਜਿਥੇ ਫਾਸ਼ਿਸਟਾਂ ਪ੍ਰਤੀ ਪੂਰੀ ਲੜਾਈ ਦਿੰਦੇ ਹਨ ਉਥੇ ਆਪਣੀ ਹੋਂਦ ਅਤੇ ਦੂਜੀਆਂ ਬੁਰਜੂਆ ਪਾਰਟੀਆਂ ਪ੍ਰਤੀ ਵੀ ਸੁਚੇਤ ਰਹਿੰਦੇ ਹਨ, ਜਿਹੜੀਆਂ ਸੱਤਾ ਹਾਸਲ ਕਰਨ ਲਈ ਬਦਲ ਪੇਸ਼ ਕਰਦੀਆਂ ਹਨ।

ਭਾਰਤੀ ਕਮਿਊਨਿਸਟ ਪਾਰਟੀ ਆਪਣੇ ਸਾਰੇ ਮੈਂਬਰਾਂ ਅਤੇ ਹਮਦਰਦਾਂ ਤੋਂ ਆਸ ਪ੍ਰਗਟ ਕਰਦੀ ਹੈ ਕਿ ਉਹ ਆਪਣੀ ਪੂਰੀ ਸ਼ਕਤੀ ਲਾ ਕੇ ਤਨ-ਮਨ ਅਤੇ ਧਨ ਰਾਹੀਂ ਇਸ ਚੋਣ ਅਖਾੜੇ ਵਿਚ ਕੁੱਦਣਾ।

*# ਸੰਪਰਕ : 98767-26452*

# ਮਿਹਨਤਕਸ਼ ਲੋਕਾਂ ਦੇ ਕਾਜ ਨੂੰ ਪਰਣਾਏ ਵਿਲੱਖਣ ਬੁੱਧੀ ਵਾਲੇ ਆਗੂ ਸਨ ਕਾਮਰੇਡ ਅਤੁਲ ਕੁਮਾਰ ਅਨਜਾਨ

**ਡਾ: ਅਰੁਣ ਮਿੱਤਰਾ**

ਬੀਤੇ ਦਿਨੀਂ ਤੜਕੇ ਉੱਠਦੇ ਹੀ ਕਾਮਰੇਡ ਅਤੁਲ ਕੁਮਾਰ ਅਨਜਾਨ ਦੇ ਅਕਾਲ ਚਲਾਣੇ ਦੀ ਖਬਰ ਸੁਣ ਕੇ ਮਨ ਨੂੰ ਬਹੁਤ ਸਦਮਾ ਪਹੁੰਚਿਆ। ਵਿਦਿਆਰਥੀ ਜੀਵਨ ਵਿੱਚ ਉਹਨਾਂ ਨਾਲ ਬਿਤਾਏ ਅਨੇਕਾਂ ਪਲ ਉਸ ਵੇਲੇ ਇੰਜ ਦਿਮਾਗ ਵਿੱਚ ਘੁੰਮ ਗਏ ਜਿਵੇਂ ਕਿ ਕੱਲ੍ਹ ਦੀ ਗੱਲ ਹੋਵੇ।ਅਤੁਲ ਕੁਮਾਰ ਅਨਜਾਨ ਇਕ ਬਹੁਤ ਤੇਜ਼ ਤਰਾਰ ਵਿਦਿਆਰਥੀ ਆਗੂ ਸਨ, ਜੋ ਕਿ ਆਪਣੀ ਯੋਗਤਾ ਮੁਤਾਬਕ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਚੁਣੇ ਗਏ। ਇਸ ਦਾ ਮਹੱਤਵ ਇਸ ਲਈ ਵੀ ਹੈ ਕਿ ਜਿਸ ਕਾਨਫਰੰਸ ਵਿੱਚ ਉਹ ਪ੍ਰਧਾਨ ਅਤੇ ਅਮਰਜੀਤ ਕੌਰ ਜਨਰਲ ਸਕੱਤਰ ਚੁਣੇ ਗਏ ਸੀ, ਉਹ ਲੁਧਿਆਣਾ ਵਿਖੇ 1979 ਵਿੱਚ ਹੋਈ ਸੀ। ਲੁਧਿਆਣਾ ਦੀ ਏ ਆਈ ਐੱਸ ਐੱਫ਼ ਨੇ ਉਸ ਕਾਨਫਰੰਸ ਨੂੰ ਨੇਪਰੇ ਚਾੜ੍ਹਨ ਵਿੱਚ ਕਾਮਰੇਡ ਕਰਤਾਰ ਸਿੰਘ ਬੁਆਣੀ ਦੀ ਅਗਵਾਈ ਹੇਠ ਅੱਡੀ-ਚੋਟੀ ਦਾ ਜ਼ੋਰ ਲਗਾਇਆ ਤੇ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਕਾਨਫਰੰਸ ਵਿੱਚ ਅਤੁਲ ਪ੍ਰਧਾਨ ਚੁਣੇ ਗਏ ਸਨ। ਮੈਡੀਕਲ ਵਿਦਿਆਰਥੀਆਂ ਲਈ ਆਲ ਇੰਡੀਆ ਮੈਡੀਕੋਜ਼ ਫੈਡਰੇਸ਼ਨ, ਏ ਆਈ ਐੱਸ ਐੱਫ਼ ਦਾ ਇੱਕ ਹਿੱਸਾ ਸੀ। ਉਸ ਵੇਲੇ ਮੈਂ ਇਸ ਦਾ ਕੌਮੀ ਪ੍ਰਧਾਨ ਸੀ ਤੇ ਇਸ ਲਈ ਅਤੁਲ ਕੁਮਾਰ ਅਨਜਾਨ ਨਾਲ ਅਕਸਰ ਉੱਠਣਾ-ਬੈਠਣਾ ਅਤੇ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ। ਇਸ ਕਰਕੇ ਵੀ ਅਤੁਲ ਨਾਲ ਭਾਵਨਾਤਮਕ ਮੇਲ-ਜੋਲ ਤੇ ਯਾਦਾਂ ਅੱਜ ਵੀ ਦਿਮਾਗ ਵਿੱਚ ਤਾਜ਼ੀਆਂ ਹਨ।

ਪਾਰਟੀ ਦੇ ਸਰੋਤਾਂ ਅਤੇ ਉਨ੍ਹਾਂ ਦੇ ਨਾਲ ਰਹੇ ਏ ਆਈ ਐੱਸ ਐੱਫ਼ ਦੇ ਜਨਰਲ ਸਕੱਤਰ ਅਮਰਜੀਤ ਕੌਰ ਤੋਂ ਅਤੇ ਉਹਨਾਂ ਦੇ ਪਰਵਾਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਤੁਲ ਦਾ ਜਨਮ 29 ਨਵੰਬਰ 1949 ਨੂੰ ਹੋਇਆ ਸੀ। ਉਹ ਆਪਣੇ 20 ਦੇ ਦਹਾਕੇ ਦੇ ਸ਼ੁਰੂ ਵਿੱਚ, ਨੈਸ਼ਨਲ ਕਾਲਜ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਚੁਣੇ ਗਏ। ਵਿਦਿਆਰਥੀਆਂ ਦੀਆਂ ਚਿੰਤਾਵਾਂ ਨੂੰ ਆਵਾਜ਼ ਦੇਣ ਲਈ ਪ੍ਰਸਿੱਧ, ਅਨਜਾਨ ਨੇ ਲਗਾਤਾਰ ਚਾਰ ਵਾਰ ਲਖਨਊ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੀ ਪ੍ਰਧਾਨਗੀ ਵੀ ਜਿੱਤੀ। ਉਹ ਅੱਧੀ ਦਰਜਨ ਭਾਸ਼ਾਵਾਂ ਵਿੱਚ ਇੱਕ ਪ੍ਰਤਿਭਾਸ਼ਾਲੀ ਬੁਲਾਰੇ ਸਨ। ਆਪਣੀ ਸਿਆਸੀ ਅਤੇ ਵਿਚਾਰਧਾਰਕ ਦ੍ਰਿੜ੍ਹਤਾ ਅਤੇ ਵਿਦਿਆਰਥੀਆਂ ਦੇ ਅੰਦੋਲਨਾਂ ਦੀ ਅਗਵਾਈ ਕਰਨ ਦੀ ਸਮਰੱਥਾ ਦੇ ਕਾਰਨ ਉਹ 1979 ਵਿੱਚ ਲੁਧਿਆਣਾ ਕਾਨਫਰੰਸ ਵਿੱਚ AISF ਦੇ ਪ੍ਰਧਾਨ ਬਣਨ ਉਪਰੰਤ 1985 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਦੀ ਪ੍ਰਧਾਨਗੀ ਦੇ ਦੌਰਾਨ ਏ ਆਈ ਐੱਸ ਐੱਫ਼ ਨੇ ਦੇਸ਼ ਵਿੱਚ ਅਨੇਕਾਂ ਅੰਦੋਲਨ ਲੜੇ ਜਿਨ੍ਹਾਂ ਵਿੱਚੋਂ ਪ੍ਰਮੁੱਖ ਕੰਮ ਦਿਓ ਜਾਂ ਜੇਲ੍ਹ ਦਿਓ ਅੰਦੋਲਨ ਅਤੀ ਪ੍ਰਸਿੱਧ ਹੋਇਆ।



ਇਨਕਲਾਬ ਦੀ ਗੁੜ੍ਹਤੀ ਉਹਨਾਂ ਨੂੰ ਪਰਵਾਰ ਵਿੱਚੋਂ ਹੀ ਮਿਲੀ। ਉਹਨਾਂ ਦੇ ਮਾਤਾ-ਪਿਤਾ ਦੋਨੋਂ ਹੀ ਸੁਤੰਤਰਤਾ ਸੰਗਰਾਮ ਵਿੱਚ ਲੱਗੇ ਰਹੇ ਸਨ। ਪਿਤਾ ਡਾ. ਏ.ਪੀ. ਸਿੰਘ ਇੱਕ ਅਨੁਭਵੀ ਸੁਤੰਤਰਤਾ ਸੈਨਾਨੀ ਸਨ, ਜਿਨ੍ਹਾਂ ਨੇ HSRA (ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ) ਦੀਆਂ ਕਾਰਵਾਈਆਂ ਵਿੱਚ ਹਿੱਸਾ ਲਿਆ, ਜਿਸ ਲਈ ਉਹਨਾਂ ਨੇ ਬ੍ਰਿਟਿਸ਼ ਜੇਲ੍ਹ ਵਿੱਚ ਲੰਮੀ ਸਜ਼ਾ ਕੱਟੀ।

ਉਹ ਸਾਲ 1997 ਵਿੱਚ ਤ੍ਰਿਸ਼ੂਰ ਨੈਸ਼ਨਲ ਕਾਨਫਰੰਸ ਵਿੱਚ ਆਲ ਇੰਡੀਆ ਕਿਸਾਨ ਸਭਾ ਦੇ ਜਨਰਲ ਸਕੱਤਰ ਬਣੇ ਅਤੇ ਸਾਲ 2001, 2006, 2010 ਅਤੇ 2016 ਵਿੱਚ ਇਸੇ ਅਹੁਦੇ ਲਈ ਚੁਣੇ ਗਏ। ਉਹ ਕਿਸਾਨਾਂ ਦੇ ਹਿੱਤਾਂ ਲਈ ਵਚਨਬੱਧ ਸਨ। ਸਵਾਮੀਨਾਥਨ ਕਮਿਸ਼ਨ ਦੇ ਇਕਲੌਤੇ ਕਿਸਾਨ ਮੈਂਬਰ ਵਜੋਂ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਸੀ, ਜਿਸ ਨੇ ਕਿਸਾਨਾਂ ਦੀਆਂ ਉਪਜਾਂ ਲਈ ਘੱਟੋ-ਘੱਟ ਸਮਰਥਨ ਮੁੱਲ ਸਮੇਤ ਕਈ ਸਿਫ਼ਾਰਸ਼ਾਂ ਕੀਤੀਆਂ ਸਨ।

ਉਹ ਯੂ.ਪੀ. ਦੀ ਮਸ਼ਹੂਰ ਪੁਲਸ-ਪੀ ਏ ਸੀ ਬਗ਼ਾਵਤ ਦੇ ਮੁੱਖ ਨੇਤਾਵਾਂ ਵਿੱਚੋਂ ਇੱਕ ਸੀ। ਅਨਜਾਨ ਨੇ ਆਪਣੇ ਸਿਆਸੀ ਸਫ਼ਰ ਦੌਰਾਨ ਚਾਰ ਸਾਲ ਨੌਂ ਮਹੀਨੇ ਜੇਲ੍ਹ ਕੱਟੀ।

ਅਨਜਾਨ ਆਪਣੇ ਯੂਨੀਵਰਸਿਟੀ ਦੇ ਦਿਨਾਂ ਦੌਰਾਨ 1960ਵਿਆਂ ਦੇ ਅਖੀਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਆਪਣੇ ਆਖਰੀ ਸਾਹਾਂ ਤੱਕ ਪਾਰਟੀ ਵਿੱਚ ਹੀ ਰਹੇ। ਉਹ ਸਾਲ 1989 ਵਿੱਚ ਕੋਲਕਾਤਾ ਵਿੱਚ ਹੋਈ 14ਵੀਂ ਕਾਂਗਰਸ ਵਿੱਚ ਪਾਰਟੀ ਦੀ ਕੌਮੀ ਕੌਂਸਲ ਲਈ ਚੁਣੇ ਗਏ।

ਉਹ 1992 ਵਿੱਚ ਹੈਦਰਾਬਾਦ ਵਿੱਚ ਹੋਈ 15ਵੀਂ ਕਾਂਗਰਸ ਵਿੱਚ ਰਾਸ਼ਟਰੀ ਕਾਰਜਕਾਰਨੀ ਕਮੇਟੀ ਲਈ ਚੁਣਿਆ ਗਿਆ ਅਤੇ ਸਾਲ 1995 ਵਿੱਚ ਦਿੱਲੀ ਵਿਖੇ 16ਵੀਂ ਕਾਂਗਰਸ ਵਿੱਚ ਰਾਸ਼ਟਰੀ ਸਕੱਤਰੇਤ ਦੇ ਮੈਂਬਰ ਬਣੇ। ਉਹਨਾਂ ਨੇ ਆਪਣੇ ਆਖਰੀ ਸਾਹ ਤੱਕ ਇਸ ਅਹੁਦੇ ਨੂੰ ਜਾਰੀ ਰੱਖਿਆ।

ਕਾਮਰੇਡ ਅਤੁਲ ਕੁਮਾਰ ਅਨਜਾਨ ਨੇ ਦੇਸ਼ ਭਰ ਵਿੱਚ ਵਿਦਿਆਰਥੀ ਅੰਦੋਲਨ, ਕਿਸਾਨ ਅੰਦੋਲਨ ਅਤੇ ਪਾਰਟੀ ਦੇ ਨਿਰਮਾਣ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ। ਉਹ ਸੱਜੇ ਪੱਖੀ-ਫਾਸ਼ੀਵਾਦੀ ਤਾਕਤਾਂ ਦੇ ਵਿਰੁੱਧ ਇੱਕ ਬੇਮਿਸਾਲ ਲੜਾਕੂ ਸਨ। ਟੀ ਵੀ ਵਿੱਚ ਹੋਣ ਵਾਲੀਆਂ ਚਰਚਾਵਾਂ ਦੇ ਦੌਰਾਨ ਉਹ ਆਰ ਐੱਸ ਐੱਸ ਤੇ ਭਾਜਪਾ ਦੇ ਆਗੂਆਂ ਨੂੰ ਤੱਥਾਂ ਦੇ ਅਧਾਰ 'ਤੇ ਪੂਰੀ ਤਰ੍ਹਾਂ ਖਦੇੜ ਦਿੰਦੇ ਸਨ। ਇਸ ਕਰਕੇ ਉਹ ਟੀ ਵੀ ਦਰਸ਼ਕਾਂ ਵਿੱਚ ਪ੍ਰਚਲਿੱਤ ਸਨ।

ਅੱਜ ਜਦੋਂ ਦੇਸ਼ ਬਹੁਤ ਹੀ ਗੰਭੀਰ ਰਾਜਨੀਤਕ ਅਤੇ ਆਰਥਿਕ ਦੌਰ ਵਿੱਚੋਂ ਲੰਘ ਰਿਹਾ ਹੈ, ਦੇਸ਼ ਅਤੇ ਸਮਾਜ ਨੂੰ ਉਹਨਾਂ ਦੀ ਬਹੁਤ ਲੋੜ ਸੀ। ਉਨ੍ਹਾਂ ਦਾ ਦੇਹਾਂਤ ਭਾਰਤੀ ਕਮਿਊਨਿਸਟ ਪਾਰਟੀ ਅਤੇ ਦੇਸ਼ ਦੇ ਮੌਜੂਦਾ ਹਾਲਾਤ ਵਿੱਚ ਕਿਸਾਨ ਅੰਦੋਲਨ ਲਈ ਬਹੁਤ ਵੱਡਾ ਘਾਟਾ ਹੈ।

ਅਤੁਲ ਅਨਜਾਨ ਪਾਰਟੀ ਕਾਡਰਾਂ ਅਤੇ ਸਮਰਥਕਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਵਿਤਕਰੇ ਤੋਂ ਮੁਕਤ ਨਵੇਂ ਭਾਰਤ ਲਈ ਲੜਨ ਲਈ ਉਸ ਦੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਸੱਦਾ ਦਿੰਦਾ ਹੈ।

ਅੱਜ ਸਾਡਾ ਫ਼ਰਜ਼ ਉਨ੍ਹਾਂ ਵੱਲੋਂ ਦਰਸਾਏ ਰਸਤੇ ਤੇ ਚੱਲ ਕੇ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾ ਕੇ ਫਾਸ਼ੀਵਾਦੀ ਸ਼ਕਤੀਆਂ ਦੇ ਖਿਲਾਫ ਸੰਘਰਸ਼ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣਾ ਹੈ।

**# ਸੰਪਰਕ : 94170-00360**

## ਪਾਠਕ-ਸੱਥ

### ਆਵਾਰਾ ਕੁੱਤਿਆਂ 'ਤੇ ਸ਼ਿਕੰਜਾ ਜ਼ਰੂਰੀ

ਬੀਤੇ ਦਿਨ ਬਟਾਲਾ ਦੇ ਕਿਸ਼ਨਪੁਰ ਵਿਖੇ ਇੱਕ ਸੈਰ ਕਰਨ ਗਈ ਮਹਿਲਾ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮੌਤ ਦੇ ਘਾਟ ਉਤਾਰ ਦਿੱਤਾ।ਹਰ ਰੋਜ਼ ਕੁੱਤਿਆਂ ਦੁਆਰਾ ਬਜ਼ੁਰਗ, ਬੱਚਿਆਂ ਅਤੇ ਰਾਹ ਜਾਂਦੇ ਵਿਅਕਤੀ ਨੂੰ ਕੱਟਣ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਰਹਿੰਦੀਆਂ ਹਨ। ਆਵਾਰਾ ਪਸ਼ੂਆਂ ਅਤੇ ਕੁੱਤਿਆਂ ਦੀ ਸਾਂਭ-ਸੰਭਾਲ ਲਈ ਸਥਾਨਕ ਪ੍ਰਸ਼ਾਸਨ ਦੀ ਕਾਰਵਾਈ ਕੋਈ ਬਹੁਤੀ ਸ਼ਲਾਘਾਯੋਗ ਨਹੀਂ।ਜਦੋਂ ਕੋਈ ਘਟਨਾ ਵਾਪਰਦੀ ਹੈ ਤਾਂ ਪ੍ਰਸ਼ਾਸਨ ਕੁੰਭਕਰਨੀ ਨੀਂਦ ਤੋਂ ਜਾਗ ਕੇ ਬੁੱਤਾ ਸਾਰ ਦਿੰਦਾ ਹੈ, ਪ੍ਰੰਤੂ ਕੋਈ ਠੋਸ ਹੱਲ ਨਾ ਹੋਣ ਕਰਕੇ ਅਜਿਹੀਆਂ ਘਟਨਾਵਾਂ ਵਾਰ ਵਾਰ ਵਾਪਰਦੀਆਂ ਰਹਿੰਦੀਆਂ ਹਨ, ਜਿਸ ਕਰਕੇ ਮਾਸੂਮ ਅਤੇ ਨਿਰਦੋਸ਼ ਵਿਅਕਤੀ ਅਣਿਆਈ ਮੌਤ ਮਾਰੇ ਜਾਂਦੇ ਹਨ। ਆਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਨੂੰ ਕੰਟਰੋਲ ਕਰਨ ਲਈ ਨਸਬੰਦੀ ਪ੍ਰੋਗਰਾਮ ਵੱਲ ਸਥਾਨਕ ਪ੍ਰਸ਼ਾਸਨ ਕੋਈ ਜ਼ਿਆਦਾ ਦਿਲਚਸਪੀ ਨਹੀਂ ਦਿਖਾ ਰਿਹਾ, ਜਿਸ ਕਰਕੇ ਆਵਾਰਾ ਕੁੱਤਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਕੁਝ ਸਾਲ ਪਹਿਲਾਂ ਕੁੱਤਿਆਂ ਦੀ ਜਨਮ ਦਰ ਕੰਟਰੋਲ ਕਰਨ ਲਈ ਉਹਨਾਂ ਦੀ ਨਸਬੰਦੀ ਦਾ ਕੰਮ ਸ਼ੁਰੂ ਹੋਇਆ ਸੀ, ਪ੍ਰੰਤੂ ਪ੍ਰਸ਼ਾਸਨ ਦੀਆਂ ਅਣਗਹਿਲੀਆਂ ਅਤੇ ਦਿਲਚਸਪੀ ਨਾ ਦਿਖਾਉਣ ਕਰਕੇ ਇਹ ਲਗਾਤਾਰ ਜਾਰੀ ਨਾ ਰਹਿ ਸਕਿਆ। ਆਵਾਰਾ ਬੇਖੌਫ਼ ਘੁੰਮ ਕੇ ਮੌਤ ਦੇ ਰਹੇ ਕੁੱਤਿਆਂ ਤੋਂ ਬਚਣ ਲਈ ਜਿਥੇ ਸਾਨੂੰ ਸੁਚੇਤ ਰਹਿਣ ਚਾਹੀਦਾ ਹੈ, ਉਥੇ ਸਥਾਨਕ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਕੁੱਤਿਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਨਸਬੰਦੀ ਦਾ ਪ੍ਰੋਗਰਾਮ ਜਾਰੀ ਰੱਖਣ, ਤਾਂ ਜੋ ਆਵਾਰਾ ਕੁੱਤਿਆਂ ਕਰਕੇ ਲੋਕਾਂ ਦੀ ਕੀਮਤੀ ਜਾਨ ਬਚ ਸਕੇ।

*-ਰਜਵਿੰਦਰ ਪਾਲ ਸ਼ਰਮਾ, 70873-67969*

# ਬਰਾਬਰੀ ਤੇ ਨਿਆਂ 'ਤੇ ਅਧਾਰਤ ਸਮਾਜ ਹੀ ਸਮੁੱਚੀ ਮਨੁੱਖਤਾ ਲਈ ਫਾਇਦੇਮੰਦ : ਕਾਮਰੇਡ ਅਨਿਲ ਰਾਜੀਮਵਾਲਾ

## ਕਾਰਲ ਮਾਰਕਸ ਦੇ ਜਨਮ ਦਿਹਾੜੇ 'ਤੇ ਸਿਧਾਂਤਕ ਵਿਚਾਰ-ਗੋਸ਼ਟੀ




**ਲੁਧਿਆਣਾ (ਐੱਮ ਐੱਸ ਭਾਟੀਆ)**-ਬਰਾਬਰੀ ਤੇ ਨਿਆਂ 'ਤੇ ਅਧਾਰਤ ਸਮਾਜ ਹੀ ਸਮੁੱਚੀ ਮਨੁੱਖਤਾ ਦੇ ਫਾਇਦੇ ਲਈ ਟਿਕਾਊ ਵਿਕਾਸ ਦਾ ਇੱਕੋ ਇੱਕ ਰਸਤਾ ਹੈ।ਅਮਰੀਕਾ ਦੀ ਅਗਵਾਈ ਹੇਠ ਅਜੋਕੀ ਸਾਮਰਾਜੀ ਸ਼ਕਤੀਆਂ ਇਨ੍ਹਾਂ ਦੇਸ਼ਾਂ ਦੇ ਕੁਲੀਨ ਵਰਗ ਦੀ ਮਿਲੀਭੁਗਤ ਨਾਲ ਵਿਕਾਸਸ਼ੀਲ ਦੇਸ਼ਾਂ 'ਤੇ ਨਵਉਦਾਰਵਾਦੀ ਆਰਥਿਕ ਨੀਤੀਆਂ ਥੋਪ ਰਹੀਆਂ ਹਨ।ਇਸ ਨਾਲ ਸਮਾਜ ਵਿੱਚ ਬੇਮਿਸਾਲ ਅਸਮਾਨਤਾ, ਨੌਕਰੀਆਂ ਵਿੱਚ ਕਟੌਤੀ, ਕਿਰਤੀ ਲੋਕਾਂ ਦੇ ਅਧਿਕਾਰਾਂ ਵਿੱਚ ਕਟੌਤੀ ਅਤੇ ਸਿਹਤ ਤੇ ਸਿੱਖਿਆ ਵਰਗੀਆਂ ਜ਼ਰੂਰੀ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ।ਇਸ ਨੂੰ ਲੋਕ ਲਹਿਰਾਂ ਰਾਹੀਂ ਬਦਲਣਾ ਪਵੇਗਾ।ਇਹ ਗੱਲ ਦਾਰਸ਼ਨਿਕ ਤੇ ਮਾਰਕਸਵਾਦੀ ਚਿੰਤਕ ਕਾਮਰੇਡ ਅਨਿਲ ਰਾਜੀਮਵਾਲਾ ਨੇ ਐਤਵਾਰ ਕਾਰਲ ਮਾਰਕਸ ਦੇ ਜਨਮ ਦਿਨ 'ਤੇ 'ਵਿਗਿਆਨਕ ਸਮਾਜਵਾਦ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਿਕਤਾ' ਵਿਸ਼ੇ 'ਤੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਇਕਾਈ ਵੱਲੋਂ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਡਾਰਵਿਨ ਨੇ ਆਪਣੀ ਖੋਜ ਰਾਹੀਂ ਇਹ ਸਿੱਧ ਕੀਤਾ ਕਿ ਜੀਵਨ ਦਾ ਵਿਕਾਸ ਕੁਦਰਤ ਦੇ ਕੁਝ ਨਿਯਮਾਂ ਰਾਹੀਂ ਹੋਇਆ ਹੈ।ਮਨੁੱਖ ਦਾ ਜਨਮ ਕਿਸੇ ਦੈਵੀ ਸ਼ਕਤੀ ਦੀ ਸਿਰਜਣਾ ਨਹੀਂ, ਸਗੋਂ ਧਰਤੀ ਉੱਤੇ ਜੀਵਨ ਦੀ ਹੋਂਦ ਦੇ ਲੱਖਾਂ ਸਾਲਾਂ ਬਾਅਦ ਹੋਇਆ ਵਿਕਾਸ ਹੈ।ਕਾਮਰੇਡ ਰਾਜੀਮਵਾਲਾ ਨੇ ਦੱਸਿਆ ਕਿ ਕਾਰਲ ਮਾਰਕਸ ਨੇ ਆਪਣੇ ਕੰਮ ਤੋਂ ਸੁਰਾਗ ਲੈਂਦਿਆਂ ਮਨੁੱਖੀ ਸਮਾਜ 'ਤੇ ਥੀਸਸ ਲਾਗੂ ਕੀਤਾ ਅਤੇ ਸਾਡੇ ਸਮਾਜ ਦੀਆਂ ਸਮੱਸਿਆਵਾਂ ਬਾਰੇ ਖੋਜ ਕੀਤੀ। ਮਾਰਕਸ ਇਸ ਸਿੱਟੇ 'ਤੇ ਪਹੁੰਚੇ ਕਿ ਜ਼ਿਆਦਾਤਰ ਸਮੱਸਿਆਵਾਂ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਦੇ ਨਤੀਜੇ ਵਜੋਂ ਪੈਦਾ ਹੋਈਆਂ ਅਸਮਾਨਤਾਵਾਂ ਵਿੱਚ ਹਨ।ਇਹ ਵਿਗਾੜ ਮਨੁੱਖ ਦੇ ਆਪਣੇ ਯਤਨਾਂ ਨਾਲ ਦੂਰ ਕੀਤੇ ਜਾ ਸਕਦੇ ਹਨ।ਉਨ੍ਹਾਂ ਨੇ ਕੁਦਰਤੀ ਵਿਗਿਆਨ ਤੇ ਸਮਾਜਿਕ ਵਿਗਿਆਨ ਦੇ ਵੱਖ-ਵੱਖ ਨਵੇਂ ਵਿਸ਼ਿਆਂ ਦੇ ਅਧਿਐਨ ਦੇ ਆਧਾਰ 'ਤੇ ਉਦਯੋਗਿਕ ਕ੍ਰਾਂਤੀ ਅਤੇ ਸਮਾਜ 'ਤੇ ਇਸ ਦੇ ਪ੍ਰਭਾਵ ਦੀ ਵਿਆਖਿਆ ਕੀਤੀ।ਉਹ ਕੁਦਰਤ ਦੇ ਨਾਲ-ਨਾਲ ਸਮਾਜ ਵਿੱਚ ਤਬਦੀਲੀ ਦੇ ਨਿਯਮਾਂ ਦੀ ਖੋਜ ਕਰਨ ਵਾਲੇ ਪਹਿਲੇ ਵਿਅਕਤੀ ਸਨ।ਉਨ੍ਹਾਂ ਨੇ ਸਮਾਜ ਦੇ ਵੱਖ-ਵੱਖ ਪੜਾਵਾਂ ਦੀ ਸਿਰਜਣਾ ਤੇ ਵਿਕਾਸ ਵਿੱਚ ਕਿਰਤ ਦੀ ਕੇਂਦਰੀ ਭੂਮਿਕਾ ਦੀ ਵਿਆਖਿਆ ਕੀਤੀ।ਕਾਮਰੇਡ ਰਾਜੀਮਵਾਲੇ ਨੇ ਜ਼ੋਰ ਦੇ ਕੇ ਕਿਹਾ ਕਿ ਮਾਰਕਸਵਾਦੀ ਸਿਧਾਂਤ ਕ੍ਰਾਂਤੀਕਾਰੀ ਹੈ, ਕਿਉਂਕਿ ਇਸ ਦੇ ਅਨੁਸਾਰ ਸੰਸਾਰ ਤੇ ਸਮਾਜ ਵਿੱਚ ਕੁਝ ਵੀ ਸਥਿਰ ਨਹੀਂ ਹੈ ਅਤੇ ਸਭ ਕੁਝ ਬਦਲਦਾ ਹੈ।ਇਸ ਲਈ ਮਾਰਕਸ ਨੇ ਤਰਕਪੂਰਨ ਸਿੱਟਾ ਕੱਢਿਆ ਕਿ ਪੂੰਜੀਵਾਦੀ ਸਮਾਜ ਨੂੰ ਵੀ ਇੱਕ ਦਿਨ ਸੰਸਾਰ ਇਤਿਹਾਸ ਦੇ ਪੜਾਅ ਨੂੰ ਛੱਡ ਕੇ ਸਮਾਜਵਾਦ ਤੇ ਕਮਿਊਨਿਜ਼ਮ ਦੁਆਰਾ ਬਦਲਣਾ ਪਵੇਗਾ।ਲੈਨਿਨ ਨੇ ਇਸ ਸਿਧਾਂਤ ਨੂੰ ਸੋਵੀਅਤ ਯੂਨੀਅਨ ਵਿੱਚ ਲਾਗੂ ਕੀਤਾ ਤੇ ਕਾਫ਼ੀ ਹੱਦ ਤੱਕ ਇਨਸਾਫ਼ 'ਤੇ ਅਧਾਰਤ ਸਮਾਜ ਦੀ ਪ੍ਰਾਪਤੀ ਵਿੱਚ ਕਾਮਯਾਬ ਰਹੇ।ਸੋਵੀਅਤ ਰਾਜ ਨੇ ਦੁਨੀਆ ਭਰ ਦੀਆਂ ਸਾਰੀਆਂ ਪ੍ਰਗਤੀਸ਼ੀਲ ਲਹਿਰਾਂ ਦਾ ਸਮਰਥਨ ਕੀਤਾ ਤੇ ਬਸਤੀਵਾਦੀ ਸ਼ਕਤੀਆਂ ਤੋਂ ਮੁਕਤੀ ਲਈ ਅੰਦੋਲਨਾਂ ਦੀ ਮਦਦ ਕੀਤੀ।ਸਾਡੇ ਦੇਸ਼ ਵਿੱਚ ਬਹੁਤ ਸਾਰੇ ਆਜ਼ਾਦੀ ਘੁਲਾਟੀਆਂ ਨੇ ਸੋਵੀਅਤ ਇਨਕਲਾਬ ਤੋਂ ਪ੍ਰੇਰਣਾ ਲਈ।ਸਮਾਜ ਦੇ ਵਿਕਾਸ ਦਾ ਵਿਗਿਆਨਕ ਸਿਧਾਂਤ ਇਨ੍ਹਾਂ ਅੰਦੋਲਨਾਂ ਲਈ ਮਾਰਗ ਦਰਸ਼ਕ ਵਜੋਂ ਕੰਮ ਕਰਦਾ ਹੈ।

ਇਸ ਤਰ੍ਹਾਂ ਆਜ਼ਾਦ ਭਾਰਤ ਨੇ ਧਰਮ ਨਿਰਪੱਖਤਾ, ਲੋਕਤੰਤਰ, ਨਿਆਂ ਤੇ ਬਰਾਬਰੀ ਦੇ ਸਿਧਾਂਤ 'ਤੇ ਅਧਾਰਤ ਸੰਵਿਧਾਨ ਅਪਣਾਇਆ।ਅਸੀਂ ਆਤਮ ਨਿਰਭਰ ਆਰਥਿਕ ਵਿਕਾਸ ਦਾ ਰਾਹ ਅਪਣਾਇਆ। ਇਸ ਸੰਦਰਭ ਵਿੱਚ ਸੰਵਿਧਾਨਕ ਸੰਸਥਾਵਾਂ ਨੂੰ ਸੰਵਿਧਾਨਕ ਢਾਂਚੇ ਦੇ ਤਹਿਤ ਸੁਤੰਤਰ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਗਿਆ ਸੀ।ਬਦਕਿਸਮਤੀ ਨਾਲ ਮੌਜੂਦਾ ਸਰਕਾਰ ਉਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਨਕਾਰ ਰਹੀ ਹੈ, ਜੋ ਭਾਰਤ ਨੇ ਆਜ਼ਾਦੀ ਤੋਂ ਬਾਅਦ ਕੀਤੀਆਂ।ਆਰਥਿਕ ਵਿਕਾਸ ਦਾ ਰਾਹ ਪੂਰੀ ਤਰ੍ਹਾਂ ਕਾਰਪੋਰੇਟ ਪੱਖੀ ਤੇ ਮਜ਼ਦੂਰ ਵਿਰੋਧੀ ਹੈ, ਕਿਉਂਕਿ ਅਸੀਂ ਦੇਖ ਸਕਦੇ ਹਾਂ ਕਿ ਦੇਸ਼ ਦੀ ਸੰਪਤੀ ਕੁਝ ਕੁ ਸਰਮਾਏਦਾਰਾਂ ਦੇ ਹਵਾਲੇ ਕੀਤੀ ਜਾ ਰਹੀ ਹੈ।ਸੰਵਿਧਾਨਕ ਸੰਸਥਾਵਾਂ ਨੂੰ ਸਿਆਸੀ ਦਬਾਅ ਹੇਠ ਰੱਖਿਆ ਗਿਆ ਹੈ ਤੇ ਸੁਤੰਤਰ ਫੈਸਲੇ ਲੈਣ ਦੇ ਅਧਿਕਾਰ ਤੋਂ ਵਾਂਝੇ ਕੀਤਾ ਗਿਆ ਹੈ।ਇੱਥੋਂ ਤੱਕ ਕਿ ਨਿਆਂਪਾਲਿਕਾ ਨੂੰ ਵੀ ਨਹੀਂ ਬਖ਼ਸ਼ਿਆ ਗਿਆ।ਸਾਡੇ ਸਮਾਜ ਵਿੱਚ ਬਹੁਲਵਾਦ ਦੀ ਮੂਲ ਧਾਰਨਾ ਨੂੰ ਨਕਾਰਿਆ ਜਾ ਰਿਹਾ ਹੈ, ਜਿਵੇਂ ਕਿ ਪ੍ਰਧਾਨ ਮੰਤਰੀ ਦੇ ਹਾਲੀਆ ਭਾਸ਼ਣਾਂ ਤੋਂ ਜ਼ਾਹਰ ਹੁੰਦਾ ਹੈ।ਇਸ ਲਈ ਕਾਰਲ ਮਾਰਕਸ ਦੇ ਵਿਚਾਰਾਂ ਤੋਂ ਸਿੱਖਣ ਤੇ ਉਨ੍ਹਾਂ ਨੂੰ ਆਪਣੇ ਸਮਾਜ ਵਿੱਚ ਲਾਗੂ ਕਰਨ ਦਾ ਸਮਾਂ ਹੈ।ਇਸ ਦੇ ਲਈ ਸੱਤਾ ਵਿੱਚ ਅਜਿਹੀ ਰਾਜਨੀਤੀ ਹੋਣੀ ਬਹੁਤ ਜ਼ਰੂਰੀ ਹੈ, ਜੋ ਸਮਾਜਿਕ ਸਦਭਾਵਨਾ, ਨਿਆਂ ਤੇ ਬਰਾਬਰੀ ਦੀ ਗੱਲ ਕਰਦੀ ਹੋਵੇ। ਜੇਕਰ ਅਸੀਂ ਦੇਸ਼ ਦੀਆਂ ਸੰਵਿਧਾਨਕ ਵਿਵਸਥਾਵਾਂ ਦਾ ਬਚਾਅ ਕਰਨਾ ਚਾਹੁੰਦੇ ਹਾਂ ਤਾਂ ਮੋਦੀ ਸਰਕਾਰ ਨੂੰ ਬੇਦਖਲ ਕਰਨਾ ਪਵੇਗਾ, ਨਹੀਂ ਤਾਂ ਖ਼ਤਰਾ ਇਹ ਹੈ ਕਿ ਉਹ ਇਸ ਨੂੰ ਧਰਮ ਸ਼ਾਸਤਰੀ ਰਾਜ ਬਣਾ ਦੇਣਗੇ। ਅਜਿਹੇ ਹਾਲਾਤਾਂ ਵਿੱਚ ਇਹ ਬਹੁਤ ਮਹੱਤਵਪੂਰਨ ਹੈ ਕਿ ਕਮਿਊਨਿਸਟ ਪਾਰਟੀ ਨੂੰ ਕਿਰਤੀ ਲੋਕਾਂ ਦੇ ਹਿੱਤਾਂ ਨੂੰ ਚੁੱਕਣ ਲਈ ਜ਼ਮੀਨੀ ਪੱਧਰ ਦੇ ਕੰਮ ਰਾਹੀਂ ਮਜ਼ਬੂਤ ਕੀਤਾ ਜਾਵੇ।ਕਾਮਰੇਡ ਡੀ ਪੀ ਮੌੜ ਜ਼ਿਲ੍ਹਾ ਸਕੱਤਰ ਸੀ.ਪੀ.ਆਈ. ਨੇ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ ਤੇ ਲੁਧਿਆਣਾ ਆਉਣ ਲਈ ਧੰਨਵਾਦ ਕੀਤਾ।

ਕਾਮਰੇਡ ਐੱਮ ਐੱਸ ਭਾਟੀਆ ਸਿਟੀ ਸਕੱਤਰ ਸੀ ਪੀ ਆਈ ਨੇ ਕਾਰਵਾਈ ਦੀ ਸੰਚਾਲਨ ਕੀਤੀ। ਕਾਮਰੇਡ ਰਮੇਸ਼ ਰਤਨ ਚੇਅਰਮੈਨ ਕੰਟਰੋਲ ਕਮਿਸ਼ਨ ਪੰਜਾਬ ਨੇ ਵੀ ਸੰਬੋਧਨ ਕੀਤਾ।ਡਾਕਟਰ ਰਜਿੰਦਰ ਪਾਲ ਔਲਖ ਨੇ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਕਾਮਰੇਡ ਗੁਲਜ਼ਾਰ ਗੋਰੀਆ, ਕੌਮੀ ਕੌਂਸਲ ਦੇ ਮੈਂਬਰ ਡਾਕਟਰ ਅਰੁਣ ਮਿੱਤਰਾ, ਜ਼ਿਲ੍ਹਾ ਸਹਾਇਕ ਸਕੱਤਰ ਕਾਮਰੇਡ ਚਮਕੌਰ ਸਿੰਘ, ਸ਼ਹਿਰੀ ਸੈਕ ਸਕੱਤਰ ਕਾਮਰੇਡ ਵਿਜੇ ਕੁਮਾਰ, ਕਾਮਰੇਡ ਵਿਨੋਦ ਕੁਮਾਰ ਨੇ ਵੀ ਸ਼ਮੂਲੀਅਤ ਕੀਤੀ।ਭਾਗੀਦਾਰਾਂ ਨੇ ਸਪੀਕਰ ਨੂੰ ਕਈ ਸਵਾਲ ਪੁੱਛੇ, ਜਿਨ੍ਹਾਂ ਦੇ ਜਵਾਬ ਕਾਮਰੇਡ ਰਾਜੀਮਵਾਲਾ ਨੇ ਦਿੱਤੇ।

# ਲੋਕ ਲਹਿਰ 'ਚ ਤਬਦੀਲ ਹੋਣ ਲੱਗਾ ਸੀਵਰੇਜ ਸਮੱਸਿਆ ਵਾਲਾ ਧਰਨਾ

## ਮੁੱਖ ਮੰਤਰੀ ਦੀ ਮਾਨਸਾ ਆਮਦ 'ਤੇ ਮਸਲੇ ਦਾ ਸਥਾਈ ਕਰਨ ਹੱਲ ਦੀ ਮੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਵੁਆਇਸ ਆਫ ਮਾਨਸਾ ਵੱਲੋਂ ਸ਼ਹਿਰ ਦੀਆਂ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਸੀਵਰੇਜ ਦੀ ਸਮੱਸਿਆ ਦੇ ਪੱਕਾ ਹੱਲ ਕਰਵਾਉਣ ਲਈ ਚੱਲ ਰਿਹਾ ਧਰਨਾ ਅੱਜ ਪੰਜਵੇਂ ਦਿਨ ਦਾਖਲ ਹੋ ਗਿਆ।ਪੰਜਵੇਂ ਦਿਨ ਧਰਨੇ ਦੀ ਸ਼ੁਰੂਆਤ ਕਰਦਿਆਂ ਵੁਆਇਸ ਆਫ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਪ੍ਰਸ਼ਾਸਨ ਸਾਡੀ ਪਰਖ ਨਾ ਕਰੇ, ਕਿਉਂਕਿ ਲੋਕ ਰੋਹ ਵਧਣ ਕਰਕੇ ਇਹ ਧਰਨਾ ਹੁਣ ਲੋਕ ਲਹਿਰ 'ਚ ਤਬਦੀਲ ਹੁੰਦਾ ਜਾ ਰਿਹਾ ਹੈ ਅਤੇ ਲੋਕ ਸਮੱਸਿਆ ਦਾ ਜਲਦ ਤੇ ਸਥਾਈ ਹੱਲ ਮੰਗ ਰਹੇ ਹਨ।ਉਨ੍ਹਾਂ ਦੱਸਿਆ ਕਿ ਕੱਲ੍ਹ 5 ਮਈ ਨੂੰ ਵੁਆਇਸ ਆਫ ਮਾਨਸਾ ਤੇ ਜ਼ਿਲ੍ਹੇ ਦੀਆਂ ਹੋਰ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦਾ ਇੱਕ ਵੱਡਾ ਇਕੱਠ ਹੋ ਰਿਹਾ ਹੈ, ਜਿਸ ਵਿੱਚ ਇਸ ਮਸਲੇ ਦੀ ਗੰਭੀਰਤਾ ਨੂੰ ਦੇਖਦਿਆਂ ਇਸ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਧਰਨੇ 'ਤੇ ਸੰਘਰਸ਼ ਨੂੰ ਲੋਕ ਰਾਇ ਅਨੁਸਾਰ ਨਵਾਂ ਰੂਪ ਵੀ ਦਿੱਤਾ ਸਕਦਾ ਹੈ।ਸੰਸਥਾ ਦੇ ਮੀਤ ਪ੍ਰਧਾਨ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਇਸ ਗੰਭੀਰ ਸਮੱਸਿਆ ਨੂੰ ਸਮਝਦੇ ਹੋਏ ਪ੍ਰਸ਼ਾਸਨ ਤੇ ਰਾਜਨੀਤਕ ਲੋਕਾਂ ਨੂੰ ਅੱਗੇ ਆ ਕੇ ਇਸ ਦਾ ਹੱਲ ਕੱਢਣ ਦੀ ਲੋੜ ਹੈ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਇਹ ਧਰਨਾ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਪਾਰਟੀ ਦੇ ਖਿਲਾਫ ਨਹੀਂ, ਇਹ ਸਿਰਫ ਲੋਕਾਂ ਨੂੰ ਪੇਸ਼ ਆ ਰਹੀ ਸੀਵਰੇਜ ਦੀ ਸਮੱਸਿਆ ਦੇ ਹੱਲ ਨੂੰ ਲੈ ਕੇ ਹੀ ਲਗਾਇਆ ਗਿਆ ਹੈ।ਅੱਜ ਪੰਜ ਹੋਰ ਮੈਂਬਰ ਜਿਹੜੇ ਭੁੱਖ ਹੜਤਾਲ 'ਤੇ ਬੈਠੇ, ਇਨ੍ਹਾਂ ਵਿੱਚ ਹਰਿੰਦਰ ਸਿੰਘ ਮਾਨਸ਼ਾਹੀਆ, ਡਾ. ਸੰਦੀਪ ਘੰਡ, ਬਿੱਕਰ ਮੰਘਾਣੀਆਂ, ਹਰਦੀਪ ਸਿੰਘ ਸਿੱਧੂ ਤੇ ਪਰਸ਼ੋਤਮ ਲਾਲ ਸ਼ਾਮਲ ਸਨ।ਇਸ ਮੌਕੇ ਜਤਿੰਦਰ ਆਗਰਾ ਸਾਬਕਾ ਐੱਮ ਸੀ, ਘਨੀਸ਼ਾਮ ਨਿੱਕੂ ਨੇ ਕਿਹਾ ਕਿ ਸੀਵਰੇਜ ਦੀ ਸਮੱਸਿਆ ਕਹਿੰਦੇ ਹੋਏ ਸਾਨੂੰ ਸ਼ਰਮ ਮਹਿਸੂਸ ਹੁੰਦੀ ਹੈ ਕਿ ਸਰਕਾਰਾਂ ਸਾਡੀਆਂ ਮੁਢਲੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਸਕਦੀਆਂ।ਸੀਵਰੇਜ ਦੀ ਸਮੱਸਿਆ ਜਿਹੜੀ ਘਰਾਂ ਤੱਕ ਪਹੁੰਚ ਗਈ ਹੈ, ਜਦੋਂ ਬਰਸਾਤਾਂ ਪੈਣੀਆਂ ਸ਼ੁਰੂ ਹੋ ਗਈਆਂ ਤਾਂ ਹਾਲਾਤ ਹੋਰ ਵੀ ਬਦਤਰ ਹੋ ਜਾਣਗੇ।ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਸਵਰਨਜੀਤ ਸਿੰਘ ਦਲਿਓ, ਵਿਸ਼ਵਦੀਪ ਬਰਾੜ, ਓਮ ਪ੍ਰਕਾਸ਼ ਜਿੰਦਲ ਰਿਟਾਇਰਡ ਤਹਿਸੀਲਦਾਰ, ਸੀਨੀਅਰ ਸੀਟੀਜ਼ਨ ਦੇਵਿੰਦਰ ਟੈਕਸਲਾ, ਗੁਰਦੇਵ ਸਿੰਘ ਘੁਮਾਣ, ਸੇਠੀ ਸਿੰਘ ਸਰਾਂ, ਬਾਦਸ਼ਾਹ ਸਿੰਘ, ਪ੍ਰਿਤਪਾਲ ਸਿੰਘ, ਜਗਸੀਰ ਸਿੰਘ ਸੇਵਾ ਮੁਕਤ ਇੰਸਪੈਕਟਰ, ਗੁਰਮੇਲ ਕੌਰ ਜੋਸ਼ੀ, ਭੁਪਿੰਦਰ ਸਿੰਘ ਤੱਗੜ, ਰਾਜ ਜੋਸ਼ੀ, ਸਰਬਜੀਤ ਕੌਸ਼ਲ, ਅਸ਼ੋਕ ਬਾਂਸਲ, ਇਕਬਾਲ ਸਿੰਘ, ਰਾਮ ਕ੍ਰਿਸ਼ਨ ਚੁੱਘ, ਅਵਤਾਰ ਸਿੰਘ ਖਾਲਸਾ, ਲਾਲ ਚੰਦ, ਕਾਮਰੇਡ ਰਾਜ ਕੁਮਾਰ ਨੇ ਸਰਕਾਰ ਨੂੰ ਸਾਂਝੇ ਤੌਰ 'ਤੇ ਚਿਤਾਵਨੀ ਦਿੰਦਿਆ ਕਿਹਾ ਕਿ ਸ਼ਹਿਰ ਵਾਸੀਆਂ ਦੀ ਮੁੱਢਲੀ ਜ਼ਰੂਰਤ ਹੈ, ਜਿਸ ਨੂੰ ਤਰਜੀਹੀ ਅਧਾਰ 'ਤੇ ਹੱਲ ਕਰਨਾ ਬਣਦਾ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਕਾਤਰਾਂ

### ਕੇਂਦਰੀ ਜੇਲ੍ਹ 'ਚੋਂ ਇੱਕ ਮੋਬਾਇਲ ਬਰਾਮਦ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ ਇੱਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਖਿਲਾਫ਼ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 4804 ਰਾਹੀਂ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ 3 ਮਈ ਨੂੰ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿੱਚ ਸਮੇਤ ਸਾਥੀ ਕ੍ਰਮਚਾਰੀਆਂ ਦੇ ਹਾਈ ਸਕਿਉਰਿਟੀ ਜ਼ੋਨ ਦੇ ਅਹਾਤਾ ਨੰਬਰ 2 ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਚਿਰਾਗ ਉਰਫ਼ ਕਾਲੂ ਪੁੱਤਰ ਅਨਿਲ ਕੁਮਾਰ ਵਾਸੀ ਗਲੀ ਤੇਲੀਆਂ ਵਾਲਾ ਮੁਹੱਲਾ, ਨੇੜੇ ਜੈਨ ਚੌਕ ਭਵਾਨੀ ਹਰਿਆਣਾ ਹਾਲ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਕੋਲੋਂ 1 ਮੋਬਾਇਲ ਫੋਨ ਰੈਡਮੀ ਟੱਚ ਸਕਰੀਨ ਸਮੇਤ ਸਿੰਮ ਕਾਰਡ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### 660 ਗ੍ਰਾਮ ਅਫੀਮ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 660 ਗ੍ਰਾਮ ਅਫੀਮ ਤੇ ਕਾਰ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਸਿਟੀ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਵਿੰਦਰ ਸਿੰਘ ਉਰਫ ਬਹਿਲ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਨੇੜੇ ਜਨਤਾ ਭਵਨ ਨਾਨਕ ਨਗਰੀ ਸਿਟੀ ਜਲਾਲਾਬਾਦ ਤੇ ਸੰਦੀਪ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਮਿੱਡਾ ਥਾਣਾ ਅਮੀਰ ਖਾਸ ਅਫੀਮ ਵੇਚਣ ਦੇ ਆਦੀ ਹਨ, ਜੋਕਿ ਅੱਜ ਵੀ ਗਊਸ਼ਾਲਾ ਦੇ ਗੇਟ ਨੰਬਰ 1 ਤੋਂ 2 ਦੇ ਸਾਹਮਣੇ ਖਾਲੀ ਪਈ ਜਗ੍ਹਾ 'ਚ ਕਾਰ ਨੰਬਰ ਪੀਬੀ-01ਡੀ 0962 ਮਾਰਕਾ ਸਵੀਫਟ ਡਿਜ਼ਾਇਰ ਰੰਗ ਚਿੱਟਾ ਵਿੱਚ ਬੈਠ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਹੇ। ਉਪਰੰਤ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਗੁਰਵਿੰਦਰ ਸਿੰਘ ਉਰਫ ਬਹਿਲ ਤੇ ਸੰਦੀਪ ਸਿੰਘ ਨੂੰ 660 ਗ੍ਰਾਮ ਅਫੀਮ ਅਤੇ ਕਾਰ ਸਮੇਤ ਕਾਬੂ ਕਰ ਲਿਆ। ਥਾਣਾ ਸਿਟੀ ਦੀ ਪੁਲਸ ਵੱਲੋਂ ਇਨ੍ਹਾਂ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਘਰ ਦੇ ਬਾਹਰ ਹਵਾਈ ਫਾਇਰ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਿਨੀ ਆਜ਼ਾਦ ਨਗਰ ਸਿਟੀ ਫ਼ਿਰੋਜ਼ਪੁਰ ਵਿਖੇ ਇੱਕ ਵਿਅਕਤੀ ਦੇ ਘਰ ਦੇ ਬਾਹਰ ਅਣਪਛਾਤੇ ਵਿਅਕਤੀਆਂ ਵੱਲੋਂ ਫਾਇਰ ਕਰਨ ਦੀ ਖਬਰ ਮਿਲੀ ਹੈ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ 336 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਇਕ ਦਰਖਾਸਤ ਵੱਲੋਂ ਗੁਰਦੀਪ ਸਿੰਘ ਪੁੱਤਰ ਬਲਵੰਤ ਸਿੰਘ ਵਸੀ ਜੋਸ਼ੀ ਪੈਲੇਸ ਵਾਲੀ ਗਲੀ ਨੰਬਰ 2 ਮਿਨੀ ਆਜ਼ਾਦ ਨਗਰ ਸਿਟੀ ਫ਼ਿਰੋਜ਼ਪੁਰ ਵੱਲੋਂ ਮੌਸੂਲ ਹੋਇਆ ਕਿ 21 ਅਪ੍ਰੈਲ 2024 ਨੂੰ ਉਸ ਦੇ ਘਰ ਦੇ ਬਾਹਰ ਵਕਤ ਕਰੀਬ 12.45 ਵਜੇ ਰਾਤ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਹਵਾਈ ਫਾਇਰ ਕੀਤੇ ਗਏ। ਗੁਰਦੀਪ ਸਿੰਘ ਨੇ ਦੱਸਿਆ ਕਿ ਇਹ ਫਾਇਰ ਕਰਮ ਵਾਰ ਤਿੰਨ ਤਿੰਨ ਦੋ ਵਾਰ ਤੇ 1 ਫਾਇਰ ਇਕੱਠੇ ਕੁੱਲ 12 ਫਾਇਰ ਕੀਤੇ ਗਏ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਮਾਮੂਲੀ ਵਿਵਾਦ ਦੇ ਚਲਦੇ ਹੋਈ ਫਾਇਰਿੰਗ 'ਚ 2 ਜ਼ਖਮੀਂ

## ਵਿਦੇਸ਼ੋਂ ਆਏ ਨੌਜਵਾਨ 'ਤੇ ਲੱਗੇ ਗੋਲੀਆਂ ਚਲਾਉਣ ਦੇ ਦੋਸ਼, ਜਾਂਚ ਸ਼ੁਰੂ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫਰੀਦਕੋਟ ਦੇ ਥਾਣਾ ਸਿਟੀ ਅਧੀਨ ਪੈਂਦੇ ਕੋਠੇ ਨਰਾਇਣਗੜ੍ਹ ਵਿੱਚ ਐਤਵਾਰ ਸਵੇਰੇ ਮਾਮੂਲੀ ਤਕਰਾਰ ਨੂੰ ਲੈ ਕੇ ਫਾਇਰਿੰਗ ਹੋਈ, ਜਿਸ ਵਿੱਚ 12 ਬੋਰ ਰਾਇਫਲ ਨਾਲ ਹੋਏ ਫਾਇਰ ਦੇ ਛਰੇ ਲੱਗਣ ਨਾਲ 2 ਨੌਜਵਾਨ ਜ਼ਖਮੀਂ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਫਰੀਦਕੋਟ ਦੇ ਜੀ ਜੀ ਐੱਸ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਹੈ। ਗੱਲਬਾਤ ਕਰਦਿਆਂ ਜ਼ਖਮੀਂ ਨੌਜਵਾਨਾਂ ਨੇ ਕਿਹਾ ਕਿ ਉਨ੍ਹਾਂ ਦਾ ਦੂਸਰੀ ਪਾਰਟੀ ਨਾਲ ਜ਼ਮੀਨ ਦਾ ਵਿਵਾਦ ਸੀ, ਜੋ ਕੇਸ ਦੂਜੀ ਪਾਰਟੀ ਜਿੱਤ ਗਈ ਸੀ, ਹੁਣ ਕਿਸੇ ਵੀ ਤਰ੍ਹਾਂ ਦਾ ਕੋਈ ਵਿਵਾਦ ਨਹੀਂ ਸੀ, ਪਰ ਫਿਰ ਵੀ ਅੱਜ ਸਵੇਰੇ ਗੋਰਾ ਮੌੜ ਨਾਮੀਂ ਨੌਜਵਾਨ, ਜੋ ਵਿਦੇਸ਼ ਤੋਂ ਆਇਆ ਹੋਇਆ ਹੈ, ਨੇ ਉਨ੍ਹਾਂ ਦੇ ਘਰ ਬਾਹਰ ਆ ਕੇ ਪਹਿਲਾਂ ਗਾਲੀ ਗਲੋਚ ਕੀਤਾ ਅਤੇ ਬਾਅਦ ਵਿੱਚ ਉਸ ਨੇ ਉਨ੍ਹਾਂ ਦੇ ਘਰ ਅੰਦਰ ਦਾਖਲ ਹੋ ਕੇ ਉਨ੍ਹਾਂ ਉੱਪਰ 12 ਬੋਰ ਦੇ ਫਾਇਰ ਕਰ ਦਿੱਤੇ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਵੀ ਉਹ ਗਾਲੀ ਗਲੋਚ ਕਰਦਾ ਹੋਇਆ ਮੌਕੇ ਤੋਂ ਫਰਾਰ ਹੋ ਗਿਆ। ਇਸ ਮੌਕੇ ਪੀੜਤ ਨੌਜਵਾਨਾਂ ਨੇ ਇਨਸਾਫ ਦੀ ਮੰਗ ਕੀਤੀ ਹੈ। ਇਸ ਪੂਰੇ ਮਾਮਲੇ ਸੰਬਧੀ ਗੱਲਬਾਤ ਕਰਦਿਆਂ ਤਫਤੀਸ਼ੀ ਅਧਿਕਾਰੀ ਅਕਲਪ੍ਰੀਤ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਹਾਲੇ ਤੱਕ ਜ਼ਖਮੀਂ ਨੌਜਵਾਨਾਂ ਦੇ ਬਿਆਨ ਦਰਜ ਨਹੀਂ ਹੋਏ, ਜਿਵੇਂ ਹੀ ਨੌਜਵਾਨ ਆਪਣੇ ਬਿਆਨ ਦਰਜ ਕਰਵਾਉਣਗੇ, ਉਸੇ ਮੁਤਾਬਿਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਰਾਮਗੜ੍ਹੀਆ ਧਰਮਸ਼ਾਲਾ ਵਿਖੇ ਰਾਮਗੜ੍ਹੀਆ ਸਭਾ ਸਮਾਣਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ ਤੇ ਢਾਡੀ ਜਥੇ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਵਸ ਮੌਕੇ ਰਾਮਗੜ੍ਹੀਆ ਬਰਾਦਰੀ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀਆਂ ਸ਼ਹਿਰ ਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ ਤੇ ਕਿਹਾ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੇ ਉਹ ਬਹਾਦਰ ਜਰਨੈਲ ਹੋਏ ਹਨ, ਜਿਨ੍ਹਾਂ ਨੇ ਗਰੀਬਾਂ, ਮਜ਼ਲੂਮਾਂ ਤੇ ਔਰਤਾਂ ਦੇ ਹੱਕਾਂ ਦੀ ਰਾਖੀ ਕੀਤੀ ਅਤੇ ਮੁਗਲਾਂ ਖਿਲਾਫ ਕਈ ਜੰਗਾਂ ਲੜੀਆਂ ਅਤੇ ਸਿੱਖ ਕੌਮ ਦੀ ਆਨ-ਸ਼ਾਨ ਤੇ ਮਾਣ ਮਰਿਆਦਾ ਨੂੰ ਕਾਇਮ ਰੱਖਿਆ।ਇਸ ਮੌਕੇ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਠੇਕੇਦਾਰ ਅੰਗਰੇਜ ਸਿੰਘ, ਪ੍ਰਧਾਨ ਬਲਵੀਰ ਸਿੰਘ, ਹਰਬੰਸ ਸਿੰਘ ਨਾਗੀ, ਕੈਸ਼ੀਅਰ ਸਰਬਜੀਤ ਸਿੰਘ, ਸੁਖਵਿੰਦਰ ਸਿੰਘ, ਗੁਰਮੀਤ ਸਿੰਘ ਬੱਗਾ, ਸੁਖਵਿੰਦਰ ਸਿੰਘ ਦਾਨੀਪੁਰ ਤੇ ਸਵਰਨ ਸਿੰਘ ਆਦਿ ਨੇ ਆਏ ਹੋਏ ਮਹਿਮਾਨਾਂ ਤੇ ਸੰਗਤਾਂ ਨੂੰ ਜੀ ਆਇਆਂ ਆਖਿਆ।ਇਸ ਸਮਾਗਮ ਵਿੱਚ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਮਦਨ ਮਿੱਤਲ, ਬਾਬਾ ਬਲਬੀਰ ਸਿੰਘ ਗੜ੍ਹੀ ਸਾਹਿਬ ਵਾਲੇ, ਪੀ ਏ ਗੁਰਦੇਵ ਸਿੰਘ ਟਿਵਾਣਾ, ਰਣਬੀਰ ਸਿੰਘ ਪ੍ਰਧਾਨ ਨਗਰ ਕੌਂਸਲ ਪਾਤੜਾ, ਹੀਰਾ ਸਿੰਘ ਕੋਮਲ, ਰਾਜ ਕੁਮਾਰ ਸਚਦੇਵਾ, ਮਾਸਟਰ ਜਸਬੀਰ ਸਿੰਘ, ਦਵਿੰਦਰ ਸਿੰਘ ਮਹਿਤਾ, ਭੁਪਿੰਦਰ ਸਿੰਘ, ਬਲਦੇਵ ਸਿੰਘ, ਐਡਵੋਕੇਟ ਜਸਬੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਤੇ ਸੰਗਤਾਂ ਹਾਜ਼ਰ ਸਨ।

## ਕਾਮਰੇਡ ਅਤੁਲ ਅਨਜਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ ਦੇ ਕੌਮੀ ਸਕੱਤਰ ਕਾਮਰੇਡ ਅਤੁਲ ਕੁਮਾਰ ਅੰਜਾਨ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ, ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ, ਜ਼ਿਲ੍ਹਾ ਸਕੱਤਰ ਕਾਮਰੇਡ ਮਲਕੀਤ ਮੰਦਰਾ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਬਲਦੇਵ ਸਿੰਘ ਬਾਜੇਵਾਲਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓਂ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਸੀਤਾ ਰਾਮ ਗੋਬਿੰਦਪੁਰਾ, ਗੁਰਪਿਆਰ ਸਿੰਘ ਫੱਤਾ, ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨਰੇਸ਼ ਬੁਰਜਹਰੀ, ਵਿੱਤ ਸਕੱਤਰ ਕਾਮਰੇਡ ਕਰਨੈਲ ਸਿੰਘ ਭੀਖੀ, ਜ਼ਿਲ੍ਹਾ ਮੀਤ ਪ੍ਰਧਾਨ ਸਾਧੂ ਸਿੰਘ ਰਾਮਾਨੰਦੀ, ਵੇਦ ਪ੍ਰਕਾਸ਼ ਬੁਢਲਾਡਾ, ਰਤਨ ਭੋਲਾ, ਪੂਰਨ ਸਿੰਘ ਸਰਦੂਲਗੜ੍ਹ, ਉਸਾਰੀ ਮਜ਼ਦੂਰ ਯੂਨੀਅਨ ਦੇ ਲਾਭ ਸਿੰਘ ਭੰਮੇ, ਜੱਗਾ ਸਿੰਘ ਰਾਏਪੁਰ, ਗੁਰਤੇਜ ਸਿੰਘ ਭੂਪਾਲ, ਪੰਜਾਬ ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਗਾਮੀਵਾਲਾ, ਜ਼ਿਲ੍ਹਾ ਸਕੱਤਰ ਚਰਨਜੀਤ ਕੌਰ ਮਾਨਸਾ, ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਹੀਰੇਵਾਲਾ, ਜ਼ਿਲ੍ਹਾ ਸਕੱਤਰ ਹਰਪ੍ਰੀਤ ਸਿੰਘ ਮਾਨਸਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਪੁਸ਼ਪਿੰਦਰ ਕੌਰ ਚੌਹਾਨ, ਜੰਗਲਾਤ ਵਿਭਾਗ ਫੀਲਡ ਵਰਕਰ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਕਾਲਾ ਖਾਂ ਭੰਮੇ, ਜ਼ਿਲ੍ਹਾ ਸਕੱਤਰ ਨਿਰਮਲ ਸਿੰਘ ਬੱਪੀਆਣਾ, ਬਾਬਾ ਵਿਸ਼ਵਕਰਮਾ ਪੇਂਟਰ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਜੀਤ ਰਾਮ ਗੋਬਿੰਦਗੜ੍ਹੀਆ, ਸ਼ਹੀਦ ਭਗਤ ਸਿੰਘ ਆਟੋ ਯੂਨੀਅਨ ਏਟਕ ਦੇ ਬਲਤੇਜ ਸਿੰਘ ਮਾਨਸਾ, ਲਾਭ ਸਿੰਘ, ਕਿਰਨਪਾਲ ਸਿੰਘ ਖਾਲਸਾ ਨੇ ਕਿਹਾ ਕਿ ਕਾਮਰੇਡ ਅਤੁਲ ਅੰਜਾਨ ਦਾ ਬੇਵਕਤ ਵਿਛੋੜਾ ਅਸਹਿ ਤੇ ਦੁੱਖਦਾਈ ਹੈ।ਆਗੂਆਂ ਨੇ ਕਿਹਾ ਕਿ ਕਾਮਰੇਡ ਅਤੁਲ ਅੰਜਾਨ ਦੀ ਬੇਵਕਤੀ ਮੌਤ ਨਾਲ ਕਮਿਊਨਿਸਟ ਲਹਿਰ ਤੇ ਕਿਸਾਨ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਕਾਤਲਾਂ ਦੀ ਗ੍ਰਿਫ਼ਤਾਰੀ ਲਈ ਧਰਨਾ 20ਵੇਂ ਦਿਨ ਨੂੰ ਟੱਪਿਆ




**ਬੁਢਲਾਡਾ (ਅਸ਼ੋਕ ਲਾਕੜਾ)**-ਅਹਿਮਦਪੁਰ ਕਾਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਸੀਟੀ ਥਾਣਾ ਬੁਢਲਾਡਾ ਦੇ ਗੇਟ ਅੱਗੇ ਧਰਨਾ 20ਵੇਂ ਦਿਨ ਵੀ ਜਾਰੀ ਰਿਹਾ।ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਕਿਸੇ ਨੂੰ ਵੀ ਧਰਨਾ ਲਾਉਣ ਦੀ ਨੌਬਤ ਨਹੀਂ ਆਵੇਗੀ, ਪ੍ਰੰਤੂ ਅਹਿਮਦਪੁਰ ਕਾਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਧਰਨਾ 20ਵੇਂ ਦਿਨ 'ਚ ਸ਼ਾਮਲ ਹੋ ਗਿਆ ਹੈ। ਪੁਲਸ ਪ੍ਰਸ਼ਾਸਨ ਵੱਲੋਂ ਅਜੇ ਤੱਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਸਮੇਂ ਜਗਸੀਰ ਸਿੰਘ ਦੋਦੜਾ, ਜਰਨੈਲ ਸਿੰਘ ਟਾਹਲੀਆਂ, ਤੇਜ ਰਾਮ, ਬਲਵੀਰ ਸਿੰਘ, ਜੱਗਾ ਸਿੰਘ, ਗੁਰਵਿੰਦਰ ਸਿੰਘ ਚੱਕ ਭਾਈਕੇ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ ਚਿੜੀਆ ਸਿੰਘ ਗੁਰਨੇ ਕਲਾਂ ਨੇ ਇਨਕਲਾਬੀ ਗੀਤ ਪੇਸ਼ ਕੀਤੇ।

## ਸੜਕ ਹਾਦਸੇ 'ਚ ਕਿਸਾਨ ਦੀ ਮੌਤ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਸੂਬੇ ਵਿੱਚ ਸੜਕ ਹਾਦਸਿਆਂ 'ਚ ਹਰ ਰੋਜ਼ ਕੀਮਤੀ ਜਾਨਾਂ ਜਾ ਰਹੀਆਂ, ਹਰ ਰੋਜ਼ ਕਿਸੇ ਨਾ ਕਿਸੇ ਘਰ ਦਾ ਚਿਰਾਗ ਤਾਂ ਬੁੱਝ ਰਿਹਾ ਹੈ ਤੇ ਪਿੱਛੇ ਪਰਿਵਾਰ ਨੂੰ ਵੀ ਰੋਲਣ ਲਈ ਮਜਬੂਰ ਕਰ ਦਿੰਦਾ ਹੈ।ਇਸ ਤਰ੍ਹਾਂ ਦੀ ਹੀ ਘਟਨਾ ਵਾਪਰੀ ਦੇਰ ਰਾਤ ਨਾਭਾ ਬਲਾਕ ਦੇ ਪਿੰਡ ਕੌਲ ਦੇ ਨਜ਼ਦੀਕ ਜਿੱਥੇ ਕਿਸਾਨ ਲੱਖਾ ਸਿੰਘ ਆਪਣੇ ਪਿੰਡ ਕਮੇਲੀ ਤੋਂ ਮਹਿਜ ਡੇਢ ਕਿਲੋਮੀਟਰ ਦੀ ਦੂਰੀ ਤੇ ਐਕਟੀਵਾ ਸਕੂਟਰੀ 'ਤੇ ਜਾ ਰਿਹਾ ਸੀ ਤਾਂ ਅਣਪਛਾਤੇ ਟਰੈਕਟਰ ਟਰਾਲੀ ਨੇ ਉਸ ਨੂੰ ਫੇਟ ਮਾਰ ਦਿੱਤੀ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਪਿੱਛੇ ਆਪਣੀ ਪਤਨੀ ਤੇ ਦੋ ਬੱਚਿਆਂ ਨੂੰ ਛੱਡ ਗਿਆ ਹੈ।

# ਮਾਸਟਰ ਦਰਬਾਰਾ ਸਿੰਘ ਦੀ ਯਾਦ ਨੂੰ ਸਮਰਪਤ ਅੱਖਾਂ ਦਾ ਕੈਂਪ



**ਬੁਢਲਾਡਾ (ਅਸ਼ੋਕ ਲਾਕੜਾ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਮਾਸਟਰ ਦਰਬਾਰਾ ਸਿੰਘ ਦੀ ਯਾਦ ਨੂੰ ਸਮਰਪਤ ਅੱਖਾਂ ਦਾ 8ਵਾਂ ਕੈਂਪ ਤੇ ਟੀਮ ਆਸਰਾ ਵੱਲੋਂ 113ਵਾਂ ਕੈਂਪ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਰੇ ਸਾਹਿਬ ਜੀ ਵਿਖੇ ਲਾਇਆ ਗਿਆ, ਜਿਸ ਵਿੱਚ 428 ਮਰੀਜ਼ ਚੈੱਕ ਕਰਕੇ 46 ਮਰੀਜ਼ ਫ੍ਰੀ ਲੈਂਜ ਪਾਉਣ ਲਈ ਸਿਲੈਕਟ ਕੀਤੇ ਗਏ, ਜਿਨ੍ਹਾਂ ਦੇ ਫਰੀ ਲੈਂਜ ਪਾਏ।ਇਸ ਮੌਕੇ ਆਸਰਾ ਫਾਊਂਡੇਸ਼ਨ ਬੁਢਲਾਡਾ ਦੇ ਚੇਅਰਮੈਨ ਡਾਕਟਰ ਗੁਰਲਾਲ ਸਿੰਘ, ਡਾਕਟਰ ਨਰਾਇਣ ਸਿੰਘ ਬਰੇ, ਬਲਦੇਵ ਸਿੰਘ ਵੱਲੋਂ ਅੱਖਾਂ ਦੀ ਸੰਭਾਲ ਤੇ ਬਿਮਾਰੀਆਂ ਬਾਰੇ ਆਏ ਹੋਏ ਲੋੜਵੰਦਾਂ ਨੂੰ ਵਿਸਥਾਰ ਪੂਰਵਕ ਸਮਝਾਇਆ ਗਿਆ।

ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਚਰਨਜੀਤ ਸਿੰਘ ਅੱਕਾਂਵਾਲੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਵੱਲੋਂ ਮਾਨਸਾ ਵੱਲੋਂ ਮਾਸਟਰ ਦਰਬਾਰਾ ਸਿੰਘ ਦੇ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਾਂ-ਬਾਪ ਦੀ ਯਾਦ ਦੇ ਵਿੱਚ ਕੀਤਾ ਗਿਆ ਬਹੁਤ ਨੇਕ ਉਪਰਾਲਾ ਹੈ ਇਹੋ ਜਿਹੇ ਕੰਮ ਤੇ ਉਪਰਾਲੇ ਚੰਗੇ ਸੰਸਕਾਰੀ ਬੱਚੇ ਕਰਦੇ ਹਨ ਅਤੇ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਾਡੇ ਇਲਾਕੇ ਦੀ ਬਹੁਤ ਵੱਡੀ ਸੋਸ਼ਲ ਸੰਸਥਾ ਹੈ ਜਿਹੜੀ ਕਿ ਹਰ ਵੇਲੇ ਲੋੜਵੰਦਾਂ ਦੀ ਮੱਦਦ ਲਈ ਤਿਆਰ ਰਹਿੰਦੀ ਹੈ ਅਤੇ ਸਾਨੂੰ ਸਾਡੇ ਇਲਾਕੇ ਦੀ ਇਹ ਸੰਸਥਾ ਉੱਤੇ ਬਹੁਤ ਮਾਣ ਹੈ।ਇਸ ਮੌਕੇ ਮਾਸਟਰ ਦਰਬਾਰਾ ਸਿੰਘ ਦੇ ਸਪੁੱਤਰ ਮਾਸਟਰ ਰਣਜੀਤ ਸਿੰਘ, ਜਵਾਈ ਸੁਖਜਿੰਦਰ ਸਿੰਘ, ਪੁਤਰੀ ਸੱਤਿਆ ਰਾਣੀ ਵੱਲੋਂ ਆਏ ਹੋਏ ਲੋੜਵੰਦ ਮਰੀਜਾਂ ਵੱਲ ਵੇਖਦਿਆਂ ਕਿਹਾ ਕਿ ਅੱਜ ਅਸੀਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਜੋ ਇਹ ਕੈਂਪ ਲਾਇਆ ਗਿਆ ਹੈ, ਨੂੰ ਇਸੇ ਤਰ੍ਹਾਂ ਜਾਰੀ ਰੱਖ ਕੇ ਸਮਾਜ ਵਿਚ ਬਜ਼ੁਰਗਾਂ ਦੀ ਯਾਦ ਨੂੰ ਤਾਜ਼ਾ ਰੱਖਾਂਗੇ। ਇਲਾਕੇ ਦੇ ਮੋਹਤਬਰਾਂ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਸਤਿਕਾਰ ਕਮੇਟੀ ਬਰੇ ਸਾਹਿਬ, ਸੰਤ ਬਾਬਾ ਜਗਦੀਸ਼ ਮੁਨੀ (ਡੇਰਾ ਮੰਦਰ ਕਾ), ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਬਰ੍ਹੇ ਸਾਹਿਬ, ਜ਼ਿਲ੍ਹਾ ਰੂਰਲ ਯੂਥ ਕਲੱਬ, ਐਸੋਸ਼ੀਏਸ਼ਨ ਮਾਨਸਾ, ਸੰਜੀਵਨੀ ਵੈੱਲਫੇਅਰ ਸੋਸਾਇਟੀ ਬੁਢਲਾਡਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

# ਲੋਕ 'ਆਪ' ਦੇ ਹੱਕ 'ਚ ਫਤਵਾ ਦੇਣ ਲਈ ਬਿਲਕੁਲ ਤਿਆਰ : ਗੁਰਪ੍ਰੀਤ ਫੈਜ਼ਗੜ੍ਹ, ਸੰਦੀਪ ਸ਼ਰਮਾ

**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਹਲਕਾ ਪਟਿਆਲਾ ਤੋਂ 'ਆਪ' ਦੇ ਉਮੀਦਵਾਰ ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ ਤੇਜ਼ ਕਰਦਿਆ ਹਲਕੇ ਦੀਆਂ ਗਲੀਆਂ, ਬਜ਼ਾਰਾਂ ਅਤੇ ਪਿੰਡਾਂ ਅੰਦਰ ਜਾ ਕੇ ਮੀਟਿੰਗਾਂ ਕੀਤੀਆ ਜਾ ਰਹੀਆਂ ਹਨ ਤੇ 'ਆਪ' ਦੇ ਹੱਕ 'ਚ ਵੋਟ ਪਾਉਣ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ।ਇਸੇ ਤਹਿਤ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਜੁਆਇੰਟ ਸਕੱਤਰ ਪੰਜਾਬ ਗੁਰਪ੍ਰੀਤ ਸਿੰਘ ਫੈਜ਼ਗੜ੍ਹ ਗੋਪੀ, ਸ਼ਹਿਰੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਸੀਨੀਅਰ ਆਗੂ ਸੁਖਜੀਤ ਸਿੰਘ ਹੰਸ ਅਤੇ ਹਰਵਿੰਦਰ ਸਿੰਘ ਖਹਿਰਾ ਬਿੜਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਲੋਕਾਂ ਨਾਲ ਚੋਣਾ ਸਮੇ ਵਾਅਦੇ ਕੀਤੇ ਸਨ, ਉਹ ਪੂਰੇ ਕਰ ਵਿਖਾਏ ਹਨ ਤੇ ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਨੇ ਵਿਕਾਸ ਕਾਰਜਾਂ ਦੀ ਹਨੇਰੀ ਲਿਆ ਦਿੱਤੀ ਹੈ।ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਜਿਸ ਕਾਰਨ ਪੰਜਾਬ ਦੇ ਲੋਕ ਉਨ੍ਹਾਂ ਦੀਆਂ ਚਾਲਾਂ 'ਚ ਫਸੇ ਰਹੇ ਤੇ ਹੁਣ ਤੱਕ ਮੰਦਹਾਲੀ ਵਾਲਾ ਜੀਵਨ ਗੁਜ਼ਾਰ ਰਹੇ ਹਨ।ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਖੁੱਲਣ ਨਾਲ ਲੋਕਾਂ ਨੂੰ ਦਵਾਈਆਂ ਮੁਫ਼ਤ ਮਿਲਦੀਆਂ ਹਨ ਤੇ ਟੈੱਸਟ ਮੁਫ਼ਤ ਹੁੰਦੇ ਹਨ।



# ਐੱਮ ਪੀ ਬਣਨ 'ਤੇ ਨੇਚਰ ਪਾਰਕ ਦੀ ਜ਼ਮੀਨ ਸ਼ਹਿਰ ਵਾਸੀਆਂ ਨੂੰ ਸੌਂਪਣ ਦਾ ਪ੍ਰਬੰਧ ਕਰਾਂਗਾ : ਹੰਸਰਾਜ ਹੰਸ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੇ ਲੋਕਾਂ ਲਈ ਸੈਰ ਸਪਾਟੇ ਦਾ ਮੁੱਖ ਸਥਾਨ ਬਣ ਚੁੱਕੇ ਨੇਚਰ ਪਾਰਕ ਦਾ ਸਥਾਨ, ਜੋ ਕੇਂਦਰੀ ਰੇਲਵੇ ਵਿਭਾਗ ਦੀ ਥਾਂ ਹੈ, ਐੱਮ ਪੀ ਬਣਨ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਇਸ ਨੂੰ ਸ਼ਹਿਰ ਵਾਸੀਆਂ ਨੂੰ ਸੌਂਪਣ ਲਈ ਠੋਸ ਪ੍ਰਬੰਧ ਕਰਾਂਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਲੋਕ ਸਭਾ ਹਲਕਾ ਫ਼ਰੀਦਕੋਟ ਦੇ ਉਮੀਦਵਾਰ ਹੰਸਰਾਜ ਹੰਸ ਵੱਲੋਂ ਸਵੇਰੇ 6 ਵਜੇ ਨੇਚਰ ਪਾਰਕ 'ਚ ਸੈਰ ਤੇ ਕਸਰਤ ਕਰਨ ਪੁੱਜੇ ਸੈਂਕੜੇ ਲੋਕਾਂ ਨਾਲ ਗੱਲਬਾਤ ਕਰਦਿਆਂ ਤੇ ਚਾਹ ਪੀਂਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਿਮਾਂਤ ਗਰਗ, ਜਨਰਲ ਸਕੱਤਰ ਤੇ ਸਾਬਕਾ ਐੱਸ. ਪੀ. ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਮਹਿਲਾ ਮੋਰਚਾ ਦੀ ਸੂਬਾਈ ਆਗੂ ਸਰਪੰਚ ਮਨਿੰਦਰ ਕੌਰ ਸਲੀਨਾ, ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਰਾਜਨ ਸੂਦ, ਪ੍ਰੋਮਿਲਾ ਮਾਨਰਾਏ, ਹੇਮੰਤ ਸੂਦ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਿਜ਼ੋਰਟ ਪ੍ਰੇਮੀ ਹਾਜ਼ਰ ਸਨ। ਹੰਸਰਾਜ ਹੰਸ ਨੇ ਕਿਹਾ ਕਿ ਮੋਗਾ ਸ਼ਹਿਰ ਅਜਿਹਾ ਹੈ, ਜਿੱਥੇ ਵੱਡੀ ਗਿਣਤੀ ਲੋਕ ਪੜ੍ਹੇ ਲਿਖੇ ਤੇ ਕਾਰੋਬਾਰੀ ਹਨ ਅਤੇ ਉਹ ਚੰਗੇ-ਮਾੜੇ ਦਾ ਫਰਕ ਵੀ ਜਾਣਦੇ ਹਨ। ਇਸ ਸਮੇਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ ਤੇ ਪੰਜਾਬ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ, ਜਿਸ ਕਾਰਨ ਲੋਕ ਆਪਣੇ ਭਵਿੱਖ ਨੂੰ ਲੈ ਕੇ ਵੀ ਚਿੰਤਤ ਹਨ।

ਉਨ੍ਹਾਂ ਕਿਹਾ ਕਿ ਸ਼ਹਿਰ ਦੇ ਕਈ ਕਾਰੋਬਾਰੀਆਂ ਤੇ ਪਤਵੰਤਿਆਂ ਨੇ ਇਸ ਸਬੰਧੀ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਦੇ ਹਾਲਾਤਾਂ ਨੂੰ ਦੇਖਦੇ ਹੋਏ ਉਨ੍ਹਾਂ ਦੀ ਪੰਜਾਬ ਵਿੱਚ ਕੰਮ ਕਰਨ ਦੀ ਕੋਈ ਇੱਛਾ ਨਹੀਂ ਹੈ। ਉਨ੍ਹਾ ਕਿਹਾ ਕਿ ਮੈਂ ਸੰਸਦ ਮੈਂਬਰ ਬਣ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਤੀਜੀ ਵਾਰ ਕੇਂਦਰ ਵਿੱਚ ਬਣਨ ਵਾਲੀ ਸਰਕਾਰ ਅੱਗੇ ਇਸ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਉਠਾਵਾਂਗਾ, ਤਾਂ ਜੋ ਕੇਂਦਰ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾ ਸਕੇ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ 'ਚ ਗਲਤਾਨ ਹੋਏ ਨੌਜਵਾਨਾਂ ਨੂੰ ਨਸ਼ਾ ਛੁਡਵਾ ਕੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਉਣ ਦੇ ਨਾਲ-ਨਾਲ ਭਾਜਪਾ ਦੇ ਸੰਸਦ ਮੈਂਬਰਾਂ ਨੂੰ ਭਾਰੀ ਬਹੁਮੱਤ ਨਾਲ ਜਿਤਾਉਣਾ ਸਮੇਂ ਦੀ ਲੋੜ ਹੈ।

# ਗਊਸ਼ਾਲਾ ਦੇ ਹਾਲ ਨਿਰਮਾਣ ਲਈ ਦਾਨੀ ਸੱਜਣ ਵੱਧ ਤੋਂ ਵੱਧ ਸੇਵਾ ਭੇਜਣ : ਨਰਿੰਦਰ ਕਪੂਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮਮਦੋਟ ਸਥਿਤ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਧਾਮ ਵਿਖੇ ਗਊਆਂ ਦੀ ਸਾਂਭ ਸੰਭਾਲ ਵਾਸਤੇ ਬਣਾਏ ਜਾ ਰਹੇ ਵੱਡੇ ਹਾਲ ਦਾ ਲੈਂਟਰ ਪਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਇਸ ਨੇਕ ਕੰਮ ਵਾਸਤੇ ਲੋਕ ਆਪਣੀ ਨੇਕ ਕਮਾਈ ਵਿੱਚੋਂ ਇਸ 'ਚ ਬਣਦਾ ਯੋਗਦਾਨ ਪਾ ਕੇ ਆਪਣਾ ਜੀਵਨ ਸਫਲ ਕਰਨ। ਇਹ ਸ਼ਬਦ ਵੱਖ-ਵੱਖ ਗਊਸ਼ਾਲਾਵਾਂ ਦੀ ਸੇਵਾ ਕਰਵਾ ਰਹੇ ਤੇ ਉੱਘੇ ਉਦਯੋਗਪਤੀ ਮਾਸਟਰ ਨਰਿੰਦਰ ਨਾਥ ਕਪੂਰ ਚੇਅਰਮੈਨ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਮਮਦੋਟ ਨੇ ਗਊਸ਼ਾਲਾ ਵਿਖੇ ਇੱਕ ਮੀਟਿੰਗ ਦੌਰਾਨ ਪ੍ਰਬੰਧਕਾਂ ਨਾਲ ਸਾਂਝੇ ਕੀਤੇ।

ਇਸ ਮੌਕੇ ਉਨ੍ਹਾ ਨਾਲ ਹਰਚਰਨ ਸਿੰਘ ਵੈਰੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਅਮਨ ਸ਼ਰਮਾ, ਸ਼ਾਮ ਲਾਲ ਭੋਲੇਵਾਸੀਆ ਪ੍ਰਧਾਨ ਸ੍ਰੀ ਕ੍ਰਿਸ਼ਨਾ ਗਊਸ਼ਾਲਾ, ਤੇਜਿੰਦਰਪਾਲ ਢੀਂਗੜਾ, ਅਸ਼ੋਕ ਨਾਰੰਗ ਆੜ੍ਹਤੀ, ਬਲਦੇਵ ਰਾਜ ਸ਼ਰਮਾ ਸਮਾਜ ਸੇਵੀ ਆਦਿ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਗਊਸ਼ਾਲਾ ਵਿਖੇ ਬਣ ਰਹੇ 5500 ਸਕੇਅਰ ਫੁੱਟ ਉਸਾਰੀ ਅਧੀਨ ਹਾਲ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਇਸ ਤੋਂ ਇਲਾਵਾ ਸ਼ਾਮ ਲਾਲ ਭੋਲੇਵਾਸੀਆ ਪ੍ਰਧਾਨ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਚੱਲ ਰਹੇ ਕਣਕ ਦੀ ਸੀਜ਼ਨ ਸਮੇਂ ਬਣ ਰਹੀ ਤੂੜੀ ਦੀਆਂ ਟਰਾਲੀਆਂ ਗਊਸ਼ਾਲਾ ਵਿੱਚ ਭੇਜਣ।

ਇਸ ਮੌਕੇ ਚੇਅਰਮੈਨ ਮਾਸਟਰ ਨਰਿੰਦਰ ਨਾਲ ਕਪੂਰ, ਜੋ ਦਿੱਲੀ ਤੋਂ ਚੱਲ ਕੇ ਸਪੈਸ਼ਲ ਇੱਥੇ ਪਹੁੰਚੇ ਸਨ, ਨੇ ਗਊਆਂ ਵਾਸਤੇ ਸਵਾ-ਮਣੀ ਦਾ ਚੂਰੀ ਦਾ ਪ੍ਰਸ਼ਾਦ ਗਊਆਂ ਨੂੰ ਭੇਟ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਰਾਜੇਸ਼ ਗਾਬਾ, ਪ੍ਰਦੀਪ ਬਿੰਦਰਾ, ਰਾਜੂ ਚਾਵਲਾ ਆੜ੍ਹਤੀਏ, ਪਵਨ ਦੁੱਗਲ ਸਾਬਕਾ ਸਰਪੰਚ ਖੁੰਦਰ ਉਤਾੜ ਮੋਤੀ ਸਿੰਘ ਬੀਕਾਨੇਰ ਮਿਸ਼ਠਾਨ ਭੰਡਾਰ, ਐੱਮ ਸੀ ਲੇਖ ਰਾਜ, ਰਜਿੰਦਰ ਸਿੰਘ ਢਿੱਲੋਂ, ਸਰਪੰਚ ਅਮਰਜੀਤ ਸਿੰਘ, ਗੋਪਾਲ ਸਾਕਸ਼ੀ, ਰਮਨੀਕ ਚੋਪੜਾ ਆਦਿ ਹਾਜ਼ਰ ਸਨ।

# ਮਿਸ਼ਨ 13-0 ਤਹਿਤ ਇਸ ਵਾਰ ਕੇਂਦਰ 'ਚ ਮੰਤਰੀ ਬਣਨਗੇ ਭਗਵੰਤ ਮਾਨ ਦੇ ਸਾਂਸਦ : ਕਰਮਜੀਤ ਅਨਮੋਲ

## ਵਿਧਾਇਕ ਸੁਖਾਨੰਦ ਨਾਲ ਕਰਮਜੀਤ ਅਨਮੋਲ ਨੇ ਪਿੰਡਾਂ 'ਚ ਕੀਤੇ ਚੋਣ ਜਲਸੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਫਰੀਦਕੋਟ ਲੋਕ ਸਭਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਦਾਅਵਾ ਕੀਤਾ ਕਿ ਇਸ ਵਾਰ ਕੇਂਦਰ 'ਚ ਇੰਡੀਆ ਗੱਠਜੋੜ ਦੀ ਸਰਕਾਰ ਸਥਾਪਤ ਹੋਵੇਗੀ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਿਸ਼ਨ 13-0 ਨੂੰ ਫਤਿਹ ਕਰਕੇ ਪਾਰਲੀਮੈਂਟ ਪਹੁੰਚਣ ਵਾਲੇ ਸੰਸਦ ਮੈਂਬਰਾਂ 'ਚੋਂ ਤਿੰਨ-ਚਾਰ ਕੇਂਦਰੀ ਮੰਤਰੀ ਪੱਕਾ ਬਣਨਗੇ। ਅਨਮੋਲ ਨੇ ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਿਸ਼ਨ 13-0 'ਚ ਲੋਕ ਸਭਾ ਹਲਕਾ ਫਰੀਦਕੋਟ ਨੂੰ ਸਭ ਤੋਂ ਵੱਡੇ ਫਰਕ ਨਾਲ ਜਿਤਾਉਣ। ਕਰਮਜੀਤ ਅਨਮੋਲ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨਾਲ ਬਾਘਾ ਪੁਰਾਣਾ ਦੇ ਮੱਲਕੇ, ਸਮਾਲਸਰ, ਕੋਠੇ, ਸੇਖਾ ਕਲਾਂ, ਸੇਖਾ ਖੁਰਦ, ਚੀਦਾ, ਸੁਖਾਨੰਦ ਤੇ ਵਾਂਦਰ ਪਿੰਡਾਂ ਵਿੱਚ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਹੇ ਸਨ। ਕਰਮਜੀਤ ਨੇ ਕਿਹਾ ਕਿ ਇਸ ਵਾਰ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ, ਕਾਰੋਬਾਰੀਆਂ ਦਾ ਕੇਂਦਰ ਦੀ ਭਾਜਪਾ ਸਰਕਾਰ ਤੋਂ ਮੋਹ ਭੰਗ ਹੋ ਚੁੱਕਿਆ ਹੈ। ਨਿਰਪੱਖ ਮੀਡੀਆ ਰਿਪੋਰਟਾਂ ਤੋਂ ਵੀ ਸਾਫ਼ ਨਜ਼ਰ ਆ ਰਿਹਾ ਹੈ ਕਿ ਕੇਂਦਰ 'ਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ। ਇਨ੍ਹਾਂ ਨਵੇਂ ਸਿਆਸੀ ਸਮੀਕਰਨਾਂ ਦੇ ਤਹਿਤ ਭਗਵੰਤ ਮਾਨ ਦੇ ਜੇਤੂ ਸੰਸਦ ਮੈਂਬਰਾਂ ਵਿੱਚੋਂ ਤਿੰਨ-ਚਾਰ ਦਾ ਕੇਂਦਰੀ ਮੰਤਰੀ ਬਣਨਾ ਲਗਭਗ ਤੈਅ ਹੈ। ਇਸ ਲਈ ਫਰੀਦਕੋਟ ਵਾਲਿਓ ਸਾਰਾ ਜ਼ੋਰ ਲਗਾ ਦਿਓ ਤਾਂ ਕਿ ਭਗਵੰਤ ਮਾਨ ਦੇ ਮਿਸ਼ਨ 13-0 ਵਿੱਚ ਫਰੀਦਕੋਟ ਨੰਬਰ ਇੱਕ ਉੱਤੇ ਹੋਵੇ। ਅਨਮੋਲ ਨੇ ਭਗਵੰਤ ਮਾਨ ਸਰਕਾਰ ਦੀਆਂ ਤਾਰੀਫ਼ਾਂ ਕਰਦੇ ਹੋਏ ਕਿਹਾ ਕਿ ਬੇਸ਼ੱਕ ਪਹਿਲੇ 2 ਸਾਲਾਂ ਵਿੱਚ ਹੀ ਮਾਨ ਸਰਕਾਰ ਨੇ ਰਿਕਾਰਡ ਕੰਮ ਕੀਤੇ ਹਨ, ਪ੍ਰੰਤੂ ਬਤੌਰ ਸੰਸਦ ਮੈਂਬਰ ਬਹੁਤ ਕੁਝ ਕਰਨਾ ਬਾਕੀ ਪਿਆ ਹੈ। ਇਸ ਤੋਂ ਇਲਾਵਾ ਕਰਮਜੀਤ ਅਨਮੋਲ ਨੇ ਕੋਟਕਪੂਰਾ, ਮੋਗਾ ਤੇ ਰਾਜਪੁਰਾ ਮੋਹਾਲੀ ਰੇਲ-ਲਿੰਕ ਦਿੱਲੀ ਦੀ ਥਾਂ ਚੰਡੀਗੜ੍ਹ ਤੇ ਅੰਮ੍ਰਿਤਸਰ ਤੋਂ ਸਿੱਧੀਆਂ ਅੰਤਰਰਾਸ਼ਟਰੀ ਫਲਾਈਟਾਂ ਸ਼ੁਰੂ ਕਰਾਉਣ ਸਮੇਤ ਆਪਣੇ ਕਈ ਟੀਚੇ ਲੋਕਾਂ ਸਾਹਮਣੇ ਰੱਖੇ। ਉਨ੍ਹਾਂ ਅਪੀਲ ਕੀਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਿਸ਼ਨ 13-0 ਤਹਿਤ ਫ਼ਰੀਦਕੋਟ ਹਲਕੇ ਤੋਂ ਕਰਮਜੀਤ ਅਨਮੋਲ ਨੂੰ ਵੱਡੀ ਜਿੱਤ ਨਾਲ ਸੰਸਦ ਭੇਜ ਕੇ ਭਗਵੰਤ ਮਾਨ ਦੇ ਹੱਥ ਮਜ਼ਬੂਤ ਕੀਤੇ ਜਾਣ।

## ਰੇਤਾ ਦੀ ਭਰੀ ਨਜਾਇਜ਼ ਟਰੈਕਟਰ-ਟਰਾਲੀ ਕੀਤੀ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਅਲੀ ਵਿਖੇ ਮਾਈਨਿੰਗ ਅਫਸਰ ਵੱਲੋਂ ਚੈਕਿੰਗ ਦੌਰਾਨ ਰੇਤਾ ਦੀ ਭਰੀ ਨਾਜਾਇਜ਼ ਟਰੈਕਟਰ-ਟਰਾਲੀ ਬਰਾਮਦ ਕਰਕੇ ਜਦ ਉਸ ਨੂੰ ਥਾਣਾ ਸਿਟੀ ਫ਼ਿਰੋਜ਼ਪੁਰ ਵਿਖੇ ਲਿਆਂਦਾ ਜਾ ਰਹੀ ਸੀ ਤਾਂ ਇੱਕ ਵਿਅਕਤੀ ਵੱਲੋਂ ਰੋਕ ਕੇ ਆਪਣੇ 'ਤੇ ਤੇਲ ਪਾ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧ ਵਿੱਚ ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਨੇ ਇਕ ਬਾਏ ਨੇਮ ਵਿਅਕਤੀ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ 21 (1), 4 (1) ਮਾਈਨਿੰਗ ਐਕਟ 506 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ 4 ਮਈ ਨੂੰ ਗੁਰਸਿਮਰਨ ਸਿੰਘ ਉਪ ਮੰਡਲ ਕਮ ਸਹਾਇਕ ਮਾਈਨਿੰਗ ਅਫ਼ਸਰ ਫ਼ਿਰੋਜ਼ਪੁਰ ਸਮੇਤ ਆਪਣੀ ਟੀਮ ਦੇ ਦਰਿਆ ਸਤਲੁਜ ਦੇ ਪਿੰਡ ਕਿਲਚੇ ਵਿਖੇ ਚੱਲ ਰਹੇ ਹੜ ਰੋਕੂ ਕੰਮਾਂ ਦੀ ਚੈਕਿੰਗਾਂ ਲਈ ਜਾ ਰਹੇ ਸੀ ਤਾਂ ਪਿੰਡ ਦੁਲਚੀ ਕੇ ਪਾਸ ਇੱਕ ਟਰੈਕਟਰ ਮਹਿੰਦਰਾ ਅਰਜੁਨ 605 ਬਿਨਾਂ ਨੰਬਰੀ ਸਮੇਤ ਟਰਾਲੀ ਰੇਤਾ ਦੀ ਭਰੀ ਹੋਈ ਵਿਖਾਈ ਦਿੱਤੀ, ਜਿਸ ਨੂੰ ਰੋਕਣ ਦਾ ਇਸ਼ਾਰਾ ਕੀਤਾ ਤਾਂ ਡਰਾਈਵਰ ਟਰਾਲੀ ਛੱਡ ਕੇ ਫਰਾਰ ਹੋ ਗਿਆ, ਜੋ ਚੈੱਕ ਕਰਨ 'ਤੇ ਕੋਈ ਪਰਚੀ ਵਗੈਰਾ ਨਹੀਂ ਬਰਾਮਦ ਹੋਹੀ। ਜਦ ਉਕਤ ਟਰੈਕਟਰ-ਟਰਾਲੀ ਨੂੰ ਲੋਕਾਂ ਦੀ ਮੱਦਦ ਨਾਲ ਥਾਣਾ ਲੈ ਕੇ ਜਾ ਰਹੀ ਸੀ ਤਾਂ ਦੋਸ਼ੀ ਸੁਖਪ੍ਰੀਤ ਸਿੰਘ ਉਰਫ ਸੁੱਖਾ ਪੁੱਤਰ ਗੁਰਚਰਨ ਸਿੰਘ ਵਾਸੀ ਦਾਣਾ ਮੰਡੀ ਸਿਟੀ ਫਿਰੋਜ਼ਪੁਰ ਨੇ ਰਸਤੇ ਵਿਚ ਟਰੈਕਟਰ-ਟਰਾਲੀ ਰੋਕ ਲਿਆ ਤੇ ਆਪਣੇ ਆਪ 'ਤੇ ਤੇਲ ਪਾ ਕੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ, ਜੋ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਜਾ ਕੇ ਸਥਿਤੀ 'ਤੇ ਕਾਬੂ ਪਾਇਆ ਗਿਆ। ਜਾਂਚਕਰਤਾ ਬਲਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸੁਖਪ੍ਰੀਤ ਸਿੰਘ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਮਹਿਰਾਜ ਦੇ ਦੋ ਦਰਜਨ ਅਕਾਲੀ ਤੇ ਕਾਂਗਰਸੀ ਵਰਕਰ 'ਆਪ' 'ਚ ਸ਼ਾਮਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਪਿੰਡ ਮਹਿਰਾਜ ਦੇ ਦੋ ਦਰਜਨ ਕਾਂਗਰਸੀ ਤੇ ਅਕਾਲੀ ਦਲ ਦੇ ਆਗੂ ਤੇ ਵਰਕਰ ਪਰਵਾਰਾਂ ਸਮੇਤ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸੀਨੀਅਰ ਕਾਂਗਰਸੀ ਆਗੂ ਅਤੇ ਡਾਇਰੈਕਟਰ ਕੋਆਪ੍ਰੇਟਿਵ ਸੁਸਾਇਟੀ ਨਵਤੇਜ ਸਿੰਘ ਨੇਜਾ, ਅਕਾਲੀ ਦਲ ਦੇ ਯੂਥ ਆਗੂ ਜਸਵੀਰ ਸਿੰਘ ਜੱਸਾ, ਪਰਮਿੰਦਰ ਸਿੰਘ ਬੂਰਾ, ਜਗਦੇਵ ਸਿੰਘ ਧਨੋਕਾ, ਮਨਜਿੰਦਰ ਸਿੰਘ ਮਹਿਮਾ ਨੇ ਕਿਹਾ ਕਿ ਉਹ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਪ੍ਰੇਰਨਾ ਸਦਕਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ 'ਆਪ' ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਬਲਕਾਰ ਸਿੰਘ ਸਿੱਧੂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਹਲਕੇ ਦੇ ਸਾਰੇ ਪਿੰਡਾਂ ਸ਼ਹਿਰਾਂ ਦਾ ਬਿਨਾਂ ਕਿਸੇ ਭੇਦਭਾਵ ਤੋਂ ਵਿਕਾਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਨੂੰ ਅਜਿਹਾ ਲੀਡਰ ਪਹਿਲੀ ਵਾਰ ਮਿਲਿਆ ਹੈ, ਜੋ ਅਕਾਲੀ-ਕਾਂਗਰਸੀ ਵੇਖੇ ਬਿਨਾਂ ਸਾਰੇ ਲੋਕਾਂ ਲਈ ਵਧੀਆ ਭਾਵਨਾ ਨਾਲ ਕੰਮ ਕਰ ਰਹੇ ਹਨ ਅਤੇ ਇਸੇ ਗੱਲ ਤੋਂ ਪ੍ਰਭਾਵਤ ਹੋ ਕੇ ਉਹ ਉਨ੍ਹਾਂ ਦੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ।ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਮੇਰੇ ਘਰ ਦੇ ਦਰਵਾਜ਼ੇ ਹਰ ਉਸ ਇਨਸਾਨ ਲਈ ਸਦਾ ਖੁੱਲ੍ਹੇ ਹਨ, ਜਿਸਦੀ ਨੀਅਤ ਲੋਕਾਂ ਅਤੇ ਆਮ ਆਦਮੀ ਪਾਰਟੀ ਪ੍ਰਤੀ ਸਾਫ਼ ਹੈ।

## ਗੁ. ਜਨਮ ਅਸਥਾਨ ਬਾਬਾ ਬੁੱਢਾ ਜੀ ਵਿਖੇ ਔਜਲਾ ਤੇ ਸੱਚਰ ਹੋਏ ਨਤਮਸਤਕ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-** ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਅਸਥਾਨ ਪਿੰਡ ਕੱਥੂਨੰਗਲ ਗੁਰਦਵਾਰਾ ਸਾਹਿਬ ਵਿਖੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਗੁਰਜੀਤ ਸਿੰਘ ਔਜਲਾ ਤੇ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨਤਮਸਤਕ ਹੋਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਔਜਲਾ ਨੇ ਕਿਹਾ ਕਿ ਇਸ ਵਾਰ ਹੋ ਰਹੀਆਂ ਲੋਕ ਸਭਾ ਦੀਆਂ ਚੋਣਾਂ ਬਹੁਤ ਹੀ ਅਹਿਮ ਹਨ ਕਿਉਂਕਿ ਇਸ ਵਾਰ ਡਾ. ਭੀਮ ਰਾਓ ਅੰਬੇਡਕਰ ਵੱਲੋਂ ਬਣਾਇਆ ਗਿਆ ਸੰਵਿਧਾਨ ਜਿਸ ਵਿੱਚ ਹਰ ਅਠਾਰਾਂ ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਵੋਟ ਪਾਉਣ ਦਾ ਅਧਿਕਾਰ ਹੈ, ਨੂੰ ਮੋਦੀ ਸਰਕਾਰ ਬਦਲ ਦੇਣਾ ਚਾਹੁੰਦੀ ਹੈ। ਜੇਕਰ ਇਸ ਵਾਰ ਦੇਸ਼ ਦੇ ਲੋਕਾਂ ਕੋਲੋਂ ਜਾਣੇ ਜਾਂ ਅਣਜਾਣੇ ਵਿੱਚ ਵੋਟਾ ਪਾਉਣ ਵੇਲੇ ਕਿਸੇ ਵੀ ਕਿਸਮ ਦੀ ਕੁਤਾਹੀ ਹੋ ਗਈ ਤਾਂ ਫਿਰ ਇਹ ਸਮਝ ਲੈਣਾ ਕਿ ਤੁਹਾਡੇ ਬੱਚੇ/ਬੱਚੀਆਂ ਕਈ ਪੀੜ੍ਹੀਆਂ ਤੱਕ ਤੁਹਾਨੂੰ ਮੁਆਫ ਨਹੀਂ ਕਰਨਗੇ। ਔਜਲਾ ਨੇ ਕਿਹਾ ਕਿ ਦੇਸ਼ ਦੀ ਕਿਸਾਨੀ, ਜਵਾਨੀ ਤੇ ਗਰੀਬ ਵਰਗ ਨੂੰ ਬਚਾਉਣ ਲਈ ਮੋਦੀ ਸਰਕਾਰ ਨੂੰ ਹਰਾਉਣਾ ਅਤਿ ਜ਼ਰੂਰੀ ਹੋ ਗਿਆ ਹੈ। ਇਸ ਕਰਕੇ ਪਹਿਲੀ ਜੂਨ ਨੂੰ ਪੰਜੇ ਦਾ ਬਟਨ ਨੱਪ ਕੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਫ਼ਤਵਾ ਦਿਓ। ਇਸ ਮੌਕੇ ਉਨ੍ਹਾਂ ਦੇ ਨਾਲ ਮਜੀਠਾ ਹਲਕੇ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ, ਸੁਖਰਾਜ ਸਿੰਘ ਰੰਧਾਵਾ, ਨਿਸ਼ਾਨ ਸਿੰਘ, ਨਵਤੇਜ ਪਾਲ ਸਿੰਘ ਸੋਹੀਆਂ ਹਾਜ਼ਰ ਸਨ ।

## ਚੱਬੇਵਾਲ ਨੂੰ ਵਿਕਾਸ ਦੀਆਂ ਨਵੀਂਆਂ ਬੁਲੰਦੀਆਂ 'ਤੇ ਲਿਜਾਣ ਦੀ ਪੂਰੀ ਕੋਸ਼ਿਸ਼ ਕਰਾਂਗਾ : ਡਾ: ਰਾਜ ਕੁਮਾਰ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ)** ਚੱਬੇਵਾਲ ਇਲਾਕੇ ਦਾ ਵਿਕਾਸ ਹਮੇਸ਼ਾ ਹੀ ਮੇਰੀ ਪਹਿਲਕਦਮੀ 'ਤੇ ਰਿਹਾ ਹੈ ਅਤੇ ਭਵਿੱਖ 'ਚ ਵੀ ਚੱਬੇਵਾਲ 'ਚ ਹੋਰ ਵੱਡੇ ਪ੍ਰੋਜੈਕਟ ਲਿਆ ਕੇ ਇਸ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਦੀ ਪੂਰੀ ਕੋਸ਼ਿਸ਼ ਕਰਾਂਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਰਾਜ ਕੁਮਾਰ ਚੱਬੇਵਾਲ ਨੇ ਚੱਬੇਵਾਲ ਹਲਕੇ ਵਿਚ ਚੋਣ ਪ੍ਰਚਾਰ ਮੀਟਿੰਗਾਂ ਦੌਰਾਨ ਕੀਤਾ। ਇਸ ਮੌਕੇ ਡਾ. ਰਾਜ ਨੇ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਕਿਸ ਤਰ੍ਹਾਂ ਉਨ੍ਹਾਂ ਵੱਲੋਂ ਚੱਬੇਵਾਲ ਇਲਾਕੇ ਦੀ ਚੋਆਂ ਦੀ ਸਮੱਸਿਆ ਨੂੰ ਸਮਝਦੇ ਹੋਏ 20 ਦੇ ਕਰੀਬ ਵੱਡੇ-ਛੋਟੇ ਪੁਲ ਬਣਵਾਏ ਗਏ। ਜਿਸ ਵਿੱਚ ਪਰਸੋਵਾਲ ਅਤੇ ਬਿਛੋਹੀ ਦਾ ਪੁਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਕੋਈ ਸਮੱਸਿਆ ਵਾਰ-ਵਾਰ ਆਉਂਦੀ ਹੈ, ਉਸ ਨੂੰ ਜੜ੍ਹੋਂ ਪੁੱਟਣ ਲਈ ਉਹ ਠੋਸ ਕਦਮ ਚੁੱਕਦੇ ਹਨ। ਮਿਸਾਲ ਵਜੋਂ ਚੱਬੇਵਾਲ-ਬਸੀ ਕਲਾਂ ਸੜਕ ਵਾਰ-ਵਾਰ ਪਾਣੀ ਕਾਰਨ ਖਰਾਬ ਹੋ ਜਾਂਦੀ ਸੀ, ਜਿਸ ਲਈ ਉਨ੍ਹਾਂ ਵਿਸੇਸ ਮਨਜ਼ੂਰੀ ਲੈ



ਕੇ ਇਸ ਨੂੰ ਕੰਕਰੀਟ ਦਾ ਬਣਾਇਆ ਅਤੇ ਉਦੋਂ ਤੋਂ ਅੱਜ ਤੱਕ ਇਹ ਸੜਕ ਠੀਕ-ਠਾਕ ਹੈ। ਇਸ ਦੇ ਨਾਲ ਹੀ ਉਹਨਾਂ ਵੱਲੋਂ ਕਈ ਸੜਕਾਂ ਦੀ ਚੌੜਾਈ ਵੀ ਵਧਾਵਾਈ ਗਈ, ਜਿਸ ਵਿਚ ਸਭ ਤੋਂ ਵੱਡੀ ਜੇਜੋ-ਮੇਲੀ ਸੜਕ ਹੈ, ਜਿਸ ਦੀ ਚੌੜਾਈ 16 ਫੁੱਟ ਕੀਤੀ ਗਈ . ਇਲਾਕੇ ਦੇ ਮੁਖਲਿਆਨਾ ਵਿੱਚ ਇੱਕ ਸਰਕਾਰੀ ਕਾਲਜ ਖੋਲ੍ਹਿਆ ਗਿਆ, 15 ਪੀਣ ਵਾਲੇ ਪਾਣੀ ਅਤੇ 51 ਸਿੰਚਾਈ ਦੇ ਟਿਊਬਵੈੱਲ ਲਗਾਏ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਤੋਂ ਇਲਾਵਾ ਉਹ ਚੱਬੇਵਾਲ ਦੇ ਲੋਕਾਂ ਲਈ ਹਮੇਸਾ ਹਾਜਰ ਰਹੇ ਹਨ। ਚੋਣਾਂ ਤੋਂ ਬਾਅਦ ਵੀ ਉਹ ਹਮੇਸਾ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਅਤੇ ਪਤਵੰਤਿਆਂ ਨਾਲ ਰਾਬਤਾ ਕਾਇਮ ਕਰਦੇ ਰਹੇ ਹਨ ਤਾਂ ਜੋ ਜੇਕਰ ਕੋਈ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਦਾ ਸਮੇਂ ਸਿਰ ਹੱਲ ਕਰਵਾਇਆ ਜਾ ਸਕੇ। ਇਸ ਮੌਕੇ ਹਾਜਰ ਹਲਕਾ ਨਿਵਾਸੀਆਂ ਨੇ ਡਾ: ਰਾਜ ਦਾ ਧੰਨਵਾਦ ਕਰਦਿਆਂ ਆਪਣੇ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਦੌਰਾਨ ਡਾ: ਰਾਜ ਨੇ ਪਿੰਡ ਚੱਬੇਵਾਲ, ਭਾਮ, ਬਡਲਾ, ਅਜਨੋਹਾ, ਅਹੀਰਾਣਾ ਕਲਾਂ, ਅੱਤੋਵਾਲ ਆਦਿ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਅਤੇ ਚੱਬੇਵਾਲ ਦੇ ਬਾਜਾਰਾਂ ਅਤੇ ਮੰਡੀਆਂ ਵਿੱਚ ਦੁਕਾਨਦਾਰਾਂ ਤੇ ਕਿਸਾਨਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ 'ਆਪ' ਦੇ ਸਮਰਥਨ ਵਿੱਚ ਲਾਮਬੰਦ ਕੀਤਾ। ਇਸ ਦੌਰਾਨ ਡਾ: ਰਾਜ ਨੂੰ ਹਲਕਾ ਵਾਸੀਆਂ ਦਾ ਭਰਵਾਂ ਸਹਿਯੋਗ ਮਿਲਿਆ। ਇਸ ਮੌਕੇ ਗੁਰਵਿੰਦਰ ਸਿੰਘ ਪਾਬਲਾ ਜ਼ਿਲ੍ਹਾ ਪ੍ਰਧਾਨ 'ਆਪ', ਹਲਕਾ ਇੰਚਾਰਜ ਹਰਮਿੰਦਰ ਸੰਧੂ, ਮੋਹਨ ਲਾਲ ਚਿੱਤੋਂ ਸੀਨੀਅਰ ਆਗੂ 'ਆਪ', ਬੀ ਸੀ ਕਮਿਸਨ ਦੇ ਚੇਅਰਮੈਨ ਸੰਦੀਪ ਸੈਣੀ, ਸਰਪੰਚ ਪਰਵਿੰਦਰ ਸਿੰਘ, ਸਤਪਾਲ ਸਿੰਘ, ਕਮਲਜੀਤ ਸਿੰਘ, ਦੀਪਕ ਜਸਪਾਲ, ਗੁਰਪ੍ਰੀਤ ਸਿੰਘ, ਮਾਸਟਰ ਜਸਵਿੰਦਰ ਸਿੰਘ, ਕ੍ਰਿਸਨ. ਸਿੰਘ, ਜਸਵਿੰਦਰ ਸਿੰਘ ਠੱਕਰਵਾਲ, ਅਮਰਜੀਤ ਕੌਰ, ਜਸਜੀਤ ਤੇ ਭਾਮ ਪਿੰਡਾਂ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਦੇ ਵਸਨੀਕ ਵੀ ਹਾਜ਼ਰ ਸਨ।

## ਸੰਤ ਬਾਬਾ ਗੁਰਬਚਨ ਸਿੰਘ ਡੇਰਾ ਭਗਤਾਂ ਵਾਲਿਆਂ ਦੀ ਬਰਸੀ ਮਨਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—** ਮਹਾਨ ਤਪੱਸਵੀ ਸੰਤ ਬਾਬਾ ਗੁਰਬਚਨ ਸਿੰਘ ਜੀ ਡੇਰਾ ਭਗਤਾਂ ਤਰਸਿੱਕਾ ਵਾਲਿਆਂ ਦੀ ਸਾਲਾਨਾ ਬਰਸੀ ਬਾਬਾ ਗੁਰਦੇਵ ਸਿੰਘ ਦੀ ਅਗਵਾਈ ਹੇਠ ਸਮੁੱਚੇ ਇਲਾਕੇ ਦੀ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ ਵਾਲਿਆਂ ਵੱਲੋਂ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਸੰਤ ਬਾਬਾ ਗੁਰਬਚਨ ਸਿੰਘ ਵੱਲੋਂ ਦੱਸੇ ਹੋਏ ਮਾਰਗ 'ਤੇ ਚੱਲਣ ਦੀ ਸੰਗਤਾਂ ਨੂੰ ਅਪੀਲ ਕੀਤੀ ਗਈ। ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ 6 ਜੂਨ ਨੂੰ ਮਨਾਏ ਜਾ ਰਹੇ ਘਲੂਘਾਰਾ ਦਿਵਸ ਦੇ ਸੰਬੰਧ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਪਹੁੰਚ ਕੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਿੰਡਾਂ ਵਿੱਚ ਮਹਾਨ ਗੁਰਮਤਿ ਸਮਾਗਮਾਂ ਦੇ ਲੜੀ ਆਰੰਭ ਹੋ ਚੁੱਕੀ ਹੈ। ਮੁੱਖ ਸੇਵਾਦਾਰ ਸੰਤ ਬਾਬਾ ਗੁਰਦੇਵ ਸਿੰਘ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ ਅਤੇ ਸੰਤ ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ ਵੀ ਸੰਗਤਾਂ ਵਿੱਚ ਹਾਜ਼ਰ ਸਨ ।

## 13 ਸੀਟਾਂ 'ਤੇ ਚਲੇਗਾ ਝਾੜੂ : ਪਵਨ ਟੀਨੂੰ



**ਜਲੰਧਰ, (ਸੁਰਿੰਦਰ ਕੁਮਾਰ)-** ਕਾਂਗਰਸ ਪਾਰਟੀ ਅਜੋਕੇ ਦੌਰ ਵਿੱਚ ਇਕ ਅਜਿਹੀ ਗੱਡੀ ਬਣ ਚੁੱਕੀ ਹੈ ਜਿਸ ਦਾ ਇੰਜਣ ਕਮਜ਼ੋਰ ਹੋਣ ਕਾਰਨ ਇਸ ਗੱਡੀ ਨੂੰ ਹੁਣ ਖਿਚ ਨਹੀਂ ਸਕਦਾ, ਪੰਜਾਬ ਵਿੱਚ ਤਾਂ ਇਹ ਗੱਡੀ ਟੁੱਟ-ਭੱਜ ਕੇ ਖਿੱਲਰ ਚੁਕੀ ਹੈ। ਸੀਨੀਅਰ ਲੀਡਰ ਵੀ ਕਾਂਗਰਸ ਤੋਂ ਖਹਿੜਾ ਛੁਡਾ ਰਹੇ ਨੇ ਅਤੇ ਇਹੋ ਕਾਰਨ ਹੈ ਕਾਂਗਰਸ ਨੂੰ ਲੋਕਲ ਪੱਧਰ 'ਤੇ ਲੀਡਰ ਚੋਣ ਲੜਨ ਲਈ ਵੀ ਨਹੀਂ ਮਿਲ ਰਹੇ ਅਤੇ ਕਾਂਗਰਸ ਇੱਕ ਫੇਲ੍ਹ ਜਮਾਤ ਬਣ ਕੇ ਰਹਿ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਝਾੜੂ ਹੀ ਚਲੇਗਾ। ਉਕਤ ਵਿਚਾਰ ਨਕੋਦਰ ਅਸੰਬਲੀ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਟੀਨੂੰ ਨੇ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਤੇ ਹੋਰਨਾ ਆਗੂਆਂ ਦੇ ਨਾਲ ਭਾਰੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਪਵਨ ਟੀਨੂੰ ਨੇ ਪਿੰਡ ਮੁਹੇਮ, ਸ਼ੰਕਰ, ਤਲਵੰਡੀ ਭਰੋਂ, ਉਗੀ, ਕਾਂਗਨਾ, ਹੁਸੈਨਪੁਰ, ਚੂਹੇਕੀ, ਉਪਲ ਖਾਲਸਾ, ਮੋਆਈ, ਨਕੋਦਰ ਆਦਿ ਇਲਾਕਿਆਂ ਦਾ ਦੌਰਾ ਕਰਦਿਆਂ ਵੋਟਰਾਂ ਨੂੰ ਭਗਵੰਤ ਸਿੰਘ ਮਾਨ ਸਰਕਾਰ ਦੀਆਂ 2 ਸਾਲਾਂ ਦੀਆਂ ਪ੍ਰਾਪਤੀਆਂ ਵੀ ਗਿਣ-ਗਿਣ ਕੇ ਦੱਸੀਆਂ। ਪਵਨ ਟੀਨੂੰ ਨੇ ਕਿਹਾ ਕਿ ਪੰਜਾਬ ਦੇ ਲੋਕ ਪਹਿਲਿਆਂ ਸਰਕਾਰਾਂ ਦੇ ਵੇਲੇ ਤਾਂ ਸਰਕਾਰ ਦਾ ਖਜਾਨਾ ਖਾਲੀ ਹੋਣ ਬਾਰੇ ਹੀ ਸੁਣਦੇ ਰਹਿੰਦੇ ਸੀ, ਹੁਣ ਕਦੇ ਮਾਨ ਸਰਕਾਰ ਨੇ ਇਸ ਤਰ੍ਹਾਂ ਨਹੀਂ ਕਿਹਾ ਸਗੋਂ ਖਜਾਨੇ ਨੂੰ ਭ੍ਰਿਸ਼ਟਾਚਾਰੀਆਂ ਵੱਲੋਂ ਕੀਤੀਆਂ ਗਈਆਂ ਮੋਰੀਆਂ ਨੂੰ ਬੰਦ ਕਰਕੇ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਪਵਨ ਟੀਨੂੰ ਨੇ ਦਸਿਆ ਕਿ ਦੇਸ਼ ਦਾ ਹੁਕਮਰਾਨ ਲੋਕਤੰਤਰ ਨੂੰ ਕੁਚਲਣ 'ਤੇ ਤੁਲਿਆ ਹੋਇਆ ਹੈ। ਸੰਵਿਧਾਨ ਨੂੰ ਬਚਾਉਣ ਲਈ ਇਕੋ ਇਕ ਧਿਰ ਆਮ ਆਦਮੀ ਪਾਰਟੀ ਹੀ ਹੈ ਜੋ ਭਾਜਪਾਈ ਕਾਰਵਾਈਆਂ ਨੂੰ ਠੱਲ੍ਹ ਪਾ ਸਕਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ 'ਆਪ' ਦੇ ਹੱਥ ਮਜਬੂਤ ਕਰਨੇ ਹੋਣਗੇ। ਇਸ ਮੌਕੇ ਸੋਹਨ ਲਾਲ ਬਲਾਕ ਪ੍ਰਧਾਨ, ਰਣਜੀਤ ਕੁਮਾਰ ਸਾਬਕਾ ਸਰਪੰਚ, ਮਨਜਿੰਦਰ ਸਿੰਘ, ਜਤਿੰਦਰ ਕੁਮਾਰ, ਗੋਪੀ ਆਦਿ, ਪਿੰਡ ਸ਼ੰਕਰ ਵਿੱਚ ਅਮਨਦੀਪ ਬਲਾਕ ਪ੍ਰਧਾਨ, ਲਖਵੀਰ ਸਿੰਘ ਪੰਚ, ਸਤਨਾਮ ਬਾਬਾ, ਅਮਨ ਆਦਿ, ਪਿੰਡ ਤਲਵੰਡੀ ਭਰੋਂ ਵਿਖੇ ਅਰਜਨ ਸਿੰਘ ਬਲਾਕ ਪ੍ਰਧਾਨ, ਹਰਨੇਕ ਸਿੰਘ ਸੈਕਟਰੀ, ਹਰਪ੍ਰੀਤ ਸਿੰਘ ਸੈਕਟਰੀ, ਰਜਨੀਸ਼ ਗੌਤਮ ਸਰਪੰਚ ਚੂੜ ਪਿੰਡ, ਪਰਮਜੀਤ ਸਿੰਘ ਸਾਬਕਾ ਸਰਪੰਚ, ਚਰਨਜੀਤ ਸਿੰਘ ਲੰਬੜਦਾਰ, ਰਾਮ ਲਾਲ ਨਾਹਰ ਪ੍ਰਧਾਨ ਐਸ ਸੀ ਵਿੰਗ, ਪਿੰਡ ਉਗੀ ਢੱਡਾ ਵਿੱਚ ਬੂਟਾ ਸਿੰਘ ਬਲਾਕ ਪ੍ਰਧਾਨ, ਸਵਰਨ ਸਿੰਘ ਟੁਰਨਾ ਸਿਹਾਰੀਵਾਲ। ਹੋਰਨਾਂ ਪਿੰਡਾਂ ਦੇ ਲੋਕਾਂ ਅਤੇ ਪਿੰਡ ਚੂਹੇ ਕੀ ਵਿਖੇ ਹਰਿੰਦਰ ਬੱਧਣ, ਡਾ. ਵਿੰਗ ਕੁਆਰਡੀਨੇਟਰ ਡਾ. ਰਣਜੀਤ ਸਿੰਘ, ਹੈਪੀ, ਕਰਨੈਲ ਰਾਮ ਬਾਲੂ ਦੀ ਅਗਵਾਈ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਮਾਨ ਸਰਕਾਰ ਦੀਆਂ ਲੋਕ ਹਿਤੂ ਨੀਤੀਆਂ ਪ੍ਰਤੀ ਹਾਂ ਪੱਖੀ ਹੁੰਗਾਰਾ ਦਿੱਤਾ।

## ਅੱਠਵੀਂ ਤੇ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ



**ਬੁਤਾਲਾ (ਨਿਰਮਲ ਸਿੰਘ ਸੰਘਾ)-** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਅਤੇ ਅੱਠਵੀਂ ਦਾ ਨਤੀਜਾ ਐਲਾਨਿਆ ਗਿਆ। ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਠਿਆਲਾ ਦਾ ਨਤੀਜਾ ਸ਼ਾਨਦਾਰ ਰਿਹਾ।ਬਾਰ੍ਹਵੀਂ ਜਮਾਤ ਵਿੱਚੋਂ ਕ੍ਰਿਸ਼ਯਾ ਸਰੀਨ 94.80%, ਪ੍ਰਿੰਸਜੋਤ ਕੌਰ 94.60%, ਤੇਜਬੀਰ ਕੌਰ 93.60%, ਕਿਰਨਦੀਪ ਕੌਰ 92.00%, ਚਾਹਲਦੀਪ ਕੌਰ ਨੇ 90.80%, ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਅੱਠਵੀਂ ਜਮਾਤ ਵਿੱਚੋਂ ਅਭੈਜੋਤ ਸਿੰਘ 91%, ਰੋਹਿਤ ਕੁਮਾਰ 90.83%, ਹਰਮਨਦੀਪ ਸਿੰਘ 88.33% ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਪ੍ਰਿੰ. ਨਰਿੰਦਰ ਕੌਰ ਅਤੇ ਅਵਤਾਰ ਕੌਰ ਲੈਕਚਰਾਰ ਇਕਨਾਮਿਕਸ ਨੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਜਵਲ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਨਰਿੰਦਰ ਧੀਰ, ਸਿਮਰਨਜੀਤ ਕੌਰ, ਜਸਵਿੰਦਰ ਸਿੰਘ, ਰਜਿੰਦਰ ਸਿੰਘ, ਭੀਮ ਖਾਨ, ਅਮਰਬੀਰ ਸਿੰਘ, ਅੰਜੂ ਅਤੇ ਜਸਦੀਪ ਕੌਰ ਹਾਜ਼ਰ ਸਨ ।

## ਵਿਜੇਇੰਦਰ ਸਿੰਗਲਾ ਸਮਰਥਕਾਂ ਸਮੇਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਹੋਏ ਨਤਮਸਤਕ

**ਸ੍ਰੀ ਆਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)** ਕਾਂਗਰਸ ਪਾਰਟੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਤੇ ਸਾਬਕਾ ਮੰਤਰੀ ਵਿਜੇਇੰਦਰ ਸਿੰਗਲਾ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਤੇ ਉਹਨਾਂ ਵੱਲੋਂ ਗੁਰੂ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਵੱਡੇ ਕਾਫਲੇ ਦੇ ਰੂਪ ਵਿੱਚ ਮੋਹਾਲੀ ਤੋਂ ਚੱਲ ਕੇ ਸ੍ਰੀ ਆਨੰਦਪੁਰ ਸਾਹਿਬ ਪੁੱਜੇ ਵਿਜੇਇਦਰ ਸਿੰਗਲਾ ਨਾਲ ਸਾਬਕਾ ਕੈਬਿਨੇਟ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਸਪੀਕਰ ਰਾਣਾ ਕਵਰਪਾਲ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਮਰਥਕ ਇੱਥੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਕਾਂਗਰਸ ਹਾਈ ਕਮਾਂਡ ਵੱਲੋਂ ਜਦੋਂ ਵੀ ਉਹਨਾਂ ਨੂੰ ਕੋਈ ਜਿੰਮੇਵਾਰੀ ਸੌਂਪੀ ਗਈ ਤਾਂ ਉਨ੍ਹਾਂ ਨੇ ਉਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਹੈ।ਸਿੰਗਲਾ ਨੇ ਕਿਹਾ ਕਿ ਸੂਬੇ ਅੰਦਰ ਕਾਂਗਰਸ ਪੱਖੀ ਲਹਿਰ ਚੱਲ ਰਹੀ ਹੈ ਤੇ ਅੱਜ ਲੋਕ ਕੇਂਦਰ ਅਤੇ ਸੂਬੇ ਦਾ ਨਿਜ਼ਾਮ ਬਦਲਣ ਲਈ ਤਤਪਰ ਹਨ। ਉਨ੍ਹਾਂ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਤੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਅੱਜ ਦੋਵੇਂ ਸਰਕਾਰਾਂ ਦੇ ਮੰਤਰੀਆਂ ਦਾ ਪਿੰਡਾਂ ਵਿੱਚ ਲੋਕ ਵਿਰੋਧ ਕਰ ਰਹੇ ਹਨ ਕਿਉਂਕਿ ਇਹ ਸਰਕਾਰਾਂ ਨੇ ਜੋਂ ਸੁਪਨੇ ਦਿਖਾਏ ਉਹ ਪੂਰੇ ਨਹੀਂ ਕੀਤੇ।ਉਨ੍ਹਾਂ ਕਿਹਾ ਕਿ ਅੱਜ ਪੂਰੇ ਰਸਤੇ ਵਿੱਚ ਗਰਮੀ ਦੇ ਬਾਵਜੂਦ ਉਹਨਾਂ ਨੂੰ ਲੋਕਾਂ ਦਾ ਭਰਪੂਰ ਪਿਆਰ ਮਿਲਿਆ ਹੈ ਜੋ ਇਸ ਗੱਲ ਦਾ ਸਬੂਤ ਹੈ ਕਿ ਹਲਕਾ ਸ੍ਰੀ ਆਨੰਦਪੁਰ ਸਾਹਿਬ ਵਿੱਚ ਕਾਂਗਰਸ ਪਾਰਟੀ ਦੀ ਵੱਡੀ ਜਿੱਤ ਹੋਵੇਗੀ। ਉਹਨਾਂ ਕਿਹਾ ਕਿ ਉਹ ਹਲਕੇ ਦੇ ਲੋਕਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਮਿਲਣਗੇ, ਹਲਕੇ ਦੀਆਂ ਸਮੱਸਿਆਵਾਂ ਸਬੰਧੀ ਗੱਲਬਾਤ ਕਰਨਗੇ ਤੇ ਚੋਣਾਂ ਜਿੱਤ ਕੇ ਇਹਨਾਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੇਇੰਦਰ ਸਿੰਗਲਾ ਦੇ ਧਰਮ ਪਤਨੀ ਦੀਪਾ ਸਿੰਗਲਾ, ਬਰਿੰਦਰ ਸਿੰਘ ਢਿੱਲੋ, ਗੁਰਇਕਬਾਲ ਕੌਰ ਬਬਲੀ, ਗੁਰਸ਼ਰਨ ਕੌਰ ਰੰਧਾਵਾ, ਅਸ਼ਵਨੀ ਸ਼ਰਮਾ, ਰਮੇਸ਼ ਦਸਗਰਾਈ, ਹਰਮੇਸ਼ ਮਹਿੰਦਲੀ, ਪ੍ਰੇਮ ਸਿੰਘ ਬਾਸੋਵਾਲ, ਕਮਲਦੀਪ ਕੌਰ, ਸੁਮਿਤ ਮਹਿਤਾ, ਗੁਰਿੰਦਰ ਸਿੰਘ ਵਾਲੀਆ, ਗਗਨ ਅਰੋੜਾ ਅਤੇ ਵੱਡੀ ਗਿਣਤੀ ਚ ਕਾਂਗਰਸੀ ਵਰਕਰ ਮੌਜੂਦ ਸਨ।



## ਮਾਤਾ ਸੁੰਦਰੀ ਜੀ ਦਾ ਜਨਮ ਦਿਹਾੜਾ ਮਨਾਇਆ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਗਿਆਨੀ ਬਲਜੀਤ ਸਿੰਘ ਨੇ ਮਾਤਾ ਸੁੰਦਰੀ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰਾਂ ਦੀ ਸਾਂਝ ਪਾਈ।ਉਨ੍ਹਾਂ ਸੰਗਤਾਂ ਨੂੰ ਮਾਤਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਇਤਿਹਾਸ ਤੋਂ ਸੇਧ ਲੈਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਪਾਲ ਸਿੰਘ ਜੱਲ੍ਹਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਨਰਿੰਦਰ ਸਿੰਘ ਅਤੇ ਬਿਕਰਮਜੀਤ ਸਿੰਘ ਝੰਗੀ ਸਮੇਤ ਸੰਗਤਾਂ ਹਾਜ਼ਰ ਸਨ

## ਪੰਜਵੇਂ ਤੇ ਨੌਵੇਂ ਪਾਤਸ਼ਾਹ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੰਟਰ ਹਾਊਸ ਮੁਕਾਬਲੇ ਕਰਵਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ਼੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 3 ਮਈ ਨੂੰ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਿਤ ਸਕੂਲ ਵਿੱਚ ਇੰਟਰ ਹਾਊਸ ਮੁਕਾਬਲੇ ਕਰਵਾਏ ਗਏ।ਬੱਚਿਆਂ ਨੇ ਬੜੀ ਲਗਨ ਅਤੇ ਮਿਹਨਤ ਨਾਲ ਤਿਆਰੀ ਕਰਕੇ ਇਸ ਮੁਕਾਬਲੇ ਵਿੱਚ ਭਾਗ ਲਿਆ। ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਦੇ ਅਰਮਾਨਦੀਪ ਸਿੰਘ ਨੇ ਪਹਿਲਾ, ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਦੀ ਸ਼ਹਿਨਾਜ਼ ਕੌਰ ਨੇ ਦੂਜਾ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਦੀ ਸੁਮਨਪ੍ਰੀਤ ਕੌਰ ਨੇ ਤੀਜਾ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਹਾਊਸ ਦੀ ਹਰਮਨਪ੍ਰੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ।ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਵਿੰਦਰ ਕੌਰ ਨੇ ਬਾਖੂਬੀ ਨਿਭਾਈ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਜਤਿੰਦਰਬੀਰ ਸਿੰਘ ਬਹਿਲ, ਅਰਸ਼ਪਿੰਦਰ ਸਿੰਘ ਮਾਨ ਅਤੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸਮੇਂ-ਸਮੇਂ 'ਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਕਿ ਵਿਦਿਆਰਥੀ ਗੁਰੂਆਂ ਦੇ ਪਾਏ ਹੋਏ ਪੂਰਨਿਆਂ ਤੇ ਤੁਰ ਕੇ ਧਰਮ ਤੋਂ ਕੁਝ ਸੇਧ ਲੈ ਸਕਣ।

## ਸੋਸ਼ਲ ਮੀਡਿਆ 'ਤੇ ਆਉਣ ਵਾਲੇ ਇਸ਼ਤਿਹਾਰਾਂ ਦਾ ਖਰਚ ਵੀ ਸੰਬੰਧਤ ਉਮੀਦਵਾਰ ਦੇ ਖਾਤੇ 'ਚ ਜੋੜਿਆ ਜਾਵੇਗਾ : ਅਗਰਵਾਲ



**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਸੂਬੇ ਦੇ ਜਿਲ੍ਹਿਆਂ ਵਿੱਚ ਗਠਿਤ ਸੋਸ਼ਲ ਮੀਡੀਆ ਦੀ ਨਿਗਰਾਨੀ ਟੀਮਾਂ ਦੇ ਅਧਿਕਾਰੀ ਸੋਸ਼ਲ ਮੀਡਿਆ 'ਤੇ ਖਾਸ ਧਿਆਨ ਰੱਖਣ, ਸੋਸ਼ਲ ਮੀਡਿਆ 'ਤੇ ਆਉਣ ਵਾਲੇ ਇਸ਼ਤਿਹਾਰਾਂ ਦਾ ਖਰਚ ਵੀ ਸਬੰਧਤ ਉਮੀਦਵਾਰ ਜਾਂ ਪਾਰਟੀ ਦੇ ਖਾਤੇ ਵਿੱਚ ਜੋੜਿਆ ਜਾਵੇਗਾ। ਉਨ੍ਹਾਂ ਨੇ ਭਾਰਤ ਚੋਣ ਕਮਿਸ਼ਨ ਦੇ ਆਦੇਸ਼ਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਖਬਾਰਾ, ਟੈਲੀਵਿਜਨ ਤੇ ਰੇਡਿਓ ਦੀ ਤਰ੍ਹਾਂ ਸੋਸ਼ਲ ਮੀਡਿਆ 'ਤੇ ਵੀ ਚੋਣ ਦੌਰਾਨ ਪ੍ਰਚਾਰ ਕੀਤਾ ਜਾਂਦਾ ਹੈ, ਜਿਸ 'ਤੇ ਰਕਮ ਖਰਚ ਹੁੰਦੀ ਹੈ। ਭਾਰਤ ਚੋਣ ਕਮਿਸ਼ਨ ਦੇ ਆਦੇਸ਼ਾਂ 'ਤੇ ਜਿਲ੍ਹਿਆਂ ਵਿਚ ਗਠਤ ਟੀਮਾਂ ਇਸ ਬਾਰੇ ਲੋਕ ਸਭਾ ਆਮ ਚੋਣ ਦੌਰਾਨ ਸੋਸ਼ਲ ਮੀਡਿਆ 'ਤੇ ਸਖਤ ਨਜ਼ਰ ਰੱਖੀ ਹੋਈ ਹੈ ਅਤੇ ਕਿਸੇ ਵੀ ਤਰ੍ਹਾਂ ਦਾ ਇਸ਼ਤਿਹਾਰ ਮਿਲਣ 'ਤੇ ਉਸਦੀ ਰਿਪੋਰਟ ਖਰਚ ਦੇ ਬਿਓਰੇ ਸਮੇਤ ਖਰਚ ਨਿਗਰਾਨੀ ਟੀਮ ਨੂੰ ਦੇਣਾ ਯਕੀਨੀ ਕਰਨ। ਰਿਪੋਰਟ ਦੇ ਆਧਾਰ 'ਤੇ ਸਬੰਧਤ ਉਮੀਦਵਾਰ ਜਾਂ ਪਾਰਟੀ ਦੇ ਖਾਤੇ ਵਿਚ ਉਸ ਇਸ਼ਤਿਹਾਰ ਦਾ ਖਰਚ ਜੋੜ ਦਿੱਤਾ ਜਾਵੇਗਾ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਲੋਕਸਭਾ ਆਮ ਚੋਣ ਦੌਰਾਨ ਸੋਸ਼ਲ ਮੀਡਿਆ ਦੀ ਨਿਗਰਾਨੀ ਬਹੁਤ ਲਾਜਿਮੀ ਹੈ। ਸੋਸ਼ਲ ਮੀਡਿਆ 'ਤੇ ਵੀ ਕਈ ਵਾਰ ਚੋਣ ਦੌਰਾਨ ਯੂਟਿਊਬ ਵੀਡਿਓ ਪਲੇਟਫਾਰਮ ਆਦਿ 'ਤੇ ਉਮੀਦਵਾਰ ਤੇ ਪਾਰਟੀ ਚੋਣ ਦਾ ਪ੍ਰਚਾਰ ਕਰਦੇ ਹਨ। ਨਿਗਰਾਨੀ ਟੀਮ ਨੂੰ ਜੇਕਰ ਅਜਿਹੇ ਚੈਨਲ ਜਾਂ ਵੀਡਿਓ ਮਿਲਦੇ ਹਨ ਜੋ ਕਿਸੇ ਉਮੀਦਵਾਰ ਜਾਂ ਸਿਆਸੀ ਪਾਰਟੀ ਦਾ ਸਮਰਥਨ ਕਰਦੇ ਹੋ ਜਾਂ ਜਾਤੀ ਧਰਮ, ਵਿਸ਼ੇਸ਼ ਦੇ ਪੱਖ ਵਿਚ ਜਾਂ ਕੋਈ ਗਲਤ ਸਮੱਗਰੀ ਦਰਸਾਉਂਦੇ ਹੋਵੇ ਜਾਂ ਚੋਣ ਜਾਬਤਾ ਦਾ ਉਲੰਘਣ ਕਰਦੇ ਹੋਵੇ ਤਾਂ ਉਸ ਸਥਿਤੀ ਵਿਚ ਸਬੰਧਤ ਯੂਟਯੂਬ ਚੈਨਲ ਚਲਾਉਣ ਵਾਲੇ ਖਿਲਾਫ ਆਈਟੀ ਐਕਟ ਦੇ ਤਹਿਤ ਐਫਆਈਆਰ ਦਰਜ ਕਰਵਾਕੇ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦਸਿਆ ਕਿ ਚੋਣ ਜਾਬਤਾ ਇਕ ਸਮਾਨ ਵੱਜੋਂ ਸਾਰੇ ਲੋਕਾਂ 'ਤੇ ਲਾਗੂ ਹੁੰਦੀ ਹੈ, ਜਿਸ ਵਿਚ ਅਖ਼ਬਾਰ, ਟੈਲੀਵਿਜਨ, ਰੇਡਿਓ ਅਤੇ ਸੋਸ਼ਲ ਮੀਡਿਆ ਵੀ ਸ਼ਾਮਲ ਹੈ। ਭਾਰਤ ਚੋਣ ਕਮਿਸ਼ਨ ਦੇ ਆਦੇਸ਼ਾਂ ਦੇ ਅਨੁਸਾਰ ਮੀਡਿਆ ਦੇ ਸਾਰੇ ਸਾਧਨਾਂ ਵਿੱਚ ਚੋਣ ਵਿਚ ਬਰਾਬਰੀ ਹੋਣੀ ਚਾਹੀਦੀ ਹੈ। ਮੀਡਿਆ ਵਿੱਚ ਪ੍ਰਕਾਸ਼ਿਤ ਜਾਂ ਛਪੀ ਖਬਰ, ਕਿਸੇ ਦੇ ਜਾਤੀ ਜਾਂ ਭਾਈਚਾਰੇ ਦੇ ਪੱਖ 'ਤੇ ਵਿਰੋਧ ਵਿੱਚ ਨਹੀਂ ਹੋਣੀ ਚਾਹੀਦੀ ਹੈ। ਅਜਿਹੀ ਖਬਰਾਂ ਛਪਣ ਜਾਂ ਚਲਾਉਣ ਤੋਂ ਗੁਰੇਜ ਕੀਤਾ ਜਾਵੇ, ਜੋ ਕਿਸੇ ਧਰਮ, ਜਾਤੀ ਜਾਂ ਭਾਈਚਾਰੇ ਵਿਚ ਹੋਵੇ।

## ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ



**ਫਗਵਾੜਾ 5 ਮਈ ( ਜਸਵਿੰਦਰ ਢੱਡਾ )** ਕਰੋੜਾਂ ਲੋਕਾਂ ਦੇ ਮਸੀਹਾ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ 133ਵਾਂ ਜਨਮ ਦਿਵਸ ਅਤੇ ਮਜਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਸਮਾਗਮ ਡਾ. ਬੀ. ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਪਿੰਡ ਖੋਜੇਵਾਲ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਅਸਿਸਟੈਂਟ ਰਜਿਸਟਰਾਰ ਡਾ. ਸੰਦੀਪ ਮਹਿਮੀ, ਡਾ. ਇੰਦਰਜੀਤ ਕਜਲਾ, ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ, ਜਨਰਲ ਸਕੱਤਰ ਧਰਮ ਪਾਲ ਪੈਂਥਰ ਅਤੇ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਕਰੜਾ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੇਮ ਕੁਮਾਰ ਧਨਾਲ ਨੇ ਕਰਦੇ ਹੋਏ ਕਾਰਵਾਈ ਨੂੰ ਅੱਗੇ ਵਧਾਇਆ।

ਸਮਾਗਮ ਦੇ ਮੁੱਖ ਬੁਲਾਰੇ ਡਾ. ਸੰਦੀਪ ਮਹਿਮੀ ਨੇ ਸਭ ਨੂੰ ਜਨਮ ਦਿਵਸ ਅਤੇ ਮਜਦੂਰ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਸਦੀਆਂ ਤੋਂ ਦੱਬੇ ਕੁੱਚਲੇ ਸਮਾਜ ਨੂੰ ਉੱਚਾ ਚੁੱਕਣ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ ਅਤੇ ਲੋਕਾਂ ਨੂੰ ਮਨ ਸਨਮਾਨ ਦੀ ਜ਼ਿੰਦਗੀ ਜਿਉਣ ਦਾ ਮੌਕਾ ਮਿਲਿਆ।ਡਾ. ਇੰਦਰਜੀਤ ਕਜਲਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਮੌਜਦਾ ਸਮੇਂ ਖਤਰੇ ਵਿੱਚ ਨਹੀਂ ਹੈ ਇਸ ਤੋਂ ਪਹਿਲਾ ਵੀ ਖਤਰੇ ਦੇ ਬਾਦਲ ਮੰਡਰਾਉਂਦੇ ਰਹੇ । ਸਮੇਂ ਸਮੇਂ 'ਤੇ ਬਣੀਆਂ ਸਰਕਾਰਾਂ ਨੇ ਆਪਣਾ ਸਵਾਰਥ ਸਿੱਧ ਕਰਨ ਲਈ ਹੁਣ ਤੱਕ ਭਾਰਤੀ ਸੰਵਿਧਾਨ ਵਿੱਚ 106 ਸੋਧਾਂ ਕੀਤੀਆਂ ਜਾ ਚੁਕੀਆਂ ਹਨ।ਇਸ ਤੋਂ ਇਲਾਵਾ ਕ੍ਰਿਸ਼ਨ ਲਾਲ ਜੱਸਲ, ਧਰਮ ਪਾਲ ਪੈਂਥਰ, ਸੰਵਿਧਾਨ ਜਾਗ੍ਰਤੀ ਮੰਚ ਤੋਂ ਰਾਕੇਸ਼ ਕੁਮਾਰ, ਲਲਿਤ ਅੰਬੇਡਕਰੀ ਅਤੇ ਬੇਟੀ ਸਰੁਤੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਾਡੇ ਮਹਾਪੁਰਸ਼ਾਂ ਨੇ ਦੇਸ਼ ਵਿਚ ਹਜਾਰਾਂ ਸਾਲਾਂ ਤੋਂ ਚਲੀ ਆ ਰਹੀ ਵਿਵਸਥਾ ਵਿਰੁੱਧ ਲੜਾਈ ਪਰ ਅਸੀਂ ਮਹਾਪੁਰਸ਼ਾਂ ਨੂੰ ਪੜ੍ਹਿਆ ਨਹੀਂ ਜਿਸ ਕਰਕੇ ਸਮਾਜ ਵਿੱਚ ਸਤਾ ਪਰਿਵਰਤਨ ਤਾਂ ਹੋ ਰਹੀ ਹੈ ਪਰ ਵਿਵਸਥਾ ਪਰਿਵਰਤਨ ਨਹੀਂ।ਆਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਵਲੋਂ ਸਮਾਜ ਨੂੰ ਸੇਧ ਦਿੰਦਿਆਂ ਕੋਰੀਓਗ੍ਰਾਫੀ ਅਤੇ ਪ੍ਰਸਿੱਧ ਸਾਹਿਤਕਾਰ ਡਾ. ਐਸ. ਐਲ. ਵਿਰਦੀ ਐਡਵੋਕੇਟ ਦਾ ਲਿਖਿਆ ਨਾਟਕ 'ਗ੍ਰੇਟ ਅੰਬੇਡਕਰ' ਨਿਰਦੇਸ਼ਕ ਬੀਬਾ ਕੁਲਵੰਤ ਦੀ ਦੇਖ ਰੇਖ ਵਿੱਚ ਖੇਡਿਆ ਗਿਆ। ਇਸ ਮੌਕੇ ਪ੍ਰਬੁੱਧ ਭਾਰਤ ਵਲੋਂ ਕਰਵਾਈ ਗਈ ਪ੍ਰੀਖਿਆ 'ਚੋਂ ਵਧੀਆ ਪੁਜੀਸ਼ਨ ਲੈਣ ਵਾਲੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਕਾਪੀਆਂ ਅਤੇ ਸਟੇਸ਼ਨਰੀ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਧਾਨ ਜਸਵਿੰਦਰ ਕਰੜਾ ਨੇ ਸਮਾਗਮ ਵਿੱਚ ਸ਼ਾਮਿਲ ਸਰੋਤਿਆਂ ਆਏ ਹੋਏ ਮਹਿਮਾਨਾਂ ਅਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਸਮਾਗਮ ਨੂੰ ਸਫਲ ਬਣਾਉਣ ਲਈ ਲਾਇਬਰੇਰੀ ਇੰਚਾਰਜ ਪੂਨਮ ਪੁਆਰ, ਕਿਰਨ ਬਾਲਾ, ਭਜਨ ਲਾਲ, ਗੁਰਮੀਤ ਲਾਲ, ਰਾਕੇਸ਼ ਕੁਮਾਰ, ਨਿਰਵੈਰ ਸਿੰਘ, ਨਿਰਮਲ ਸਿੰਘ, ਸੋਨੂ ਆਰੀਆਵਾਲ, ਸ਼੍ਰੀਮਤੀ ਹਰਜਿੰਦਰ ਕੌਰ ਪੰਚ, ਹਰਵਿੰਦਰ ਕੌਰ, ਸੰਤੋਸ਼ ਰਾਣੀ, ਨਿਰਮਲ ਕੁਮਾਰੀ, ਸੁਨੀਤਾ, ਜੋਗਿੰਦਰ ਕੌਰ, ਬਬੀਤਾ ਰਾਣੀ, ਗੀਤ ਰਾਣੀ, ਬਖਸ਼ੀਸ਼ ਕੌਰ, ਮੀਨਾ ਰਾਣੀ, ਰੀਨਾ ਰਾਣੀ, ਜੋਤੀ ਪੁਆਰ, ਰਜਨੀ ਬਾਲਾ, ਪਿੰਕੀ ਰਾਣੀ, ਮਨਜੀਤ ਕੌਰ ਅਤੇ ਬੱਬਲੀ ਆਦਿ ਨੇ ਭਰਪੂਰ ਸਹਿਯੋਗ ਕੀਤਾ।

## ਰੇਅ ਵੰਨ ਇੰਟਰਨੈਸ਼ਨਲ ਪਬਲਿਕ ਸਕੂਲ ਦਾ ਅੱਠਵੀਂ/ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ ਸੌ ਫੀਸਦੀ



**ਮਜੀਠਾ (ਸੋਇਮ ਆਨੰਦ)-** ਰੇਅ ਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਮਜੀਠਾ ਦਾ ਅੱਠਵੀਂ ਕਲਾਸ ਅਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਰਿਹਾ।ਸਕੂਲ ਮੈਨੇਜਮੈਂਟ ਕਮੇਟੀ ਦੇ ਮੈਨੇਜਿੰਗ ਡਾਇਰੈਕਟਰ ਅਮਰਪ੍ਰੀਤ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਕੂਲ ਦੇ ਬਾਰ੍ਹਵੀ ਕਲਾਸ ਦੇ ਸਾਇੰਸ ਗਰੁੱਪ ਦੀ ਵਿਦਿਆਰਥਣ ਗੁਰਲੀਨ ਕੌਰ ਨੇ 97 ਫੀਸਦੀ ਅੰਕ ਲੈ ਕੇ ਸਕੂਲ ਵਿਚ ਪਹਿਲਾ ਸਥਾਨ, ਰਾਜਬੀਰ ਕੌਰ ਨੇ 94.4 ਫੀਸਦੀ ਅੰਕ ਲੈ ਕੇ ਦੂਸਰਾ ਸਥਾਨ ਅਤੇ ਮਹਿਕਪ੍ਰੀਤ ਕੌਰ ਤੇ ਜੁਗਰਾਜ ਸਿੰਘ ਦੋਹਾਂ ਨੇ 94.2 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਕਾਮਰਸ ਗਰੁੱਪ ਵਿਚ ਹਰਮਨਜੀਤ ਕੌਰ ਤੇ ਵਾਰਿਸਦੀਪ ਸਿੰਘ ਨੇ 94.6 ਫੀਸਦੀ ਅੰਕ ਲੈ ਕੇ ਸਕੂਲ ਵਿਚ ਪਹਿਲਾ ਸਥਾਨ, ਅਸ਼ਮੀਤ ਸਿੰਘ ਨੇ 91.2 ਫੀਸਦੀ ਅੰਕ ਲੈ ਕੇ ਦੂਸਰਾ ਅਤੇ ਹਰਪ੍ਰੀਤ ਸਿੰਘ ਤੇ ਹਰਮਨਪ੍ਰੀਤ ਸਿੰਘ ਦੋਹਾਂ ਨੇ 91 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਆਰਟਸ ਗਰੁੱਪ ਵਿਚ ਨਤਾਸ਼ਾ ਨੇ 91 ਫੀਸਦੀ ਅੰਕ ਲੈ ਕੇ ਪਹਿਲਾ, ਮਨਪ੍ਰੀਤ ਕੌਰ ਨੇ 87 ਫੀਸਦੀ ਅੰਕ ਲੈ ਕੇ ਦੂਸਰਾ ਅਤੇ ਮਨਜਿੰਦਰਪਾਲ ਸਿੰਘ ਨੇ 86 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਅਮਰਪ੍ਰੀਤ ਸਿੰਘ ਦੇ ਦੱਸਣ ਅਨੁਸਾਰ ਇਸ ਸਕੂਲ ਦੇ ਅੱਠਵੀਂ ਕਲਾਸ ਦੇ ਯੁਵਲੀਨ ਕੌਰ ਨੇ 96.3 ਫੀਸਦੀ ਅੰਕ ਲੈ ਕੇ ਪਹਿਲਾ, ਅਵਨੀਤ ਕੌਰ ਨੇ 96 ਫੀਸਦੀ ਅੰਕ ਲੈ ਕੇ ਦੂਸਰਾ ਅਤੇ ਗਗਨਦੀਪ ਕੌਰ ਨੇ 95.5 ਫੀਸਦੀ ਅੰਕ ਲੈ ਕੇ ਸਕੂਲ ਵਿਚ ਤੀਸਰਾ ਸਥਾਨ ਹਾਸਲ ਕੀਤਾ। ਅਮਰਪ੍ਰੀਤ ਸਿੰਘ ਸਮੇਤ ਸਮੁੱਖੀ ਮੈਨੇਜਮੈਂਟ ਕਮੇਟੀ ਅਤੇ ਸਕੂਲ ਸਟਾਫ ਨੇ ਅੱਵਲ ਆਏ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਮਾਪਿਆਂ ਨੇ ਪ੍ਰੀਖਿਆ ਵਿਚ ਚੰਗੀ ਕਾਰਗੁਜ਼ਾਰੀ ਦਿਖਾ ਕੇ ਅੱਵਲ ਰਹਿਣ ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।


## ਕਲਾਸੀਫਾਈਡ ਇਸ਼ਤਿਹਾਰ

### Change of Name

I, Asha Rani w/o Surinder Pal r/o H.No.B1-741, Ram Nagar, Jalandhar have changed my name from Asha Rani Sheemar to Asha Rani. All Please Note.

I, Sheetal Malhotra C/o Mata Bax Behl R/o H.No.B/23/146 Old Grain Market Po. Kapurthala (Kapurthala) have changed my name to Sheetal Behl.

I, Kirandeep W/o Gursharan Singh R/o. H No. 123, Park Avenue Kahnuwan Road Batala Distt. Gurdaspur PB, have changed my name Kirandeep to Kirandeep Kaur.

I Taranjit Kaur W/O Balvir Singh R/O V. Lallian Khurd, Po.lambra Distt.jalandhar, Punjab Have Changed My Name From Taranjeet Kaur To Taranjit Kaur. All Note.

I, Malkit Singh S/O Amar Singh R/O V. Lallian Khurd, Po.lambra, Distt.jalandhar, Punjab Have Changed My Name From Malkiat Singh To Malkit Singh. All Note.

I, Swaran Singh S/O Gurdev Singh, R/O- Hno-79ekta Nagar, Po Chugitti,Jalandhar, Punjab-144009 Have Changed My Name From Swarn Singh To Swaran Singh.

I, Sonia Kainth W/O Ravinder Kumar Kainth, Vpo Kangniwal, Teh Phillaur, Jalandhar, Punjab-144032 Have Changed My Name After Marriage From Sonia To Sonia Kainth, Surname As Kainth & Given Name As Sonia

I, Amit Chaudhary S/O Maha Singh Jaglan, R/O H. No-395 R, Model Town, Panipat, Haryana- 132103, I Have Changed The Name Of My Minor Son Bhanu Jaglan Aged About 17 Years And He Shall Hereafter Be Known As Ranveer Jaglan.

I, Malkhan S/O Mehma Singh, R/O Hathira (9), Kurukshetra, Haryana-136119, Have Changed My Name And Shall Hereafter Be Known As Malkhan Singh.

I, Balwinder Kaur D/O Balbir Singh W/O Jatinder Singh, R/O Mari, Pathankot, Punjab- 143534. Declare That Name Of Mine And My Mother Has Been Wrongly Written As Balwinder Kour And Manjit Kour In My 10th Class Certificate. The Actual Name Of Mine And My Mother Are Balwinder Kaur And Manjit Kaur, Which May Be Amended Accordingly.

I Jasvinder Singh S/o Ravinder Singh R/o H.No. 40, Baba Makhan Shah Lubana Nagar, Mithapur Road, Jalandhar-144003, Punjab have changed my name from Jasvinder Singh to Jasvinder Singh Ahluwalia in which given name Jasvinder Singh and Ahluwalia is my surname.

I, Yadvender Mehra S/o Surender Mohan Mehra R/o Norbu, 2084-A, Circular Road, Opp Medical College Amritsar have changed my name from Yadvendra Mehra.

### Change of Name

I, Sudhesh Kaur W/O Sarwan Singh R/O Ward No 13, Mahilpur, P.O Mahilpur tehsil Garhshankar, Distt. HoshiarPunjab, india, have changed my name from Sudhesh Kaur to Sudesh Kaur.

I, Yogesh Kumar s/o Hans Raj r/o H.No.282, Urban Estate, Phase-1, Jalandhar, Punjab have changed the name of my minor son Aarush to Aarush Bhagat. All Please Note

I, Amanat d/o Yogesh Kumar r/o H.No. 282, Urban Estate, Phase-1, Jalandhar, Punjab have changed my name to Amanat Bhagat. All Please Note.

I, Gurdev Singh Banbheru s/o Tara Singh r/o VPO. Sofi Pind, Distt. Jalandhar, Punjab have changed my name to Gurdev Singh. All Please Note.

I, Sarbjit Kaur w/o Charan Pal Singh r/o 11/12, New Rattan Nagar, Gulab Devi Road, Jalandhar have changed my name to Sarbjit. All Please Note

I, Rajiv Kumar s/o Jagdish Pal r/o Pandori Musharkati, Bundala, Bundala, Jalandhar, Phillaur, Punjab-144034, have changed my name to Ranjiv Kumar. All Please Note.

I, Kuldip Kaur w/o Parshotam Lal r/o VPO. Talhan, Distt. Jalandhar, have changed the spelling of my name to Kuldeep Kaur. All Please Note.

I, Renu Bala w/o Sh. Satish Kumar r/o 134, Ward no.2, VPO. Santoshgarh, Distt. UNA, HP, have changed my name to Renu Prashar. All Please Note.

I, Hardeep Kaur W/o Jaspal Singh R/o H.No.173, Inside Lahori Gate, Shakti Nagar District Amritsar have changed my name from Hardeep Kaur to Hardeep Kaur Sethi.

I, Rajinder Pal Singh S/o Ranjit Singh R/o Vill. Marrianwala Tehsil Batala District Gurdaspur have changed my name Rajinder Pal is my Given name and Singh is my Surname.

I, Harjinder Kaur W/o Rajinder Pal Singh R/o Vill. Marrianwala Tehsil Batala District Gurdaspur have changed my name Harjinder is my Given name and Kaur is my Surname

I, Rajinder Pal Singh S/o Ranjit Singh R/o Vill. Marrianwala Tehsil Batala District Gurdaspur have changed my Daughter's name Avinaz Kaur . Avinaz is her Given name and Kaur is her Surname.

I, Jiwan Singh S/O Ajit Singh, R/O Rahime Ka Uttar, Firozpur, Punjab-152023, Declare That Name Of Mine Has Been Wrongly Written As Gurmail Singh In My Minor Daughter Agamjot Kaur, Aged About 8 Years, In Her Birth Certificate. The Actual Name Of Mine Is Jiwan Singh, Which May Be Amended Accordingly.

### Change of Name

I, Amarjeet Singh S/o Major Singh R/o VPO. Zahura, Tehsil Dasuya (Hoshiarpur) Punjab-144203 have changed my name and shall hereafter be known as Amarjit Singh.

### ਬੇਦਖਲੀ ਨੋਟਿਸ

ਮੈਂ, ਅਜੀਤ ਸਿੰਘ ਪੁੱਤਰ ਸ. ਧੰਨ ਸਿੰਘ ਵਾਸੀ ਡਬਲਯੂ. ਐਸ-287, ਮੁਹੱਲਾ ਤੇਲੀਆਂ, ਬਾਲੀ ਰਾਮ ਡਿਪੂ ਵਾਲੀ ਗਲੀ, ਬਸਤੀ ਸ਼ੇਖ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪਿੰਦਰ ਪਾਲ ਸਿੰਘ ਅਤੇ ਉਸਦੀ ਪਤਨੀ ਤਰਨਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਰੇਸ਼ਮ ਸਿੰਘ ਪੁੱਤਰ ਮੁਨਸ਼ਾ ਸਿੰਘ ਵਾਸੀ ਪਿੰਡ ਤੇ ਡਾਕ: ਢੁਗਾ ਕਲਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈ ਸੁਖਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਬੁੱਲ੍ਹੋਵਾਲ ਜ਼ਿਲ੍ਹਾ ਹੁਸਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਕੀਰਤ ਸਿੰਘ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਜੋ ਕੋਈ ਵੀ ਇਸ ਦੇ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਦਾ ਹੈ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ।

### ਆਮ ਸੂਚਨਾ

ਮੈਂ ਮਨਜੀਤ ਕੌਰ ਪਤਨੀ ਮਲਕੀਤ ਸਿੰਘ ਵਾਸੀ ਪੀਰ ਕੇ ਖਾਨਗੜ੍ਹ ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਦੀ ਰਹਿਣ ਵਾਲੀ ਹਾਂ। ਮੇਰੇ ਆਧਾਰ ਕਾਰਡ ਅਤੇ ਵੋਟਰ ਕਾਰਡ ਵਿਚ ਮੇਰਾ ਨਾਮ Manjeet Kaur ਲਿਖਿਆ ਹੋਇਆ ਹੈ ਅਤੇ ਮੇਰੇ ਦੱਸਵੀਂ ਦੇ ਸਰਟੀਫਿਕੇਟ ਵਿਚ ਮੇਰਾ ਨਾਮ Manjit Kaur ਨਾਲ ਲਿਖਿਆ ਹੋਇਆ ਹੈ। ਇਹ ਦੋ ਤਰ੍ਹਾਂ ਨਾਲ ਲਿਖੇ ਨਾਵਾਂ ਵਾਲੀ ਮੈਂ ਇਕ ਔਰਤ ਹਾਂ ਸੰਬੰਧਤ ਨੋਟ ਕਰਨ।

ਮੈਂ, ਰਣਵੀਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਨੇੜੇ ਦਾਂਦੂਪੁਰ ਰੋਡ, ਮਕਾਨ ਨੰ. 984, ਗਲੀ ਨੰ. 5, ਪ੍ਰੀਤ ਨਗਰ, ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਪ੍ਰਮਜੀਤ ਕੌਰ ਅਤੇ ਲੜਕਾ ਰਾਜਵੀਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਹਨਾਂ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### PUBLIC NOTICE

I, Hari Sahni S/o Jay Kisun Sahni R/o Kalia Colony, Phase-3, Near Peer Baba, Jalandhar, permanent address Village Santhi Dih Sanahti Muzaffarpur, Bihar declare that my son Chotu is out of my control. I disinherit him from my moveable and immovable properties. I and my family shall not be held responsible for any of his acts, deeds and things. All please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਕਰਨਬੀਰ ਸਿੰਘ ਬੁਰਜ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਨਿਯੁਕਤ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)-** ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਐਤਵਾਰ ਨੂੰ ਬੁਰਜ ਫਾਰਮ ਹਾਊਸ ਪਿੰਡ ਖੈਰਦੀ ਵਿਖੇ ਪਹੁੰਚੇ ਬੁਰਜ ਫਾਰਮ ਹਾਊਸ ਪੁਹੰਚਣ ਤੇ ਹਲਕਾ ਤਰਨਤਾਰਨ ਦੇ ਸੀਨੀਅਰ ਆਗੂ ਕਰਨਬੀਰ ਸਿੰਘ ਕਰਨ ਬੁਰਜ ਨੇ ਬੜੇ ਹੀ ਗਰਮਜੋਸ਼ੀ ਨਾਲ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਸਾਬਕਾ ਵਿਧਾਇਕ ਪੱਟੀ ਨੇ ਉਨ੍ਹਾਂ ਨੂੰ ਕਾਂਗਰਸ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਤੇ ਪਾਰਟੀ ਵਿੱਚ ਦਿੱਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਤਰਨਤਾਰਨ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਤੇ ਕਿਹਾ ਕੇ ਪਾਰਟੀ ਲਈ ਅੱਗੇ ਤੋਂ ਵੀ ਵੱਧ-ਚੜ੍ਹ ਕੇ ਪਾਰਟੀ ਵਿਚ ਮਿਹਨਤ ਕਰਨਗੇ ਤੇ ਕਾਂਗਰਸ ਪਾਰਟੀ ਦੇ ਲੋਕ ਸਭਾ ਖਡੂਰ ਸਾਹਿਬ ਤੋਂ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ ਆਪਣੇ ਹਲਕਾ ਤਰਨਤਾਰਨ ਵਿਚ ਵੱਡੀ ਜਿੱਤ ਦਿਵਾ ਕੇ ਲੋਕ ਸਭਾ ਵਿੱਚ ਭੇਜਣਗੇ। ਉਨ੍ਹਾਂ ਨੇ ਕਿਹਾ ਕਿ ਉਹ ਦਿਨ ਰਾਤ ਮਿਹਨਤ ਕਰਕੇ ਪਿੰਡ ਪਿੰਡ ਘਰ-ਘਰ ਜਾ ਕੇ ਲੋਕਾਂ ਨੂੰ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕਰਨ ਤੇ ਕੁਲਬੀਰ ਸਿੰਘ ਜ਼ੀਰਾ ਨੂੰ ਕਾਮਯਾਬ ਕਰਨ। ਇਸ ਮੌਕੇ ਉਨ੍ਹਾਂ ਨੇ ਗਿੱਲ ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਜੋ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ ਉਸ ਤੇ ਪੂਰੀ ਤਰ੍ਹਾਂ ਖਰਾ ਉਤਰਨਗੇ ਤੇ ਪਾਰਟੀ ਤੇ ਕੁਲਬੀਰ ਸਿੰਘ ਜ਼ੀਰਾ ਦੀ ਜਿੱਤ ਲਈ ਦਿਨ ਰਾਤ ਮਿਹਨਤ ਕਰਨਗੇ।ਇਸ ਮੌਕੇ ਚੇਅਰਮੈਨ ਰਮਨ ਕੁਮਾਰ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਇੰਦਰਜੀਤ ਸਿੰਘ ਲਾਲੀ, ਸਰਪੰਚ ਸੋਨੂੰ ਬਰਾੜ ਦੋਦੇ, ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਰਿਮ ਸਿੰਘ ਨਾਮਧਾਰੀ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਰਪੰਚ ਮੰਗਲ ਸਿੰਘ ਖੈਰਦੀ, ਪ੍ਰਧਾਨ ਅਸ਼ੋਕ ਕੁਮਾਰ, ਨਿੱਪੀ ਸੂਦ, ਡਾ ਚਰਨਜੀਤ ਸਿੰਘ ਸੋਢੀ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ।

## ਸੰਧੂ ਦੀ ਜਿੱਤ ਯਕੀਨੀ ਬਣਾਉਣ ਦਾ ਸੰਕਲਪ ਲਿਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-** ਮਿਸ਼ਨ 2024 ਤਹਿਤ ਹਲਕਾ ਅਟਾਰੀ ਦੇ ਪਿੰਡ ਅਟਾਰੀ ਮੰਡਲ ਦੇ ਬੂਥ ਨੰਬਰ 16,17, 18 ਵਿਖੇ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਹੱਕ ਵਿੱਚ ਅਸ਼ਵਨੀ ਚੰਡੋਕ ਦੀ ਅਗਵਾਈ ਹੇਠ ਰੈਲੀ ਕੀਤੀ ਗਈ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਦੇਵਗਨ, ਹਲਕਾ ਇੰਚਾਰਜ ਬਲਵਿੰਦਰ ਕੌਰ, ਵਿਜੇ ਵਰਮਾ ਦੇ ਪਰਿਵਾਰ ਤੋਂ ਭਗਵੰਤ ਕੌਰ, ਸੁਖਪਾਲ ਕੌਰ ਅਤੇ ਮੰਡਲ ਪ੍ਰਧਾਨ ਵਿਜੇ ਵਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੀਟਿੰਗ ਦੌਰਾਨ ਸਾਰਿਆਂ ਨੇ ਸੰਧੂ ਦੀ ਜਿੱਤ ਯਕੀਨੀ ਬਣਾਉਣ ਦਾ ਪ੍ਰਣ ਲਿਆ।ਉਨ੍ਹਾਂ ਕੇਂਦਰ ਵਿੱਚ ਤੀਜੀ ਵਾਰ ਮੋਦੀ ਸਰਕਾਰ ਬਣਾਉਣ ਦੀ ਗੱਲ ਵੀ ਕਹੀ।ਇਸ ਦੌਰਾਨ ਸਾਰਿਆਂ ਨੇ ਇੱਕ ਆਵਾਜ਼ ਵਿੱਚ ਕਿਹਾ ਕਿ ਸੰਧੂ ਨੂੰ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾਵੇਗਾ ਤਾਂ ਜੋ ਅੰਮ੍ਰਿਤਸਰ ਦਾ ਸਰਬਪੱਖੀ ਵਿਕਾਸ ਹੋ ਸਕੇ।

6-MAY-PAGE-7.qxd 5/5/2024 10:29 PM Page 1



# ਸਵਰਨਜੀਤ ਸਵੀ ਦੀ ਪੁਸਤਕ 'ਮਨ ਦੀ ਚਿੱਪ' ਬਾਰੇ ਵਿਚਾਰ-ਗੋਸ਼ਟੀ, ਖੁੱਲ੍ਹ ਕੇ ਹੋਈਆਂ ਵਿਚਾਰਾਂ




**ਲੁਧਿਆਣਾ (ਪੱਤਰ ਪ੍ਰੇਰਕ)**
ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਸਵਰਨਜੀਤ ਸਵੀ ਦੀ ਸਾਹਿਤ ਅਕਾਦਮੀ ਪੁਰਸਕਾਰ (2023) ਵਿਜੇਤਾ ਕਾਵਿ ਪੁਸਤਕ 'ਮਨ ਦੀ ਚਿੱਪ' ਬਾਰੇ ਵਿਚਾਰ ਗੋਸ਼ਟੀ ਪੰਜਾਬੀ ਭਵਨ, ਲੁਧਿਆਣਾ ਵਿਖੇ ਆਯੋਜਤ ਕੀਤੀ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਅਤੈ ਸਿੰਘ, ਅਮਰਜੀਤ ਸਿੰਘ ਗਰੇਵਾਲ, ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸਵਰਨਜੀਤ ਸਵੀ, ਸਵੀ ਦੇ ਜੀਵਨ ਸਾਥੀ ਮਨਜੀਤ ਕੌਰ ਹਾਜ਼ਰ ਸਨ।

ਸਮਾਗਮ ਦੀ ਪ੍ਰਧਾਨਗੀ ਟਿੱਪਣੀ ਕਰਦਿਆਂ ਪ੍ਰੋ. ਅਤੈ ਸਿੰਘ ਨੇ ਕਿਹਾ ਕਿ ਜਿੰਨੀ ਨਵੀਂ ਤੇ ਤਾਜ਼ਗੀ ਭਰਪੂਰ ਸਵੀ ਦੀ ਕਵਿਤਾ ਹੈ, ਓਨੇ ਹੀ ਚੰਗੇ ਪੇਪਰ ਲਿਖੇ ਗਏ ਹਨ। ਵਿਸ਼ੇਸ਼ ਕਰਕੇ ਡਾ. ਪਰਵੀਨ ਕੁਮਾਰ ਸ਼ੇਰੋਂ ਵਾਲਾ ਪੇਪਰ। ਦੂਜੇ ਦੋ ਪੇਪਰ ਡਾ. ਅਕਾਲ ਅੰਮ੍ਰਿਤ ਕੌਰ ਤੇ ਡਾ. ਅਮਰਜੀਤ ਸਿੰਘ (ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ, ਪਟਿਆਲਾ) ਗੋਂਦ ਪੱਖੋਂ ਏਨੀ ਗੰਭੀਰ ਚਰਚਾ ਛੇੜਦੇ ਹਨ ਕਿ ਵਰਤੀ ਗਈ ਚੁੱਪ ਵਿਚ ਸੁਣੇ ਗਏ ਹਨ। ਇਸ ਵਿੱਚ ਯੋਗਦਾਨ ਪੇਪਰ ਪੜ੍ਹਨ ਵਾਲਿਆਂ ਗੁਰਜੰਟ ਰਾਜੇਆਣਾ ਤੇ ਬੀਬਾ ਪਰਵੀਨ ਬਾਠ ਦਾ ਵੀ ਹੈ। ਪ੍ਰੋ. ਸਾਹਿਬ ਨੇ ਅੱਗੇ ਕਿਹਾ ਸਵੀ ਦੀ ਕਵਿਤਾ ਤੇ ਕਵਿਤਾ 'ਤੇ ਹੋਇਆ ਚਿੰਤਨ ਗੰਭੀਰ ਪ੍ਰਸ਼ਨ ਖੜ੍ਹੇ ਕਰਦਾ ਹੈ, ਜਿਨ੍ਹਾਂ ਦੇ ਜਵਾਬ ਲੱਭਦਿਆਂ ਅਸੀਂ ਲਾਜ਼ਮੀ ਤੌਰ 'ਤੇ ਚੰਗੀ ਸਿਰਜਣਾ ਦੇ ਰਾਹ 'ਤੇ ਤੁਰਾਂਗੇ। ਅਮਰਜੀਤ ਸਿੰਘ ਗਰੇਵਾਲ ਨੇ ਬੋਲਦਿਆਂ ਕਿਹਾ ਬਾਬੇ ਨਾਨਕ ਨੇ ਸਾਨੂੰ ਸ਼ਬਦ ਨਾਲ ਜੋੜਿਆ ਹੈ, ਅਰਥ ਨਾਲ ਨਹੀਂ। ਅਰਥ ਤਾਂ ਸ਼ਬਦਾਂ ਦਾ ਆਪਸੀ ਰਿਸ਼ਤਾ ਪੈਦਾ ਕਰਦਾ ਹੈ। ਮੁੱਖ ਪੇਪਰ ਲੇਖਕ ਡਾ. ਪਰਵੀਨ ਕੁਮਾਰ ਸ਼ੇਰੋਂ ਨੇ ਚਿੰਤਨ ਦੇ ਪੱਧਰ ਤੇ ਖੁੱਲ੍ਹੇ ਮਨ ਨਾਲ ਵਿਚਾਰ ਦਿੱਤੇ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਸਮੂਹਿਕ ਸਿਆਣਪ ਨਾਲ ਪ੍ਰੋਗਰਾਮ ਕਰਾਉਣੇ ਸ਼ੁਰੂ ਕਰਕੇ ਮਨ ਜਿੱਤਿਆ ਹੈ, ਸੋ ਪੰਜਾਬ ਤੇ ਪੰਜਾਬੀ ਭਾਸ਼ਾ ਵਲੋਂ ਦੁਨੀਆਂ ਵਿਚ ਕੁੱਝ ਨਵਾਂ ਫੇਰ ਕਰਨ ਦੀ ਆਸ ਬੱਝੀ ਹੈ।

ਇਸ ਮੌਕੇ ਸਵਰਨਜੀਤ ਸਵੀ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ 'ਮਨ ਦੀ ਚਿੱਪ' ਪੁਸਤਕ ਬਾਰੇ ਡਾ. ਪਰਵੀਨ ਸ਼ੇਰੋਂ ਨੇ ਆਪਣਾ ਪੇਪਰ ਪੇਸ਼ ਕੀਤਾ। ਡਾ. ਅਕਾਲ ਅੰਮ੍ਰਿਤ ਕੌਰ ਦਾ ਲਿਖਿਆ ਪੇਪਰ ਡਾ. ਸੰਦੀਪ ਬਾਠ ਅਤੇ ਡਾ. ਅਮਰਜੀਤ ਸਿੰਘ ਦਾ ਲਿਖਿਆ ਪੇਪਰ ਡਾ. ਗੁਰਜੰਟ ਰਾਜੇਆਣਾ ਨੇ ਪੇਪਰ ਪੇਸ਼ ਕੀਤੇ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਮੰਚ ਸੰਚਾਲਨ ਕਰਦਿਆਂ ਖ਼ੁਦ ਵੀ ਪ੍ਰਸ਼ਨ ਪੁੱਛੇ ਤੇ ਪ੍ਰਸ਼ਨ ਪੁੱਛਣ ਵਾਲਿਆਂ ਨੂੰ ਉਤਸ਼ਾਹਤ ਵੀ ਕੀਤਾ। ਡਾ. ਪੰਧੇਰ ਨੇ ਮਈ ਮਹੀਨੇ ਵਿਚ 19 ਮਈ ਨੂੰ ਪ੍ਰਸ਼ਨ ਪੁੱਛੇ ਜਾਣ ਦਾ ਸਤਿਕਾਰ ਕਰਨ ਵਾਲੇ ਮਰਹੂਮ ਡਾ. ਰਵਿੰਦਰ ਰਵੀ ਨੂੰ ਯਾਦ ਕੀਤਾ ਤੇ ਇਸ ਦੇ ਨਾਲ ਹੀ ਵਲਾਦੀਮੀਰ ਇਲੀਅਚ ਲੈਨਿਨ ਨੂੰ ਮਨੁੱਖੀ ਭਲਾਈ ਦੇ ਨਾਇਕ ਵਜੋਂ ਉਨ੍ਹਾਂ ਦੇ ਜਨਮ ਦਿਨ 'ਤੇ ਯਾਦ ਕੀਤਾ। ਸਵਰਨਜੀਤ ਸਵੀ ਨੇ ਹਰ ਕਿਤਾਬ ਵਿਚ ਨਵੀਂ ਗੱਲ ਕਰਨ ਦੀ ਪਹਿਲ ਕੀਤੀ ਹੈ। ਇਸ ਸਮੇਂ ਪ੍ਰੋ. ਜਤਿੰਦਰ ਗਰੋਵਰ ਸੈਨੇਟ ਸਿੰਡੀਕੇਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਮਲਕੀਤ ਸਿੰਘ ਦਾਖਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

## ਲੋਕਾਂ ਦਾ ਮਿਲ ਰਿਹਾ ਮਣਾਂ-ਮੂੰਹੀਂ ਪਿਆਰ ਸਾਡੇ ਹੌਸਲਿਆਂ ਨੂੰ ਵਧਾ ਰਿਹੈ : ਖਾਲਸਾ, ਖੰਨਾ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਸ੍ਰ. ਬਿਕਰਮਜੀਤ ਸਿੰਘ ਖਾਲਸਾ ਨੂੰ ਸਮੁੱਚੇ ਹਲਕਿਆਂ 'ਚੋਂ ਮਣਾ ਮੂੰਹੀਂ ਲੋਕਾਂ ਦਾ ਪਿਆਰ ਮਿਲਣ ਲੱਗਾ ਹੈ। ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਵੱਖ-ਵੱਖ ਪਿੰਡਾਂ 'ਚ ਚੋਣ ਜਲਸਿਆਂ ਦੌਰਾਨ ਕਿਹਾ ਕਿ ਕੰਮ ਦੇ ਦਿਨ ਹੋਣ ਦੇ ਬਾਵਜੂਦ ਲੋਕ ਕੀਮਤੀ ਭਰੇ ਰੁਝੇਵੇਂ ਚੋਣ ਜਲਸਿਆਂ ਨੂੰ ਦੇਣ ਲੱਗੇ ਹਨ, ਜਿਸ ਦੇ ਲਈ ਉਹ ਹਮੇਸ਼ਾ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਦਾ ਰਿਣੀ ਰਹਿਣਗੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਕਾਲੀ ਦਲ ਕੋਲ ਲੋਕਾਂ 'ਚ ਜਾਣ ਲਈ ਵਿਕਾਸ ਦੇ ਢੇਰ ਸਾਰੇ ਮੁੱਦਿਆਂ ਦਾ ਪੁਲੰਦਾ ਹੈ। ਹੁਣ ਤੱਕ ਅਕਾਲੀ ਦਲ ਨੇ ਜੋ ਕਿਹਾ, ਸੋ ਕਰ ਵਿਖਾਇਆ। ਬੇਸ਼ੱਕ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਕਈ ਸਾਜ਼ਿਸ਼ਾਂ ਰਚੀਆਂ ਗਈਆਂ, ਪਰ ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਵੱਧ ਰਹੀ ਹੋਂਦ ਦਾ ਅਹਿਸਾਸ ਕਰਵਾਇਆ ਹੈ। ਖਾਲਸਾ ਨੇ ਕਿਹਾ ਕਿ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਦੀਆਂ ਜਿਹੜੀਆਂ ਮੁਸ਼ਕਲਾਂ ਹਨ, ਉਹ ਸੰਸਦ ਭਵਨ ਵਿੱਚ ਪਹਿਲ ਦੇ ਆਧਾਰ 'ਤੇ ਉਠਾਉਣਗੇ, ਕਿਉਂਕਿ ਮੇਰੇ ਪਿਤਾ ਨੂੰ ਵੀ ਇਸ ਹਲਕੇ ਦੇ ਲੋਕ ਵੱਡਾ ਮਾਣ ਬਖ਼ਸ਼ਦੇ ਰਹੇ, ਹੁਣ ਮੈਨੂੰ ਵੀ ਪੂਰੀ ਉਮੀਦ ਹੈ ਕਿ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਹਰ ਵਿਧਾਨ ਸਭਾ ਹਲਕੇ 'ਚ ਮੇਰੇ ਲਈ ਖੁਦ ਲੋਕ ਆਪਣਾ ਫਰਜ਼ ਸਮਝ ਕੇ ਘਰ ਘਰ ਵੋਟਾਂ ਮੰਗ ਰਹੇ ਹਨ, ਜਿਸ ਨਾਲ ਮੇਰਾ ਹੌਸਲਾ ਦਿਨੋਂ-ਦਿਨ ਵਧ ਰਿਹਾ ਹੈ। ਰਾਜੂ ਖੰਨਾ ਨੇ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 1 ਜੂਨ ਨੂੰ ਆਪਣੀ ਇੱਕ ਇੱਕ ਕੀਮਤੀ ਵੋਟ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਦੇਣ ਤਾਂ ਜੋ ਹਲਕੇ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਹੱਲ ਕਰਵਾਇਆ ਜਾ ਸਕੇ।

# ਬੀਬੀ ਬਾਦਲ ਜਵਾਬ ਦੇਣ, ਤਖਤ ਸਾਹਿਬ ਨੂੰ ਰੇਲ ਲਿੰਕ ਨਾਲ ਕਿਉਂ ਨਹੀਂ ਜੋੜਿਆ ?



**ਤਲਵੰਡੀ ਸਾਬੋ (ਜਗਦੀਪ ਗਿੱਲ)**-ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਰੇਲ ਲਿੰਕ ਨਾਲ ਜੋੜਨ ਵਿੱਚ ਮੈਂਬਰ ਪਾਰਲੀਮੈਂਟ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਸਫ਼ਲ ਰਹੇ, ਜਿਸ ਦਾ ਜਵਾਬ ਹਰਸਿਮਰਤ ਕੌਰ ਬਾਦਲ ਵੱਲੋਂ ਲੋਕਾਂ ਨੂੰ ਦੇਣਾ ਚਾਹੀਦਾ ਹੈ। ਇਹ ਵਿਚਾਰ ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਵੱਖ-ਵੱਖ ਪਿੰਡਾਂ ਅੰਦਰ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਥਕ ਅਖਵਾਉਣ ਵਾਲੇ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਭਾਵੇਂ ਕੇਂਦਰ ਵਿੱਚ ਵਜ਼ੀਰ ਰਹੇ, ਪਰ ਉਨ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਨ ਲਈ ਕੋਈ ਕਦਮ ਨਹੀਂ ਉਠਾਇਆ। ਉਨ੍ਹਾਂ ਕਿਹਾ ਕਿ ਲੋਕ ਲੰਮੇ ਸਮੇਂ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਨ ਦੀ ਮੰਗ ਕਰਦੇ ਆ ਰਹੇ ਹਨ, ਪਰ ਅਕਾਲੀ ਦਲ ਨੇ ਕਦੇ ਵੀ ਲੋਕਾਂ ਦੀ ਇਸ ਸਾਂਝੀ ਮੰਗ ਵੱਲ ਧਿਆਨ ਨਹੀਂ ਦਿੱਤਾ। ਜਥੇਦਾਰ ਕੁਟੀਆ ਨੇ ਕਿਹਾ ਕਿ ਏਨਾ ਹੀ ਨਹੀਂ ਬਠਿੰਡਾ ਸ਼ਹਿਰ ਨੂੰ ਚੰਡੀਗੜ੍ਹ ਰੇਲਿੰਗ ਨਾਲ ਜੋੜਨ ਵਿੱਚ ਵੀ ਕੇਂਦਰੀ ਮੰਤਰੀ ਅਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਬਠਿੰਡਾ ਨੂੰ ਚੰਡੀਗੜ੍ਹ ਰੇਲ ਲਿੰਕ ਨਾਲ ਨਾ ਜੋੜਨ ਦਾ ਕਾਰਨ ਬਾਦਲ ਪਰਵਾਰ ਦੀ ਟਰਾਂਸਪੋਰਟ ਹੈ। ਉਨ੍ਹਾਂ ਨੂੰ ਲੱਗਦਾ ਸੀ ਕਿ ਜੇਕਰ ਬਠਿੰਡਾ ਦਾ ਲਿੰਕ ਰੇਲ ਮਾਰਗ ਰਾਹੀਂ ਚੰਡੀਗੜ੍ਹ ਨਾਲ ਹੋ ਗਿਆ ਤਾਂ ਉਨ੍ਹਾਂ ਦੀਆਂ ਬੱਸਾਂ ਉੱਪਰ ਕਿਸੇ ਨੇ ਨਹੀਂ ਚੜ੍ਹਨਾ।

ਇਸੇ ਬੇਈਮਾਨੀ ਦੇ ਚੱਲਦਿਆਂ ਉਨ੍ਹਾਂ ਤਖਤ ਸਾਹਿਬ ਤੇ ਬਠਿੰਡਾ ਨੂੰ ਰੇਲ ਲਿੰਕ ਨਾਲ ਨਹੀਂ ਜੋੜਿਆ। ਉਨ੍ਹਾਂ ਕਿਹਾ ਕਿ ਬਠਿੰਡਾ ਲੋਕ ਸਭਾ ਹਲਕੇ ਵਿੱਚ ਇੱਕ ਸਧਾਰਨ ਕਿਸਾਨ ਦਾ ਮੁਕਾਬਲਾ ਜਗੀਰਦਾਰ ਤੇ ਪੈਸੇ ਵਾਲਿਆਂ ਨਾਲ ਹੋ ਰਿਹਾ ਹੈ। ਤਲਵੰਡੀ ਸਾਬੋ ਦੀ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਜਥੇਦਾਰ ਗੁਰਮੀਤ ਸਿੰਘ ਕੁੱਡੀਆਂ ਇੱਕ ਸ਼ਰੀਫ਼ ਤੇ ਇਮਾਨਦਾਰ ਸਿਆਸਤਦਾਨ ਹਨ ਅਤੇ ਅਜਿਹੇ ਆਗੂਆਂ ਦਾ ਅੱਗੇ ਆਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤਲਵੰਡੀ ਸਾਬੋ ਦੇ ਵਿਕਾਸ ਲਈ ਜਥੇਦਾਰ ਖੁੱਡੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ।

## ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ 'ਆਪ' ਦੇ ਸਰਕਲ ਪ੍ਰਧਾਨ ਤੇ ਸਾਥੀ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**
ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵਿੱਚ ਵੱਖ-ਵੱਖ ਆਗੂਆਂ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਅਕਾਲੀ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਵੱਡੇ ਭਰਾ ਵਰਦੇਵ ਸਿੰਘ ਮਾਨ ਹਲਕਾ ਇੰਚਾਰਜ ਗੁਰੂ ਹਰ ਸਹਾਏ ਵਲੋਂ ਪਿੰਡ-ਪਿੰਡ ਵਿੱਚ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਅਕਾਲੀ ਦਲ ਦੇ ਹੱਕ ਵਿੱਚ ਲਾਮਬੰਦ ਕੀਤਾ ਜਾ ਰਿਹਾ ਹੈ।ਹਲਕਾ ਗੁਰੂਹਰਸਹਾਏ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਆਮ ਆਦਮੀ ਪਾਰਟੀ ਦੇ ਸਰਕਲ ਪ੍ਰਧਾਨ ਸਤਨਾਮ ਸਿੰਘ ਪਿੰਡ ਗੁੱਦੜ ਪੰਜਗਰਾਈਂ ਨੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਅਕਾਲੀ ਦਲ ਵਿੱਚ ਸ਼ਮੂਲੀਅਤ ਕਰ ਲਈ।ਪਿੰਡ ਪਹੁੰਚੇ ਅਕਾਲੀ ਦਲ ਦੇ ਹਲਕਾ ਇੰਚਾਰਜ ਵਰਦੇਵ ਸਿੰਘ ਮਾਨ ਨੇ ਸਰਕਲ ਪ੍ਰਧਾਨ ਸਤਨਾਮ ਸਿੰਘ ਅਤੇ ਛਿੰਦਰ ਸਿੰਘ, ਗੁਰਨਾਮ ਸਿੰਘ, ਕਰਨੈਲ ਸਿੰਘ, ਟਿੱਕਾ ਸਿੰਘ, ਛਿੰਦਾ ਸਿੰਘ ਮੈਂਬਰ, ਜੋਗਿੰਦਰ ਸਿੰਘ, ਗੁਰਮੀਤ ਸਿੰਘ, ਡਾਕਟਰ ਸੂਰਤ ਸਿੰਘ ਨੂੰ ਸ਼ਾਮਲ ਕਰਦਿਆਂ ਜੀ ਆਇਆਂ ਆਖਿਆ।ਵਰਦੇਵ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਲੋਕ ਤੰਗ ਆ ਚੁੱਕੇ ਹਨ।

## ਇਲਾਜ ਮਹਿੰਗੇ, ਕੀਮਤੀ ਜਾਨਾਂ ਮੁਸ਼ਕਲ 'ਚ, ਮਾਤਾ ਗੁਜਰੀ ਭਲਾਈ ਕੇਂਦਰ ਬਣੀ ਸਹਾਰਾ



**ਬੁਢਲਾਡਾ (ਅਸ਼ੋਕ ਲਾਕੜਾ)**
ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੇ ਆਗੂ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਨੰਗਲ ਕਲਾਂ ਦਾ ਮਹਾਨ ਕਬੱਡੀ ਖਿਡਾਰੀ ਉਜਾਗਰ ਸਿੰਘ ਜਿਸਨੇ ਦੇਸ ਦੀ ਟੀਮ ਵਿੱਚ ਵਰਲਡ ਕੱਪ ਖੇਡਣ ਜਾਣਾ ਸੀ, ਪਰ ਰੱਬ ਦਾ ਭਾਣਾ, ਦੁਰਘਟਨਾ ਕਾਰਨ ਮੰਜੇ ਤੇ ਪੈ ਗਿਆ,ਤੇ ਮਹਿੰਗੇ ਇਲਾਜ ਕਾਰਣ ਘਰ ਦਾ ਟਰੈਕਟਰ, ਗਹਿਣੇ, ਜਮੀਨ ਸਭ ਕੁਝ ਵਿਕ ਗਿਆ, ਹੁਣ ਅੱਗੇ ਨਾਲੋਂ ਫਰਕ ਹੈ ਪਰ ਅਜੇ ਹੋਰ ਇਲਾਜ ਬਾਕੀ ਹੈ। ਕਮਰਾ ਸਨਮਾਨ ਚਿੰਨ੍ਹਾ ਨਾਲ ਭਰਿਆ ਪਿਆ ਹੈ। ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵਲੋਂ ਨੰਗਲ ਜਾਕੇ ਸਰਬੰਸ ਦਾਨੀ ਵੈਲਫੇਅਰ ਕਲੱਬ ਨਾਲ ਮਿਲ ਕੇ ਇੱਕੀ ਹਜਾਰ ਰੁਪਏ ਦੀ ਮਦਦ ਕੀਤੀ ਗਈ ਅਤੇ ਛੇਤੀ ਠੀਕ ਹੋਣ ਦੀ ਕਾਮਨਾ ਕੀਤੀ ਗਈ। ਇਸੇ ਤਰ੍ਹਾਂ ਬੀਰੋਕੇ ਕਲਾਂ ਪਿੰਡ ਦੇ ਕ੍ਰਿਕਟ ਖਿਡਾਰੀ ਬਿੰਦਰਪਾਲ ਸਿੰਘ ਦਾ ਵੀ ਐਕਸੀਡੈਂਟ ਕਾਰਨ ਇਹੋ ਹਾਲ ਹੈ। ਉਸ ਦੀ ਵੀ ਮਦਦ ਕੀਤੀ ਜਾ ਰਹੀ ਹੈ। ਚਰਨਾ ਸਿੰਘ ਕੁਲਾਨਾ ਰੋਡ ਬੁਢਲਾਡਾ ਦੇ ਰਾਡ ਪਾ ਕੇ ਪੱਟ ਦਾ ਉਪ੍ਰੇਸਨ ਕਰਵਾਇਆ ਅਤੇ ਰਵੀ ਕੁਮਾਰ ਨੇੜੇ ਢੱਲ ਸਕੂਲ ਮਾਨਸਾ ਦੀ ਏਮਜ ਬਠਿੰਡਾ ਵਿਖੇ ਸਰਜਰੀ ਹੋ ਰਹੀ ਹੈ। ਇਸ ਤੋਂ ਇਲਾਵਾ ਰਾਮਪਾਲ ਸਿੰਘ ਗੁਰਨੇ ਕਲਾਂ ਸਮੇਤ ਕਈਆਂ ਦਾ ਇਲਾਜ ਅਜੇ ਵੀ ਚੱਲ ਰਿਹਾ ਹੈ। ਸੰਸਥਾ ਦਾ ਕਾਫੀ ਖਰਚ ਹੋ ਰਿਹਾ ਹੈ।ਤੁਹਾਡਾ ਦਿੱਤਾ ਦਾਨ ਇਹਨਾਂ ਇਹਨਾਂ ਨੌਜਵਾਨਾਂ ਦੀ ਜਾਨ ਬਚਾ ਸਕਦਾ ਹੈ ਅਤੇ ਬਚਾਅ ਰਿਹਾ ਹੈ ਉਪਰੋਕਤ ਤੋਂ ਇਲਾਵਾ ਵੀ ਅਨੇਕਾਂ ਮਰੀਜਾਂ ਦੀ ਗੁਪਤ ਮਦਦ ਕੀਤੀ ਜਾ ਰਹੀ ਹੈ। ਵਾਹਿਗੁਰੂ ਸਾਰੇ ਮਰੀਜਾਂ ਦੇ ਅਤੇ ਦਾਨੀ ਸੱਜਣਾਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਣ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਸਿਹਤ ਅਤੇ ਸਿੱਖਿਆ ਹਰ ਲੋੜਵੰਦ ਲਈ ਫ੍ਰੀ ਹੋਣੀ ਚਾਹੀਦੀ ਹੈ।

## ਹਾਦਸੇ 'ਚ ਔਰਤ ਦੀ ਮੌਤ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਵਾਪਰੇ ਹਾਦਸੇ ਵਿੱਚ ਇੱਕ ਔਰਤ ਦੀ ਮੌਤ ਹੋਣ ਸਬੰਧੀ ਅਣਪਛਾਤੇ ਡਰਾਇਵਰ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਜਤਿੰਦਰ ਸਿੰਘ ਨੇ ਦੱਸਿਆ ਕਿ ਮੁਦੱਈ ਸੁਰਿੰਦਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਲੱਖੇਕੇ ਮੁਸਾਹਿਬ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ 4 ਮਈ 2024 ਨੂੰ ਸਵੇਰੇ ਕਰੀਬ 10.15 ਵਜੇ ਹੋਵੇਗਾ, ਅਣਪਛਾਤਾ ਵਿਅਕਤੀ ਜੋਕਿ ਪਨਬਸ ਰੋਡਵੇਜ਼ ਨੰਬਰ ਪੀਬੀ-02-ਈ.ਜੀ. 2569 ਨੂੰ ਲਾਪ੍ਰਵਾਹੀ ਤੇ ਤੇਜ਼ ਰਫਤਾਰ ਨਾਲ ਚਲਾ ਰਿਹਾ ਸੀ ਅਤੇ ਐੱਫ-ਐੱਫ ਰੋਡ 'ਤੇ ਸਥਿਤ ਪਿੰਡ ਲਮੋਚੜ ਕਲਾਂ ਦੇ ਨਜ਼ਦੀਕ ਉਹ (ਮੁਦੱਈ) ਸਮੇਤ ਆਪਣੀ ਪਤਨੀ ਦੇ ਨਾਲ ਐਕਟੀਵਾ ਸਕੂਟੀ 'ਤੇ ਸਵਾਰ ਹੋ ਕੇ ਆਪਣੇ ਪਿੰਡ ਲੱਖੇਕੇ ਮੁਸਾਹਿਬ ਤੋਂ ਜਲਾਲਾਬਾਦ ਵੱਲ ਆ ਰਹੇ ਸੀ ਤਾਂ ਪਿੱਛੇ ਤੋਂ ਰੋਡਵੇਜ਼ ਬੱਸ ਦੇ ਡਰਾਇਵਰ ਨੇ ਉਸ ਦੀ ਐਕਟੀਵਾ ਸਕੂਟੀ ਵਿੱਚ ਟੱਕਰ ਮਾਰ ਦਿੱਤੀ ਗਈ, ਜਿਸ ਨਾਲ ਉਸ ਦੀ ਪਤਨੀ, ਜੋ ਕਿ ਐਕਟੀਵਾ ਦੇ ਪਿੱਛੇ ਬੈਠੇ ਸੀ, ਉਸ ਨੂੰ ਬੱਸ ਦੀ ਫੇਟ ਵੱਜਣ ਨਾਲ ਮੌਕੇ 'ਤੇ ਮੌਤ ਹੋ ਗਈ, ਜਦਕਿ ਉਹ (ਮੁਦੱਈ ਸੁਰਿੰਦਰ ਸਿੰਘ) ਨੂੰ ਵੀ ਗੰਭੀਰ ਰੂਪ ਵਿੱਚ ਸੱਟਾਂ ਲੱਗਣ ਕਾਰਨ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਪੁਲਸ ਨੇ ਮੁਦੱਈ ਸੁਰਿੰਦਰ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਡਰਾਇਵਰ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

## ਸ਼ਿਵਾਲਿਕ ਕਿਡਜ਼ ਸਕੂਲ 'ਚ ਮਾਪੇ-ਅਧਿਆਪਕ ਮਿਲਣੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਤਾ-ਪਿਤਾ-ਅਧਿਆਪਕ ਮੀਟਿੰਗ ਬੱਚਿਆਂ ਦੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਇੱਕ-ਦੂਜੇ ਨਾਲ ਗੱਲਬਾਤ ਕਰਨ ਦਾ ਪ੍ਰਭਾਵਸ਼ਾਲੀ ਤੇ ਉਪਯੋਗੀ ਤਰੀਕਾ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਿਵਾਲਿਕ ਕਿਡਜ ਸਕੂਲ ਨੇ ਨਰਸਰੀ ਤੋਂ ਅੱਠਵੀਂ ਜਮਾਤ ਤੱਕ ਦੇ ਬੱਚਿਆਂ ਲਈ ਮਾਪੇ-ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ ਮਾਤਾ-ਪਿਤਾ-ਅਧਿਆਪਕ ਮੀਟਿੰਗ ਵਿੱਚ ਪ੍ਰਿੰਸੀਪਲ ਅਤੇ ਅਧਿਆਪਕਾਂ ਵੱਲੋਂ ਮਾਪਿਆਂ ਨੂੰ ਬੱਚਿਆਂ ਦੀ ਵਧੀਆ ਕਾਰਗੁਜ਼ਾਰੀ ਬਾਰੇ ਦੱਸਿਆ ਗਿਆ। ਇਸ ਤਰ੍ਹਾਂ ਦੀਆਂ ਮੀਟਿੰਗਾਂ ਦੇ ਆਯੋਜਨ ਦਾ ਮਕਸਦ ਬੱਚਿਆਂ ਬਾਰੇ ਗੱਲਬਾਤ ਕਰਨਾ ਤੇ ਬੱਚਿਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਸਾਂਝਾ ਕਰਨਾ ਤੇ ਉਨ੍ਹਾਂ ਨੂੰ ਹੱਲ ਕਰਨ ਦੇ ਤਰੀਕੇ ਬਾਰੇ ਵਿਚਾਰ ਸਾਂਝੇ ਕਰਨਾ ਹੁੰਦਾ ਹੈ ਤਾਂ ਜੁ ਉਹ ਵਿਦਿਆਰਥੀਆਂ ਨੂੰ ਤਰੱਕੀ ਦੇ ਰਾਹ 'ਤੇ ਲੈ ਜਾ ਸਕਣ। ਮਾਤਾ-ਪਿਤਾ-ਅਧਿਆਪਕ ਮੀਟਿੰਗ ਸੁਚਾਰੂ ਢੰਗ ਨਾਲ ਹੋਈ ਹਰ ਮਾਤਾ-ਪਿਤਾ ਅਧਿਆਪਕਾਂ ਵੱਲੋਂ ਕੀਤੇ ਗਏ ਯਤਨਾਂ ਤੋਂ ਬਹੁਤ ਖੁਸ਼ ਹੋਏ। ਸਕੂਲ ਦੇ ਪ੍ਰਿੰਸੀਪਲ ਸੁਖਵਿੰਦਰ ਕੌਰ ਗਿੱਲ ਨੇ ਮਾਪਿਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਬੱਚੇ ਦੀਆਂ ਵਿੱਦਿਅਕ ਪ੍ਰਾਪਤੀਆਂ ਲਈ ਹਮੇਸ਼ਾ ਵਚਨਬੱਧ ਰਹਿਣਗੇ।

## ਲਾਂਗੜੀਆਂ ਦੇ ਧਨਾਢਾਂ ਵੱਲੋਂ ਗਰੀਬ ਪਰਵਾਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

**ਅਮਰਗੜ੍ਹ (ਨ ਜ਼ ਸ)**-ਪਿੰਡ ਲਾਂਗੜੀਆਂ ਦੇ ਧਨਾਢਾਂ ਵੱਲੋਂ ਪਿੰਡ ਦੀ ਸ਼ਾਮਲਾਤ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਗਰੀਬ ਪਰਵਾਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ, ਜੋ ਮਾਲੇਰਕੋਟਲਾ ਸਰਕਾਰੀ ਹਸਪਤਾਲ ਵਿਖੇ ਜ਼ੇਰੇ ਇਲਾਜ ਹਨ। ਜਾਣਕਾਰੀ ਅਨੁਸਾਰ ਪਿੰਡ ਲਾਂਗੜੀਆਂ ਦੇ ਗਰੀਬ ਲੋਕ ਪਿਛਲੇ ਵੀਹ ਸਾਲਾਂ ਤੋਂ ਸੜਕ ਨਾਲ ਵਾਲੀ ਸਾਂਝੀ ਪੰਚਾਇਤੀ ਜ਼ਮੀਨ ਪਥਵਾੜੇ ਵਿੱਚ ਪਾਥੀਆਂ ਤੇ ਆਪਣਾ ਬਾਲਣ ਰੱਖਦੇ ਆ ਰਹੇ ਸੀ।ਪਿੰਡ ਦੇ ਧਨਾਢ ਚੌਧਰੀਆਂ ਨੇ ਧੱਕੇ ਨਾਲ ਕਬਜ਼ਾ ਕਰਨ ਲਈ ਜੇ ਸੀ ਬੀ ਮਸ਼ੀਨ ਰਾਹੀਂ ਸਾਰੀਆਂ ਪਾਥੀਆਂ ਢਾਹ ਦਿੱਤੀਆਂ, ਜਿਸ ਦੀ ਸ਼ਿਕਾਇਤ ਬੀ ਡੀ ਪੀ ਓ ਅਮਰਗੜ੍ਹ, ਡੀ ਸੀ ਮਾਲੇਰਕੋਟਲਾ, ਐੱਸ ਐੱਸ ਪੀ ਨੂੰ ਰਜਿਸਟਰਡ ਪੱਤਰ ਰਾਹੀਂ ਵੀ ਦਿੱਤੀ ਸੀ।ਇਹ ਪੱਤਰ 20-25 ਦਿਨ ਪਹਿਲਾਂ ਦਿੱਤੇ ਸੀ, ਜਿਸ 'ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ।ਕਾਮਰੇਡ ਭਰਪੂਰ ਸਿੰਘ ਬੂੱਲਾਪੁਰ ਜਨਰਲ ਸਕੱਤਰ ਜ਼ਿਲ੍ਹਾ ਏਟਕ ਮਾਲੇਰਕੋਟਲਾ, ਮੁਹੰਮਦ ਖਲੀਲ, ਕਾ. ਸਰਿੰਦਰ ਕੁਮਾਰ ਭੈਣੀ ਕਲਾਂ, ਲਾਂਗੜੀਆਂ ਪਿੰਡ ਦੇ 20 ਬੰਦਿਆਂ ਤੇ ਬੀਬੀਆਂ ਨੇ ਬੀ ਡੀ ਪੀ ਓ ਨੂੰ ਮਿਲ ਕੇ ਇਹ ਅਰਜ਼ੀ ਦਿੱਤੀ ਸੀ।ਅੱਜ ਅਮਰਗੜ੍ਹ ਪੁਲਸ ਨੇ ਇਨ੍ਹਾਂ ਸ਼ਿਕਾਇਤਕਰਤਾ ਨੂੰ 11 ਵਜੇ ਥਾਣੇ ਬੁਲਾ ਕੇ ਇਹ ਕਹਿ ਕੇ ਕਿ ਇਹ ਮਸਲਾ ਡੀ ਸੀ ਸਾਹਿਬ ਨੂੰ ਭੇਜਣਾ ਹੈ, ਇਨ੍ਹਾਂ ਤੋਂ ਦਸਤਖ਼ਤ ਕਰਵਾ ਲਏ।ਬੀਤੇ ਦਿਨ ਲਗਭਗ ਤਿੰਨ ਵਜੇ ਵਿਰੋਧੀ ਕਬਜ਼ਾ ਕਰਨ ਵਾਲੀ ਪਾਰਟੀ ਨੇ ਇਨ੍ਹਾਂ ਦੀ ਤੂੜੀ ਆਦਿ ਫਿਰ ਖਿਲਾਰ ਦਿੱਤੀ।ਜਦੋਂ ਮਜ਼ਦੂਰ ਮਰਦ, ਔਰਤਾਂ ਉਥੇ ਗਏ ਤਾਂ ਧਨਾਢ ਚੌਧਰੀਆਂ ਨੇ ਉਨ੍ਹਾਂ ਦਾ ਕੁਟਾਪਾ ਕਰਨਾ ਸ਼ੁਰੂ ਕਰ ਦਿੱਤਾ।ਤਿੰਨ ਬੀਬੀਆਂ ਤੇ ਦੋ ਬੰਦਿਆਂ 'ਤੇ ਕੁਹਾੜੀਆਂ ਤੇ ਰਾਡਾਂ ਨਾਲ ਹਮਲਾ ਕਰ ਦਿੱਤਾ।

ਪੁਲਸ ਨੂੰ ਮੌਕੇ 'ਤੇ ਸੂਚਿਤ ਵੀ ਕੀਤਾ ਗਿਆ ਸੀ, ਪ੍ਰੰਤੂ ਉਥੇ ਕੋਈ ਵੀ ਨਹੀਂ ਪਹੁੰਚਿਆ, ਜਿਸ ਤੋਂ ਲਗਦਾ ਹੈ ਕਿ ਪੁਲਸ ਦੋਸ਼ੀਆਂ ਨਾਲ ਮਿਲੀ ਹੋਈ ਹੈ।ਇਸ ਪਿੰਡ ਦੀ ਸ਼ਾਮਲਾਤ ਜ਼ਮੀਨ 'ਤੇ ਧਨਾਢਾਂ ਦਾ ਕਬਜ਼ਾ ਕੀਤਾ ਹੋਇਆ ਹੈ, ਜੋ ਸੜਕ ਕਿਨਾਰੇ ਸ਼ਾਮਲਾਤ ਜ਼ਮੀਨ 'ਤੇ ਗ਼ਰੀਬ ਲੋਕ ਕੂੜਾ ਸੁੱਟਦੇ ਹਨ ਤੇ ਆਪਣਾ ਬਾਲਣ ਆਦਿ ਰੱਖਦੇ ਹਨ, ਉਥੇ ਵੀ ਹੁਣ ਧਨਾਢ ਕਬਜ਼ਾ ਕਰਕੇ ਦੁਕਾਨਾਂ ਬਣਾਉਣੀਆਂ ਚਾਹੁੰਦੇ ਹਨ।ਅੱਜ ਜਿਨ੍ਹਾਂ ਦੇ ਸੱਟਾਂ ਲੱਗੀਆਂ ਹਨ, ਉਨ੍ਹਾਂ ਵਿੱਚ ਬੀਬੀ ਮਹਿੰਦਰ ਕੌਰ ਪਤਨੀ ਚਰਨਜੀਤ ਸਿੰਘ, ਕਿਰਨਜੀਤ ਕੌਰ ਪਤਨੀ ਅਮਨਦੀਪ ਸਿੰਘ, ਕਰਮਜੀਤ ਕੌਰ ਪਤਨੀ ਨੈਬ ਸਿੰਘ, ਹੀਰਾ ਸਿੰਘ ਪੁੱਤਰ ਨੈਬ ਸਿੰਘ, ਅਮਨਦੀਪ ਸਿੰਘ ਪੁੱਤਰ ਭੁਪਿੰਦਰ ਸਿੰਘ ਪੰਜੇ ਵਾਸੀ ਲਾਂਗੜੀਆਂ ਸ਼ਾਮਲ ਹਨ।ਪਿੰਡ ਦੇ ਪਰਮਜੀਤ ਸਿੰਘ, ਹਰਦੀਪ ਸਿੰਘ, ਤਰਸੇਮ ਸਿੰਘ, ਚੋਹਾਣ ਸਿੰਘ ਆਦਿ ਨੇ ਮਾਲੇਰਕੋਟਲਾ ਸਰਕਾਰੀ ਹਸਪਤਾਲ ਵਿੱਚ ਮਰੀਜ਼ਾਂ ਨੂੰ ਦਾਖ਼ਲ ਕਰਵਾਉਣ ਉਪਰੰਤ ਪ੍ਰੈੱਸ ਨੂੰ ਜਾਰੀ ਇੱਕ ਪ੍ਰੈੱਸ ਨੋਟ ਰਾਹੀਂ ਇਹ ਜਾਣਕਾਰੀ ਦਿੱਤੀ ਹੈ।ਗਰੀਬ ਲੋਕਾਂ ਦੀ ਮੰਗ ਹੈ ਕਿ ਦੋਸ਼ੀਆਂ ਖਿਲਾਫ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇ।

## ਵਿਦਿਆਰਥੀਆਂ 'ਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਸਮਾਗਮ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਦੇ ਮੰਤਵ ਨਾਲ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਗੀਤ ਨਾਲ ਹੋਈ। ਵਿਦਿਆਰਥੀ ਕੌਂਸਲ ਦੇ ਸਾਰੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਈ ਗਈ ਕਿ ਉਹ ਆਪਣੀ ਸੌਂਪੀ ਗਈ ਡਿਊਟੀ ਤਨਦੇਹੀ ਨਾਲ ਨਿਭਾਉਣਗੇ। ਸਕੂਲ ਵਿੱਚ ਅਨੁਸ਼ਾਸਨ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸਕੂਲ ਦੇ ਅੱਠਵੀਂ, ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਹਾਊਸ ਕੈਪਟਨ ਦੀ ਚੋਣ ਕੀਤੀ ਗਈ। ਗਿਆਰਵੀਂ ਜਮਾਤ ਦੀ ਹਰਮਨਦੀਪ ਕੌਰ ਨੂੰ ਹੈੱਡ ਗਰਲ ਤੇ ਅਰਮਾਨ ਨੂੰ ਹੈੱਡ ਬੁਆਏ ਚੁਣਿਆ ਗਿਆ। ਸਕੂਲ ਦੇ ਚਾਰੇ ਹਾਊਸਾਂ ਦੇ ਕਪਤਾਨਾਂ, ਉੱਪ-ਕਪਤਾਨਾਂ ਤੇ ਹੁਨਰਮੰਦ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸੌਂਪ ਕੇ ਸਹੁੰ ਚੁੱਕ ਸਮਾਗਮ ਵੀ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਮਾਰਚ ਪਾਸਟ ਵੀ ਕੀਤਾ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਆਪਣੇ ਸੰਦੇਸ਼ ਵਿੱਚ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਪ੍ਰੇਰਿਤ ਕੀਤਾ ਤੇ ਅੱਗੇ ਵਧਣ ਲਈ ਆਸ਼ੀਰਵਾਦ ਦਿੱਤਾ।

## ਪ੍ਰਿੰ. ਰਾਜਪਾਲ ਕੌਰ ਦੀ ਪੁਸਤਕ 'ਸਕੂਲ ਔਰਗੇਨਾਈਜ਼ੇਸ਼ਨ ਐਂਡ ਮੈਨੇਜਮੈਂਟ' ਰਿਲੀਜ਼



**ਜਗਰਾਉਂ (ਅਮਿਤ ਖੰਨਾ)**-ਸਵਾਮੀ ਰੂਪ ਚੰਦ ਜੈਨ ਸਕੂਲ ਦੇ ਪ੍ਰਿੰਸੀਪਲ ਰਾਜਪਾਲ ਕੌਰ ਦੁਆਰਾ ਲਿਖੀ ਪੁਸਤਕ 'ਸਕੂਲ ਔਰਗਨਾਈਜ਼ੇਸ਼ਨ ਐਂਡ ਮੈਨੇਜਮੈਂਟ' ਲਾਂਚ ਕੀਤੀ ਗਈ।ਇਸ ਪੁਸਤਕ ਨੂੰ ਰਿਲੀਜ਼ ਕਰਨ ਸਮੇਂ ਉਨ੍ਹਾ ਦੇ ਪਰਿਵਾਰਕ ਮੈਂਬਰ ਤੇ ਸਮੂਹ ਸਕੂਲ ਮੈਨੇਜਮੈਂਟ ਮੈਂਬਰ ਵੀ ਇਸ ਮੌਕੇ ਉਨ੍ਹਾਂ ਦੇ ਸਵਾਗਤ ਲਈ ਪਹੁੰਚੇ।ਇਸ ਪੁਸਤਕ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਵੀ ਉਹ ਕਈ ਪੁਸਤਕਾਂ, ਜਿਨ੍ਹਾਂ ਵਿੱਚ ਕਰੀਮੀਨਲ ਸਾਈਕੋਲੋਜੀ, ਅਡੋਲਸੈਂਟ ਸਾਈਕੋਲੋਜੀ ਕਲੀਨਿਕ ਸਾਈਕੋਲੋਜੀ, ਅਬਨੋਰਮਲ ਸਾਈਕੋਲੋਜੀ, ਇਕਲੋਜੀਕਲ ਸਾਈਕੋਲੋਜੀ, ਸਪੈਸ਼ਲ ਐਜੂਕੇਸ਼ਨ ਨਿਊ ਟਰੈਂਡਸ ਐਂਡ ਇਨੋਵੇਸ਼ਨ, ਐਨੀਮਲ ਸਾਈਕੋਲੋਜੀ, ਬਾਇਓਥਿਕਸ, ਬਾਓ ਟੈਰੋਰਿਜ਼ਮ, ਟੀਚਿੰਗ ਆਫ ਇੰਗਲਿਸ਼ ਨਿਊ ਟਰੈਂਡਸ ਐਂਡ ਇਨੋਵੇਸ਼ਨ, ਸਕੂਲ ਔਰਗਨਾਈਜ਼ੇਸ਼ਨ ਐਂਡ ਮੈਨੇਜਮੈਂਟ ਡਿਵੈਲਪਮੈਂਟਲ ਸਾਈਕੋਲੋਜੀ ਆਦਿ ਰਿਲੀਜ਼ ਕਰ ਚੁੱਕੇ ਹਨ।ਪ੍ਰਿੰਸੀਪਲ ਰਾਜਪਾਲ ਕੌਰ, ਜੋ ਕਿ ਸਵਾਮੀ ਰੂਪ ਚੰਦ ਜੈਨ ਸਕੂਲ ਜਗਰਾਉਂ ਵਿਖੇ ਬਤੌਰ ਪ੍ਰਿੰਸੀਪਲ ਦੇ ਅਹੁਦੇ 'ਤੇ ਆਪਣੀ ਸੇਵਾ ਨਿਭਾਅ ਰਹੇ ਹਨ, ਉਨ੍ਹਾਂ ਦਾ ਵਿੱਦਿਅਕ ਤਜਰਬਾ ਲਗਭਗ 26-27 ਸਾਲ ਹੈ। ਇਨ੍ਹਾਂ ਸਾਲਾਂ ਵਿੱਚ ਉਨ੍ਹਾਂ ਨੇ ਆਪਣੀ ਚੰਗੀ ਭੂਮਿਕਾ ਤਹਿਤ ਚੰਗੀ ਕਾਰਗੁਜ਼ਾਰੀ ਦੁਆਰਾ ਚੰਗਾ ਨਾਮ ਕਮਾਇਆ ਹੈ।ਉਹ ਬਹੁਤ ਹੀ ਉੱਚੀ ਸੁੱਚੀ ਸ਼ਖ਼ਸੀਅਤ ਦੇ ਮਾਲਕ ਤੇ ਨੇਕ ਦਿਲ ਇਨਸਾਨ ਹਨ, ਉਹ ਹੋਣਹਾਰ ਦੇ ਪ੍ਰਤਿਭਾਸ਼ਾਲੀ ਹੋਣ ਦੇ ਨਾਲ ਨਾਲ ਕਲਮ ਦੇ ਧਨੀ ਵੀ ਹਨ, ਜਿਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਲਿਖ ਕੇ ਇਹ ਸਾਬਿਤ ਕਰ ਦਿਖਾਇਆ ਹੈ।ਅਜਿਹੇ ਲੋਕ ਕੌਮ ਦੇ ਹੀਰੇ ਹੁੰਦੇ ਹਨ, ਜੋ ਆਪਣੀ ਚੰਗੀ ਲਿਖਣੀ ਦੁਆਰਾ ਸਭਨਾਂ ਲਈ ਗਿਆਨ ਦਾ ਸੋਮਾ ਬਣਦੇ ਹਨ।ਪ੍ਰਮਾਤਮਾ ਉਨ੍ਹਾਂ 'ਤੇ ਇਹ ਆਪਣੀ ਬਖਸ਼ਿਸ਼ ਹਮੇਸ਼ਾ ਬਣਾਈ ਰੱਖਣ ਤੇ ਹਮੇਸ਼ਾ ਚੜ੍ਹਦੀਆਂ ਕਲਾ ਵਿੱਚ ਰੱਖਣ।

## ਹੋਲੀ ਹਾਰਟ ਸਕੂਲ 'ਚ ਮਾਪੇ-ਅਧਿਆਪਕ ਮਿਲਣੀ ਤੇ ਮੈਡੀਕਲ ਕੈਂਪ




**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਮਾਪੇ-ਅਧਿਆਪਕ ਮਿਲਣੀ ਦੌਰਾਨ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਦੇ ਨਾਲ ਹੀ ਅਧਿਆਪਕ-ਮਾਪੇ ਮਿਲਣੀ ਵੀ ਕਰਵਾਈ ਗਈ, ਜਿਸ 'ਚ ਅਧਿਆਪਕਾਂ ਵੱਲੋਂ ਮਈ 'ਚ ਹੋਣ ਜਾ ਰਹੇ ਇਮਿਤਹਾਨ ਦੀ ਜਾਣਕਾਰੀ ਦਿੱਤੀ ਗਈ ਤੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਬਾਰੇ ਜਾਗਰੂਕ ਕੀਤਾ, ਨਾਲ ਹੀ ਬੱਚਿਆਂ ਨੂੰ ਹੋਰ ਜ਼ਿਆਦਾ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ। ਅਧਿਆਪਕਾਂ ਨੇ ਮਾਪਿਆਂ ਨੂੰ ਕਿਹਾ ਕਿ ਬੱਚਿਆਂ ਨੂੰ ਆਪਣੇ ਪੇਪਰ ਤਣਾਅ ਰਹਿਤ ਦੇਣੇ ਚਾਹੀਦੇ ਹਨ ਤੇ ਅਧਿਆਪਕਾਂ ਨੇ ਮਾਪਿਆਂ ਨੂੰ ਵੋਟਰ ਜਾਗਰੂਕ ਬਾਰੇ ਵੀ ਜਾਣਕਾਰੀ ਦਿੱਤੀ ਤੇ ਫਿਰ ਉਨ੍ਹਾਂ ਨੇ ਆਪਣਾ ਮੈਡੀਕਲ ਚੈੱਕਅਪ ਕਰਵਾਇਆ। ਇਸ ਕੈਂਪ ਵਿੱਚ ਮੋਗੇ ਦੇ ਡਾਕਟਰ ਕੁਲਤਾਰ ਸਿੰਘ ਤੇ ਉਨ੍ਹਾਂ ਨਾਲ ਉਨ੍ਹਾਂ ਦੇ ਸਹਾਇਕ ਰਵੀ ਕੁਮਾਰ ਤੇ ਦਲਜੀਤ ਕੌਰ ਸ਼ਾਮਲ ਸਨ। ਇਸ ਸਮੇਂ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ।

## ਐੱਲ ਬੀ ਸੀ ਟੀ ਵੱਲੋਂ ਮੈਰਿਟ ਵਿਦਿਆਰਥੀ ਸਨਮਾਨ ਸਮਾਰੋਹ 8 ਨੂੰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**
ਐਲ ਬੀ ਸੀ ਟੀ (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਕਰੀਬ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਆਪਣੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਮਾਜ ਸੇਵਾ ਦੇ ਕਾਰਜ ਕਰਦੀ ਆ ਰਹੀ ਹੈ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਸੰਸਥਾ ਦੀਆਂ ਇਕਾਈਆਂ ਕੰਮ ਕਰ ਰਹੀਆਂ ਹਨ। ਸੰਸਥਾ ਆਮ ਲੋਕਾਂ ਦੀਆਂ ਸਮੱਸਿਆਵਾਂ ਸ਼ਾਸ਼ਨ ਪ੍ਰਸ਼ਾਸਨ ਕੋਲ ਪਹੁੰਚਾ ਕੇ ਉਹਨਾਂ ਨੂੰ ਹੱਲ ਕਰਵਾਉਂਦੀ ਹੈ। ਐਨਾ ਹੀ ਨਹੀਂ ਹੋਣਹਾਰ ਵਿਦਿਆਰਥੀਆਂ ਅਤੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਵਿਅਕਤੀਆਂ ਦਾ ਵੀ ਟਰੱਸਟ ਵੱਲੋਂ ਸਨਮਾਨਤ ਕੀਤਾ ਜਾਂਦਾ ਹੈ। ਇਸੇ ਲੜੀ ਅਧੀਨ ਟਰੱਸਟ ਦੀ ਜ਼ਿਲ੍ਹਾ ਫਰੀਦਕੋਟ ਇਕਾਈ ਵੱਲੋਂ ਇਸ ਸਾਲ ਅੱਠਵੀਂ, ਦਸਵੀਂ ਅਤੇ ਬਾਰਵੀਂ ਦੇ ਸਕੂਲਾਂ ਦੇ ਮੈਰਿਟ ਸੂਚੀ ਵਿਚ ਆਉਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ।

ਸਨਮਾਨ ਸਮਾਰੋਹ ਆਉਂਦੀ 08 ਮਈ ਨੂੰ ਸਵੇਰੇ 11:00 ਆਯੋਜਿਤ ਕੀਤਾ ਜਾਵੇਗਾ। ਸਮਾਰੋਹ ਦੀ ਪ੍ਰਧਾਨਗੀ ਜ਼ਿਲ੍ਹਾ ਫਰੀਦਕੋਟ ਇਕਾਈ ਦੇ ਪ੍ਰਧਾਨ ਜਗਦੀਸ਼ ਰਾਜ ਭਾਰਤੀ ਸੇਵਾ ਮੁਕਤ ਬੈਂਕ ਮੈਨੇਜਰ ਕਰਨਗੇ। ਸਮਾਰੋਹ ਦੌਰਾਨ ਇਹਨਾਂ ਹੋਣਹਾਰ ਵਿਦਿਆਰਥੀਆਂ ਨੂੰ ਟਰੱਸਟ ਵੱਲੋਂ ਸ਼ਾਨਦਾਰ ਮੋਮੈਂਟੋ ਭੇਂਟ ਕਰਕੇ ਸਨਮਾਨਤ ਕੀਤਾ ਜਾਵੇਗਾ। ਸਨਮਾਨਤ ਕਰਨ ਦੀ ਰਸਮ ਟਰੱਸਟ ਦੀ ਚੀਫ਼ ਪੈਟਰਨ ਮੈਡਮ ਹੀਰਾਵਤੀ ਸੇਵਾਮੁਕਤ ਨਾਇਬ ਤਹਿਸੀਲਦਾਰ ਆਪਣੇ ਕਰ ਕਮਲਾਂ ਨਾਲ ਕਰਨਗੇ। ਸਮਾਰੋਹ ਦੌਰਾਨ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।

ਸਮਾਗਮ ਦੌਰਾਨ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਹਾਈ ਸਕੂਲ ਮੌੜ, ਸ.ਸ.ਸ.ਸ. ਪੰਜਗਰਾਂਈ ਕਲਾਂ, ਸਰਕਾਰੀ ਮਿਡਲ ਸਕੂਲ ਦਾਨਾ ਰੋਮਾਣਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਾਦਿਕ, ਸਰਕਾਰੀ ਮਿਡਲ ਸਕੂਲ ਝਾੜੀਵਾਲਾ, ਡਾ. ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸਕੂਲ ਫਰੀਦਕੋਟ ਅਤੇ ਜ਼ਿਲ੍ਹੇ ਦੇ ਸਭ ਤੋਂ ਵੱਧ ਮੈਰਿਟ ਵਾਲੇ ਵਿਦਿਆਰਥੀ ਦੇਣ ਵਾਲੇ ਡਾ. ਚੰਦ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਜਿਲ੍ਹੇ ਦੇ ਸਰਕਾਰੀ ਹਾਈ ਸਕੂਲ ਢਾਬ ਗੁਰੂ ਕੀ ਦੀ ਮੈਟ੍ਰਿਕ ਪ੍ਰੀਖਿਆ ਵਿਚੋਂ 95 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲੀ ਹੋਣਹਾਰ ਵਿਦਿਆਰਥਣ ਹੇਮਲਤਾ ਨੂੰ ਵਿਸ਼ੇਸ਼ ਤੌਰ 'ਤੇ ਉਸ ਦੇ ਸਕੂਲ ਜਾ ਕੇ ਸਨਮਾਨਿਤ ਕੀਤਾ ਜਾਵੇਗਾ।

## ਰਿਟਾਇਰਮੈਂਟ ਮੌਕੇ ਨੈਸ਼ਨਲ ਕਾਲਜ ਵੱਲੋਂ ਗੁਰਜੰਟ ਸਿੰਘ ਸਨਮਾਨਤ



**ਭੀਖੀ (ਧਰਮਵੀਰ ਸ਼ਰਮਾ)**-ਨੈਸ਼ਨਲ ਕਾਲਜ ਵਿਖੇ ਪਿਛਲੇ 32 ਸਾਲ ਤੋਂ ਆਪਣੀਆਂ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਕਾਲਜ ਕਮੇਟੀ ਵੱਲੋਂ ਗੁਰਜੰਟ ਸਿੰਘ ਦਾ ਵਿਸੇਸ਼ ਸਨਮਾਨ ਕੀਤਾ ਗਿਆ। ਸਾਦੇ ਸਮਾਰੋਹ ਦੌਰਾਨ ਬੋਲਦਿਆਂ ਕਾਲਜ ਕਮੇਟੀ ਦੇ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਗੁਰਜੰਟ ਸਿੰਘ ਦੀਆਂ ਵਧੀਆਂ ਸੇਵਾਵਾਂ ਦੀ ਪ੍ਰਸ਼ੰਸਾਂ ਕਰਦਿਆਂ ਕਿਹਾ ਕਿ ਅਜਿਹੇ ਵਿਅਕਤੀਆਂ ਦੇ ਸਨਮਾਨ ਨਾਲ ਮਿਹਨਤੀ ਕ੍ਰਮਚਾਰੀਆਂ ਦਾ ਮਨੋਬਲ ਵਧਦਾ ਹੈ। ਉਨ੍ਹਾਂ ਕਿਹਾ ਕਿ ਮਿਹਨਤੀ ਕ੍ਰਮਚਾਰੀਆਂ ਦੇ ਸਨਮਾਨ ਨਾਲ ਜਿੱਥੇ ਕਾਲਜ ਕ੍ਰਮਚਾਰੀਆਂ ਅੰਦਰ ਕਾਲਜ ਪ੍ਰਤੀ ਚੰਗੀ ਭਾਵਨਾ ਪੈਦਾ ਹੁੰਦੀ ਹੈ, ਉੱਥੇ ਉਨ੍ਹਾਂ ਵੱਲੋਂ ਕਾਲਜ ਦੀ ਤਰੱਕੀ ਲਈ ਪਾਇਆ ਯੋਗਦਾਨ ਵੀ ਸਲਾਘਾਯੋਗ ਹੁੰਦਾ ਹੈ। ਪ੍ਰਿੰਸੀਪਲ ਡਾ. ਐਮਕੇ ਮਿਸ਼ਰਾ ਨੇ ਕਿਹਾ ਕਿ ਕਾਲਜ ਮੈਨੇਜਮੈਂਟ ਵੱਲੋਂ ਗੁਰਜੰਟ ਸਿੰਘ ਨੂੰ ਸਨਮਾਨਿਤ ਕਰਕੇ ਇੱਕ ਵਧੀਆ ਪਹਿਲਕਦਮੀ ਕੀਤੀ ਹੈ, ਉੱਥੇ ਚੰਗੇ ਅਕਸ ਵਾਲੇ ਅਤੇ ਮਿਹਨਤੀ ਕ੍ਰਮਚਾਰੀਆਂ ਦਾ ਸਨਮਾਨ ਕਰਨਾ ਕਾਲਜ ਕਮੇਟੀ ਦੀ ਫਿਤਰਤ ਹੈ। ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ ਨੇ ਗੁਰਜੰਟ ਸਿੰਘ ਵੱਲੋਂ ਕਾਲਜ ਦੀ ਬਿਹਤਰੀ ਲਈ ਪਾਏ ਯੋਗਦਾਨ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਗੁਰਜੰਟ ਸਿੰਘ ਇਸ ਸਨਮਾਨ ਦੇ ਹੱਕਦਾਰ ਸਨ ਡੇਰਾ ਬਾਬਾ ਰੱਬ ਲੋਕ ਦੇ ਮੁਖੀ ਬਾਬਾ ਸੁਖਰਾਜ ਦਾਸ ਨੇ ਕਿਹਾ ਕਿ ਗੁਰਜੰਟ ਸਿੰਘ ਵਰਗੇ ਮਿਹਨਤੀ ਕਰਮਚਾਰੀ ਹੀ ਸੰਸਥਾ ਦੀ ਉੱਨਤੀ ਵਿੱਚ ਬਣਦਾ ਯੋਗਦਾਨ ਪਾਉਂਦੇ ਹਨ, ਜਿਸ ਦੇ ਉਹ ਹੱਕਦਾਰ ਹਨ।

## ਸਿਮਰਨਜੀਤ ਮਾਨ ਵੱਲੋਂ ਦਿੜ੍ਹਬਾ 'ਚ ਚੋਣ ਦਫਤਰ ਦਾ ਉਦਘਾਟਨ



**ਸੰਗਰੂਰ/ਦਿੜ੍ਹਬਾ (ਪ੍ਰਵੀਨ ਸਿੰਘ/ਜਸਵੀਰ ਲਾਡੀ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ, ਮੌਜੂਦਾ ਐੱਮ.ਪੀ. ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਦਿੜ੍ਹਬਾ ਮੰਡੀ ਵਿਖੇ ਆਪਣੇ ਚੋਣ ਦਫਤਰ ਦਾ ਉਦਘਾਟਨ ਕਰਦਿਆਂ ਹਲਕੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦੇਣ ਦੀ ਅਪੀਲ ਕੀਤੀ।

ਆਪਣੇ ਸੰਬੋਧਨ ਦੌਰਾਨ ਪਿਛਲੇ ਡੇਢ ਸਾਲ ਦੇ ਕਾਰਜ ਕਾਲ ਦਾ ਲੇਖਾ ਜੋਖਾ ਪੇਸ਼ ਕਰਦੇ ਹੋਏ ਸ੍ਰ. ਮਾਨ ਨੇ ਦੱਸਿਆ ਕਿ ਐੱਮ.ਪੀ. ਕੋਟੇ ਤਹਿਤ ਕਰੀਬ 10 ਕਰੋੜ ਰੁਪਏ ਦੀ ਗਰਾਂਟ ਬਿਨਾਂ ਪੱਖਪਾਤ ਤੋਂ ਹਲਕੇ ਦੇ ਸਾਰੇ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਖਰਚ ਕੀਤੀ ਗਈ।ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਗਏ, ਜਿਸ ਲਈ ਵੱਖ-ਵੱਖ ਥਾਵਾਂ 'ਤੇ ਖੇਡ ਮੈਦਾਨ ਤਿਆਰ ਕਰਵਾਏ ਗਏ।ਵੱਡੇ ਪੱਧਰ 'ਤੇ ਇਨਡੋਰ ਤੇ ਓਪਨ ਜਿੰਮ ਦੇਣ ਦੇ ਨਾਲ ਨਾਲ ਖੇਡ ਕਿੱਟਾਂ ਵੀ ਵੰਡੀਆਂ।ਪਿੰਡਾਂ ਦੇ ਲੋਕਾਂ ਦੀ ਮੰਗ ਅਨੁਸਾਰ ਅੱਗ ਬੁਝਾਊ ਯੰਤਰ ਵਾਲੀਆਂ ਪਾਣੀ ਦੀਆਂ ਟੈਂਕੀਆਂ ਵੰਡੀਆਂ।ਅੰਗਹੀਣਾਂ ਨੂੰ ਨਕਲੀ ਅੰਗ, ਮੋਟਰਾਈਜ਼ਡ ਟਰਾਈਸਾਈਕਲਾਂ ਤੇ ਹੋਰ ਸਹਾਇਕ ਉਪਕਰਨ ਵੰਡੇ ਗਏ।ਇਸ ਤੋਂ ਇਲਾਵਾ ਹਰ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਲਕੇ ਦੇ ਲੋਕਾਂ ਨੂੰ ਦਿਵਾਉਣ ਦੇ ਪੂਰੇ ਯਤਨ ਕੀਤੇ ਗਏ ਹਨ।ਬਿਜਲੀ ਨਾਲ ਸੰਬੰਧਤ ਸਮੱਸਿਆਵਾਂ ਦੇ ਹੱਲ ਲਈ ਪੂਰੇ ਹਲਕੇ ਦੇ ਨਵੀਨੀਕਰਨ ਲਈ 281 ਕਰੋੜ ਰੁਪਏ ਦਾ ਪ੍ਰੋਜੈਕਟ ਮਨਜ਼ੂਰ ਕਰਵਾਇਆ ਗਿਆ ਹੈ।ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਕੰਮ ਹਨ, ਜੋ ਅਸੀਂ ਪਿਛਲੇ ਡੇਢ ਸਾਲਾਂ ਵਿੱਚ ਕਰਵਾ ਚੁੱਕੇ ਹਾਂ, ਪਰ ਫਿਰ ਵੀ ਅਸੀਂ ਸਮਝਦੇ ਹਾਂ ਕਿ ਸਮੇਂ ਤੇ ਪੈਸੇ ਦੀ ਘਾਟ ਕਰਕੇ ਹਲਕੇ ਦੇ ਬਹੁਤ ਸਾਰੇ ਵਿਕਾਸ ਕੰਮ ਅਧੂਰੇ ਰਹਿ ਗਏ ਹਨ।

ਸ੍ਰ. ਮਾਨ ਨੇ ਕਿਹਾ ਕਿ ਜੋ ਕੰਮ ਇਸ ਵਾਰ ਬਕਾਇਆ ਰਹਿ ਗਏ ਹਨ, ਉਨ੍ਹਾਂ ਕੰਮਾਂ ਨੂੰ ਹਲਕੇ ਦੇ ਲੋਕਾਂ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਪਹਿਲ ਦੇ ਅਧਾਰ 'ਤੇ ਪੂਰੇ ਕਰਾਵਾਂਗੇ।ਇਸ ਮੌਕੇ ਪਾਰਟੀ ਦੇ ਜਥੇਬੰਦਕ ਸਕੱਤਰ ਗੋਵਿੰਦ ਸਿੰਘ ਸੰਧੂ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਤੇ ਸਰਗਰਮ ਵਰਕਰ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਵਿਖੇ ਸ਼ਾਰਟ-ਟਰਮ ਕੋਰਸ ਸਫ਼ਲਤਾਪੂਰਵਕ ਸੰਪੰਨ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਕਾਲਜ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ, ਅੰਗਰੇਜ਼ੀ ਵਿਭਾਗ, ਕੰਪਿਊਟਰ ਸਾਇੰਸ ਵਿਭਾਗ ਤੇ ਮੈਨੇਜਮੈਂਟ ਸਟੱਡੀਜ਼ ਵਿਭਾਗ ਵੱਲੋਂ ਬਾਰਵੀਂ ਵਿੱਚ ਦਾਖ਼ਲ ਤੇ ਬਾਰਵੀਂ ਪਾਸ ਵਿਦਿਆਰਥੀਆਂ ਦੀ ਕੈਰੀਅਰ ਯੋਜਨਾਬੰਦੀ ਤੇ ਨਿਰਮਾਣ ਸਬੰਧੀ 22 ਅਪ੍ਰੈਲ ਤੋਂ 3 ਮਈ ਤੱਕ ਸਫ਼ਲਤਾਪੂਰਵਕ ਸ਼ਾਰਟ ਟਰਮ ਕੋਰਸ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਭਾਗ ਲਿਆ।ਇਸ ਦੋ ਹਫ਼ਤਿਆਂ ਦੇ ਕੋਰਸ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਜਿਵੇਂ ਵਿਗਿਆਨ ਤੇ ਤਕਨਾਲੋਜੀ, ਕਾਮਰਸ ਤੇ ਅਕਾਊਂਟਿੰਗ ਫੰਡਾਮੈਂਟਲਜ਼, ਕੰਪਿਊਟਰ ਸਿਖਲਾਈ ਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਹੁਨਰ, ਰੁਜ਼ਗਾਰ ਯੋਗਤਾ ਤੇ ਜੀਵਨ ਹੁਨਰ, ਸੰਚਾਰ ਹੁਨਰ ਤੇ ਸ਼ਖ਼ਸੀਅਤ ਵਿਕਾਸ ਆਦਿ ਪੜ੍ਹਨ ਦਾ ਸੁਨਹਿਰੀ ਅਵਸਰ ਮਿਲਿਆ, ਜੋ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗਾ।

ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਦੱਸਿਆ ਕਿ ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦਾ ਬੁਨਿਆਦੀ ਵਿਹਾਰਕ ਗਿਆਨ ਪ੍ਰਦਾਨ ਕਰਨ ਤੋਂ ਇਲਾਵਾ ਉਨ੍ਹਾਂ ਦੀ ਕਰੀਅਰ ਕਾਉਂਸਲਿੰਗ ਤੇ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਸਬੰਧੀ ਜਾਗਰੂਕ ਕਰਨਾ ਸੀ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਵਾਈਸ ਪ੍ਰਿੰਸੀਪਲ ਅਕੈਡਮਿਕ ਡਾ. ਹਰਵੀਨ ਕੌਰ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡੀਨ ਅਕਾਦਮਿਕ ਡਾ. ਕਮਲਪ੍ਰੀਤ ਕੌਰ ਤੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸੇਧ ਦਿੰਦਿਆਂ ਵੱਖ-ਵੱਖ ਵਿਸ਼ਿਆਂ ਸਬੰਧੀ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ।ਸਮਾਗਮ ਦੇ ਅਖੀਰ ਵਿੱਚ ਵਿਦਿਆਰਥੀਆਂ ਨੇ ਕੋਰਸ ਸੰਬੰਧੀ ਆਪਣੀ ਸਕਾਰਾਤਮਕ ਪ੍ਰਤੀਕਿਰਿਆ ਤੇ ਮਹੱਤਵਪੂਰਨ ਅਨੁਭਵ ਸਾਂਝੇ ਕੀਤੇ।ਇਸ ਉਪਰੰਤ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਕੋਰਸ ਸਮੱਗਰੀ ਵੀ ਪ੍ਰਦਾਨ ਕੀਤੀ ਗਈ।

## ਅੱਜ ਦੇ ਯੁੱਗ 'ਚ ਲੜਕੇ-ਲੜਕੀਆਂ ਦਾ ਸਿੱਖਿਅਤ ਹੋਣਾ ਅਤਿ ਜ਼ਰੂਰੀ : ਕਟਾਰੀਆ



**ਮਾਨਸਾ (ਆਤਮਾ ਸਿੰਘ ਪਮਾਰ)**-ਸੁਖਦੇਵ ਕੁਮਾਰ ਬੁਢਲਾਡਾ ਦੇ ਸਪੁੱਤਰ ਸਾਜਨ ਕੁਮਾਰ ਦਾ ਸ਼ੁੱਭ ਵਿਆਹ ਸੰਦੀਪ ਕੌਰ ਸਪੁੱਤਰੀ ਈਸ਼ਵਰ ਸਿੰਘ ਨਿਵਾਸੀ ਰਾਮਪੁਰਾ ਕੋਠੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰਮਰਿਯਾਦਾ ਅਨੁਸਾਰ ਹੋਇਆ।ਇਸ ਸਮੇਂ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੋਂ ਇਲਾਵਾ ਅਨੇਕਾਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਹਾਜ਼ਰ ਸਨ।ਇਸ ਮੌਕੇ ਆਲ ਇੰਡੀਆ ਐੱਸ ਸੀ/ਐੱਸ ਟੀ ਦੇ ਮੈਂਬਰ ਟਰੇਨ ਮੈਨੇਜਰ ਉੱਤਰ ਰੇਲਵੇ ਪ੍ਰੇਮ ਸਿੰਘ ਕਟਾਰੀਆ ਇਸ ਸਮੇਂ ਪਰਿਵਾਰ ਸਮੇਤ ਕਾਰਜਾਂ ਵਿੱਚ ਸ਼ਰੀਕ ਹੋਏ।ਇਸ ਸਮੇਂ ਪ੍ਰੇਮ ਸਿੰਘ ਕਟਾਰੀਆ ਨੇ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਤੇ ਸ਼ੁੱਭ-ਕਾਮਨਾਵਾਂ ਦਿੰਦਿਆਂ ਬਾਬਾ ਸਾਹਿਬ ਦੀ ਤਸਵੀਰ ਨਾਲ ਸਨਮਾਨਤ ਕੀਤਾ ਅਤੇ ਦੋਵੇਂ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ।ਉਨ੍ਹਾ ਕਿਹਾ ਕਿ ਅਜੋਕੇ ਸਮੇਂ ਵਿੱਚ ਸਮਾਜ ਦੇ ਹਰ ਵਰਗ ਨੂੰ ਦਾਜ ਵਰਗੀਆਂ ਬੁਰਾਈਆਂ ਤੇ ਫਾਲਤੂ ਰੀਤੀ ਰਿਵਾਜਾਂ ਤੋਂ ਉਪਰ ਉੱਠ ਕੇ ਲੜਕੇ ਤੇ ਲੜਕੀਆਂ ਨੂੰ ਸਿੱਖਿਅਤ ਬਣਾਉਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਪੜ੍ਹੇ-ਲਿਖੇ ਸਿੱਖਿਅਤ ਬੱਚੇ ਸਮਾਜ ਨੂੰ ਚੰਗੀ ਸੇਧ ਦੇ ਸਕਦੇ ਹਨ ਤੇ ਆਪਣੇ ਗੁਰੂਆਂ, ਰਹਿਬਰਾਂ, ਵਿਦਵਾਨਾਂ ਦੇ ਸੰਘਰਸ਼ ਨੂੰ ਮੰਜ਼ਲ ਤੱਕ ਪਹੁੰਚਾਉਣ ਲਈ ਪਰਿਵਰਤਨ ਲਿਆ ਸਕਦੇ ਹਨ।ਇਸ ਮੌਕੇ ਸੋਨੂੰ ਕੁਮਾਰ, ਰਵੀ ਚੌਹਾਨ, ਜਸਵਿੰਦਰ ਕੁਲਾਣਾ, ਅਵਤਾਰ ਕਟਾਰੀਆ, ਮੱਖਣ ਸਿੰਘ, ਰਾਜੇਸ਼ ਕੁਮਾਰ, ਮੋਨੂੰ ਕੁਮਾਰ, ਸੋਨੂੰ ਕਟਾਰੀਆ, ਗਗਨਦੀਪ ਕੌਰ, ਜਸਵੀਰ ਕੌਰ, ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਹਲਕਾ ਫਿਲੌਰ ਦੇ ਟਕਸਾਲੀ ਆਗੂਆ ਨੇ ਸੰਧੂ ਦੀ ਅਗਵਾਈ 'ਚ ਕੀਤੀ ਮੀਟਿੰਗ

**ਫਿਲੌਰ, ( ਨਿਰਮਲ )**-ਵਿਧਾਨ ਸਭਾ ਹਲਕਾ ਫਿਲੌਰ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਸਰਗਰਮ ਆਗੂ ਰਜਿਦਰ ਸੰਧੂ ਵਲੋਂ ਆਪਣੇ ਦਫਤਰ ਵਿਖੇ ਇਲਾਕੇ ਦੇ ਟਕਸਾਲੀ ਅਤੇ



ਪੁਰਾਣੇ ਸਾਥੀਆਂ ਨਾਲ ਸਾਂਝੇ ਤੌਰ 'ਤੇ ਇੱਕ ਭਰਵੀਂ ਮੀਟਿੰਗ ਆਉਣ ਵਾਲੀਆ ਚੋਣਾਂ ਸੰਬੰਧੀ ਕੀਤੀ ਗਈ। ਜਿਸ ਵਿੱਚ ਵਿਧਾਂਨ ਸਭਾ ਹਲਕਾ ਫਿਲੌਰ ਦੇ ਵੱਖ-ਵੱਖ ਪਿਡਾਂ ਦੇ ਆਪ ਪਾਰਟੀ ਦੇ ਆਗੂਆ ਸਮੇਤ ਦਰਜਨ ਦੇ ਕਰੀਬ ਪਿੰਡਾਂ ਦੇ ਸਰਪੰਚਾਂ, ਪੰਚਾਂ ਤੋਂ ਇਲਾਵਾ ਬਲਾਕ ਸਮਤੀ ਮੈਂਬਰਾਂ, ਲੰਬੜਦਾਰ ਤੇ ਹੋਰ ਅਹੁਦਿਆਂ ਤੇ ਕੰਮ ਕਰਨ ਵਾਲਿਆ ਨੇ ਮੀਟੰਗ ਚ ਭਾਗ ਲਿਆ। ਇਸ ਮੌਕੇ ਮਾਰਕੀਟ ਕਮੇਟੀ ਫਿਲੌਰ ਦੇ ਚੇਅਰਮੈਨ ਰੌਸ਼ਨ ਲਾਲ ਰੌਸ਼ੀ, ਤਰਲੋਕ ਸਿੰਘ ਵਿਰਕ, ਕਮਲ ਕਟਾਣੀਆ, ਰਣਵੀਰ ਕੰਦੌਲਾ, ਰਾਹੁਲ ਪੁੰਜ ਗੁਰਾਇਆ, ਸਤਨਾਮ ਸਿੰਘ ਰੁੜਕੀ, ਜੋਗਾ ਸਿੰਘ ਪਾਸਲਾ, ਰਜਿੰਦਰ ਟਾਡਾਂ ਦੁਸਾਝ ਕਲਾਂ, ਸੁੱਖਾ ਕੋਟ ਗਰੇਵਾਲ, ਹਰਚਰਨ ਲਸਾੜਾ ਅਤੇ ਧਰਮਿੰਦਰ ਨਗਰ ਨੇ ਕਿਹਾ ਕਿ ਉਹ ਆਪਣੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣਗੇ ਜਿਸ ਲਈ ਉਹਨਾਂ ਵੱਲੋਂ ਫਿਲੌਰ ਹਲਕੇ ਅੰਦਰ ਸਰਗਰਮੀਆ ਤੇਜ ਕਰਦੇ ਹੋਏ ਰਣਨੀਤੀ ਤਿਆਰ ਕੀਤੀ ਗਈ। ਜਿਸ ਤਹਿਤ ਉਹ 11 ਮੈਂਬਰੀ ਕਮੇਟੀਆ ਦਾ ਗਠਨ ਕਰਕੇ ਵੱਖ ਵੱਖ ਬਲਾਕਾਂ ਅੰਦਰ ਪ੍ਰਚਾਰ ਮੁਹਿਮ ਤੇਜ ਕਰਨਗੇ। ਇਸ ਮੌਕੇ ਮਨੋਹਰ ਸਿੰਘ ਲਸਾੜਾ, ਸਾਬਕਾ ਬਲਾਕ ਸੰਮਤੀ ਮੈਂਬਰ ਅਮਰੀਕ ਸਿੰਘ ਥਲਾ, ਪ੍ਰੇਮ ਲਾਲ ਲੰਬੜਦਾਰ, ਮਦਨ ਲਾਲ, ਬੂਟਾ ਪੰਚ ਮੁਠੱਡਾ ਲਕਾਂ, ਹੁਸਨ ਲਾਲ, ਧਰਮ ਪਾਲ, ਬਿੱਟਾ ਕੁਤਬੇਵਾਲ, ਜੀਤਾ ਛੋਕਰ, ਕੁਲਦੀਪ ਲੰਬੜਦਾਰ ਮੋਰੋਂ, ਮੁਲਖ ਰਾਜ, ਬਲਵੀਰ ਸਿੰਘ, ਦੀਪਾ ਥਲਾ, ਤਜਿੰਦਰ ਸਿੰਘ ਬੇਦੀ, ਜਸਪਤਾਲ ਜੱਸੀ ਮੁੱਠਡਾ ਕਲਾ, ਰਾਜਵਿੰਦਰ ਸਿੰਘ ਮੁਠੱਡਾ ਕਲਾਂ, ਅਗਰੇਜ ਸਿੰਘ ਅੱਟਾ, ਮਨਜੀਤ ਦੁਸਾਂਝ ਖੁਰਦ, ਢਿਲੋਂ ਮੰਡੀ, ਤੇਜਪਾਲ ਸਿੰਘ, ਡਾ.ਮਨਜੀਤ ਜੀਤੀ, ਸਰਪੰਚ ਸੋਮ ਲਾਲ ਅਨੀਹਰ, ਸਾਬਕਾ ਸਰਪੰਚ ਕੁਲਦੀਪ ਸਿੰਘ ਸਗਰੁੰਦੀ, ਬਹਾਦਰ ਕੇਲੈ, ਹਰਜਿੰਦਰ ਕੌਰ ਰੁੜਕਾ ਖੁਰਦ ਅਤੇ ਹੋਰ ਹਾਜ਼ਰ ਸਨ।

# 'ਤੂੰ ਮੇਰੀ' ਦੀ ਸ਼ੂਟਿੰਗ ਮੁਕੰਮਲ



**ਕਾਲਾ ਸੰਘਿਆਂ (ਮਨਜੀਤ ਮਾਨ)** ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦਾ ਨਵਾਂ ਨਕੋਰ ਸੋਲੋ ਗੀਤ 'ਤੂੰ ਮੇਰੀ' ਦੀ ਸ਼ੂਟਿੰਗ ਅੱਜ ਫਗਵਾੜਾ ਦੇ ਨੇੜੇ ਰਾਵਲਪਿੰਡੀ ਕੇ ਜੀ ਰਿਜ਼ੋਰਟ ਵਿੱਚ ਮੁਕੰਮਲ ਹੋਈ। ਇਸ ਗੀਤ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਲਿਖਿਆ ਜੱਗਾ ਚੌਕੀਮਾਨ ਕੈਨੇਡਾ, ਸੰਗੀਤਕਾਰ ਹੈਰੀ ਬੀ ਬਟਾਲਾ, ਵੀਡੀਓ ਡਾਇਰੈਕਟਰ ਅਸ਼ੋਕ ਖੁਰਾਣਾ, ਕੰਪੋਜ਼ਰ ਲੋਕ ਗਾਇਕ ਕੁਲਦੀਪ ਤੁਰ ਖਰੜ, ਐਕਟਰ ਅਸ਼ੋਕਪੁਰੀ ਹੁਸ਼ਿਆਰਪੁਰ, ਮਾਡਲ ਮਨਜੀਤ ਸੰਗਲ ਸੋਹਲ, ਮਿਸ ਰੂਹੀ ਬਤਰਾ ਅੰਮ੍ਰਿਤਸਰ, ਸੰਦੀਪ ਬੰਗੜ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ। 'ਤੂੰ ਮੇਰੀ' ਗੀਤ ਦੀ ਸ਼ੂਟਿੰਗ ਦੌਰਾਨ ਗੀਬਨ ਕੱਟ ਰਸਮ ਦਾ ਉਦਘਾਟਨ ਉੱਘੇ ਸਮਾਜ ਸੇਵਕ ਅਸ਼ੋਕ ਕਮਲ ਧਰਮਕੋਟ ਵਾਲੇ ਅਤੇ ਉੱਘੇ ਕਾਰੋਬਾਰੀ ਦਰਸ਼ਨ ਲਾਲ ਧਰਮਕੋਟ ਆਪਣਾ ਢਾਬਾ ਦੇ ਮਾਲਿਕ ਤੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਮੈਂਬਰ ਰਜਿੰਦਰ ਘੇੜੇ ਆਦਿ ਸ਼ਾਮਲ ਸਨ। ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ 15 ਮਈ ਨੂੰ ਉਹ ਆਪਣੇ ਜਨਮਦਿਨ ਮੌਕੇ ਇਹ ਸੱਭਿਆਚਾਰਕ ਵੀਡੀਓ ਪੰਜਾਬੀਆਂ ਸੰਗੀਤ ਪ੍ਰੇਮੀਆਂ ਨੂੰ ਤੋਹਫੇ ਵਜੋਂ ਉਹਨਾਂ ਦੀ ਝੋਲੀ ਵਿੱਚ ਪਾਵੇਗਾ ਅਤੇ ਉਹਨਾਂ ਕਿਹਾ ਕਿ ਉਮੀਦ ਕਰਦਾ ਹਾਂ ਕਿ ਇਸ ਗੀਤ 'ਤੂੰ ਮੇਰੀ' ਨੂੰ ਵੀ ਸਰੋਤਿਆਂ ਵੱਲੋਂ ਪਹਿਲੇ ਅਨੇਕਾਂ ਗੀਤਾਂ ਵਾਂਗੂ ਵੀ ਭਰਮਾ ਹੁੰਗਾਰਾ ਮਿਲੇਗਾ।

# ਅਕਾਲੀ-ਭਾਜਪਾ ਤੇ ਕਾਂਗਰਸ ਦੇ ਕਰਤਾਰਪੁਰ ਤੋਂ ਸੈਂਕੜੇ ਨੌਜਵਾਨ 'ਆਪ' 'ਚ ਸ਼ਾਮਲ

**ਕਰਤਾਰਪੁਰ (ਹਰਮੇਸ਼ ਦੱਤ )** ਲੋਕ ਸਭਾ ਚੋਣਾਂ ਵਿੱਚ 'ਆਪ' ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਾਰੀ ਹੁੰਗਾਰਾ ਮਿਲਿਆ ਜਦ ਕੈਬਨਟ ਮੰਤਰੀ ਬਲਕਾਰ ਸਿੰਘ ਦੀ ਪ੍ਰੇਰਨਾ ਸਦਕਾ ਸੈਂਕੜੇ ਨੌਜਵਾਨਾਂ ਨੇ ਜੱਸੀ ਚਾਹਲ ਦੀ ਅਗਵਾਈ ਵਿੱਚ ਕਾਂਗਰਸ ਅਕਾਲੀ ਤੇ ਭਾਜਪਾ ਦਾ ਸਾਥ ਛੱਡ ਕੇ ਆਪ ਨੂੰ ਵੱਡਾ ਹੁੰਗਾਰਾ ਦਿੱਤਾ।ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਜੁੜੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਦੂਰ ਅੰਦੇਸ਼ੀ ਸਕੀਮਾਂ ਅਤੇ ਆਪ ਦੇ ਪ੍ਰਭਾਵ ਨੂੰ ਦੇਖਦੇ ਹੋਏ ਐਡਵੋਕੇਟ ਜੱਸੀ ਚਾਲ ਅਤੇ ਜੀਤੀ ਲਹਿਰ ਵੱਲੋਂ ਆਪਣੇ ਸੈਂਕੜੇ ਸਮਰਥਕਾਂ ਸਮੇਤ 'ਆਪ' ਪਾਰਟੀ ਵਿੱਚ ਸ਼ਾਮਲ ਹੋ ਕੇ ਲੋਕ ਸਭਾ ਉਮੀਦਵਾਰ ਪਵਨ ਕੁਮਾਰ ਟੀਨੂੰ ਦੇ ਹੱਕ ਵਿੱਚ ਘਰ ਘਰ ਜਾ ਕੇ ਪ੍ਰਚਾਰ ਕਰਨ ਦਾਇਦ ਕੀਤਾ ਗਿਆ ਮੌਕੇ ਜੁੜੇ ਲੋਕਾਂ ਦੇ ਭਰਮੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਟ ਮੰਤਰੀ ਬਲਕਾਰ ਸਿੰਘ ਨੇ ਆਖਿਆ ਕਿ ਆਪ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਲਾਗੂ ਕਰਕੇ ਆਮ ਲੋਕਾਂ ਨੂੰ ਰਾਹਤ ਦਿੱਤੀ ਹੈ।ਉਹਨਾਂ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਾਨ ਨੇ ਆਮ ਆਦਮੀ ਕਲੀਨਿਕ ਮਹੱਲੇ ਦੇ ਵਿੱਚ ਖੋਲ ਕੇ ਲੋਕਾਂ ਨੂੰ ਵੱਡੀ ਸਿਹਤ ਸਹੂਲਤ ਦਿੱਤੀ ਗਈ ਹੈ ਇਸੇ ਤਰ੍ਹਾਂ ਉਹਨਾਂ ਕਿਹਾ ਪੰਜਾਬ ਦੇ 90% ਲੋਕਾਂ ਦੇ ਬਿਜਲੀ ਬਿੱਲ ਮਾਫ ਕਰਕੇ ਹਰ ਵਰਗ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੇ ਬਿਨਾਂ ਕਿਸੇ ਲਾਈਨਾਂ ਵਿੱਚ ਲਗਾਏ ਜਾਂ ਫਾਰਮ ਭਰਨ ਤੋਂ ਰਾਹਤ ਦੇ ਕੇ ਲੋਕਾਂ ਦਾ ਦਿਲ ਜਿੱਤਿਆ ਹੈ।ਉਹਨਾਂ ਕਿਹਾ ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਦੀ ਭਲਾਈ ਲਈ ਵੱਡੀਆਂ ਸਿਹਤ ਸਹੂਲਤਾਂ ਲਈ ਲਈ ਕੰਮ ਕੀਤਾ ਜਾ ਰਿਹਾ ਉਹਨਾਂ ਆਖਿਆ ਕਿ ਅੱਜ ਕਰਤਾਰਪੁਰ ਤੋਂ ਸ਼ਾਮਲ ਹੋਏ ਸੈਂਕੜੇ ਨੌਜਵਾਨਾਂ ਨਾਲ ਆਪ ਨੂੰ ਹੋਰ ਵੱਲ ਮਿਲੇਗਾ ਉਹਨਾਂ ਆਖਿਆ ਕਿ ਕਰਤਾਰਪੁਰ ਹਲਕੇ ਦੇ ਨਾਲ ਨਾਲ ਜਲੰਧਰ ਲੋਕ ਸਭਾ ਦੇ ਸਾਰੇ ਹੀ ਨੌ



ਹਲਕਿਆਂ ਵਿੱਚੋਂ ਪਾਰਟੀ ਉਮੀਦਵਾਰ ਪਵਨ ਕੁਮਾਰ ਟੀਨੂੰ ਵੱਡੀ ਲੀਡ ਲੈ ਕੇ ਜਿੱਤ ਪ੍ਰਾਪਤ ਕਰਨਗੇ।ਇਸ ਮੌਕੇ ਬੋਲਦਿਆਂ ਹੋਇਆਂ ਕੈਬੀਨਟ ਮੰਤਰੀ ਬਲਕਾਰ ਸਿੰਘ ਕਿਹਾ ਕਿ ਜੱਸੀ ਚਾਹਲ ਦੇ ਆਪਣੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਇਹਨਾਂ ਦਾ ਪਾਰਟੀ ਦਿਲੋਂ ਸਵਾਗਤ ਕਰਦੀ ਹੈ ਅਤੇ ਪਾਰਟੀ ਵਿੱਚ ਇਨਾ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਜੱਸੀ ਚਾਹਲ ਨੇ ਕੈਬਨਟ ਮੰਤਰੀ ਬਲਕਾਰ ਸਿੰਘ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਉਹ ਤਨ ਮਨ ਧਨ ਨਾਲ ਪਾਰਟੀ ਦੀ ਸੇਵਾ ਕਰਨਗੇ ਅਤੇ ਜੋ ਵੀ ਜਿੰਮੇਵਾਰੀ ਉਹਨਾਂ ਨੂੰ ਸੌਂਪੀ ਜਾਵੇਗੀ ਉਹ ਤਨ ਦੇਹੀ ਨਾਲ ਨਿਭਾਉਣਗੇ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਹੋਰ ਵੀ ਲੋਕਾਂ ਨੂੰ ਪਾਰਟੀ ਦੀਆਂਲੋਕਾਂ ਪ੍ਰਤੀ ਚੰਗੀਆਂ ਨੀਤੀਆਂ ਤੋਂ ਜਾਣੂ ਕਰਾਉਣਗੇ ਅਤੇ ਕਰਤਾਰਪੁਰ ਹਲਕੇ ਵਿੱਚੋਂ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਦਵਾਉਣਗੇ। ਇਸ ਮੌਕੇ ਆਪ ਵਿੱਚ ਸ਼ਾਮਲ ਹੋਏ ਸੈਂਕੜੇ ਨੌਜਵਾਨਾਂ ਨੂੰ ਆਪ ਦਾ ਚਿੰਨ ਦੇ ਕੇ ਕੈਬਨਟ ਮੰਤਰੀ ਬਲਕਾਰ ਸਿੰਘ ਮੈਡਮ ਹਰਪ੍ਰੀਤ ਕੌਰ ਤੇ ਹੋਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੈਬਨਟ ਮੰਤਰੀ ਬਲਕਾਰ ਸਿੰਘ, ਮੈਡਮ ਹਰਪ੍ਰੀਤ ਕੌਰ, ਗੁਰਪਾਲ ਸਿੰਘਠ ਵੀਰ ਚੰਦ ਸਰੀਲਾ, ਵਰਨ ਬਾਬਾ, ਅਮਰਜੀਤ ਕੌਰ, ਰਾਜਵਿੰਦਰ ਕੌਰ, ਸਨੀਤਾ ਰਾਣੀ, ਅਸ਼ੋਕ ਕੁਮਾਰ ਮੌਜੂਦ ਸਨ।

# ਅਨੰਦਪੁਰ ਸਾਹਿਬ ਦੇ ਵਕੀਲ ਭਾਈਚਾਰੇ ਨੇ ਕੰਗ ਦੇ ਸਮਰਥਨ ਦਾ ਕੀਤਾ ਐਲਾਨ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਬੀਤੇ ਦਿਨੀਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਤੇ ਲੋਕ ਸਭਾ ਹਲਕਾ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਚੋਣ ਮੁਹਿਮ ਤੇਜ ਕਰਦੇ ਹੋਏ ਬਾਰ ਐਸੋਸੀਏਸ਼ਨ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ ਤੇ ਸਥਾਨਿਕ ਵਕੀਲ ਭਾਈਚਾਰੇ ਨਾਲ ਮੁਲਾਕਾਤ ਕੀਤੀ।ਇਸ ਮੌਕੇ 'ਤੇ ਵਕੀਲ ਭਾਈਚਾਰੇ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬੀਤੇ ਵਰੇ ਵਕੀਲਾਂ ਵੱਲੋਂ ਉਨ੍ਹਾਂ ਕੋਲ ਮੰਗ ਰੱਖੀ ਗਈ ਸੀ ਕਿ ਬਾਰ ਰੂਮ ਦੀ ਹਾਲਤ ਖਸਤਾ ਹੋ ਚੁੱਕੀ ਹੈ ਤੇ ਇਸ ਦਾ ਨਵੀਨੀਕਰਨ ਕਰਵਾਉਣਾ ਜ਼ਰੂਰੀ ਹੈ ਤੇ ਉਨਾਂ ਵੱਲੋਂ ਮੌਕੇ ਤੇ ਹੀ 10 ਲੱਖ ਰੁਪਏ ਦੀ ਗ੍ਰਾਂਟ ਦਾ ਐਲਾਨ ਕੀਤਾ ਗਿਆ ਸੀ ਤੇ ਤੁਰੰਤ ਪ੍ਰਭਾਵ ਨਾਲ ਕੰਮ ਵੀ ਸ਼ੁਰੂ ਕਰਵਾਇਆ ਗਿਆ ਸੀ ਜੋ ਕੀ ਥੋੜੇ ਸਮੇਂ ਵਿੱਚ ਪੂਰਾ ਵੀ ਹੋ ਗਿਆ ਸੀ।ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿੱਚੋਂ ਸ਼੍ਰੀ ਅਨੰਦਪੁਰ ਸਾਹਿਬ ਦਾ ਬਾਰ ਰੂਮ ਸਭ ਤੋਂ ਸ਼ਾਨਦਾਰ ਬਾਰ ਰੂਮ ਹੈ।ਉਨ੍ਹਾਂ ਕਿਹਾ ਕਿ ਹੁਣ ਵੀ ਲੇਡੀਜ ਵਕੀਲਾਂ ਵੱਲੋਂ ਕੁੱਝ ਸਮੱਸਿਆਵਾਂ ਦੱਸੀਆਂ ਗਈਆਂ ਹਨ ਜਿਨ੍ਹਾਂ ਦਾ ਆਉਣ ਵਾਲੇ ਸਮੇਂ ਵਿੱਚ ਪਹਿਲ ਦੇ ਆਧਾਰ 'ਤੇ ਹੱਲ ਹੋਵੇਗਾ।ਉਨ੍ਹਾ ਕਿਹਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਿਛਲੇ 2 ਸਾਲਾਂ ਦੌਰਾਨ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਅਣਥੱਕ ਮਿਹਨਤ ਕੀਤੀ ਗਈ ਹੈ ਜਿਸਦਾ ਨਤੀਜਾ ਸਾਫ ਦਿਖਾਈ ਦੇ ਰਿਹਾ ਹੈ।

## ਜੇ ਤਾਏ ਦੀ ਚੱਲੀ ਤਾਂ ....

**ਸ਼ਾਹਕੋਟ(ਗਿਆਨ ਸੈਦਪੁਰੀ)** ਇਸ ਵਾਰ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਸਿਆਸੀ ਆਗੂਆਂ ਦਾ 'ਘਰ ਵਾਪਸੀ' ਜਾਂ ਇੱਕ ਤੋਂ ਦੂਜੀ ਤੇ ਫਿਰ ਤੀਜੀ ਪਾਰਟੀ ਵਿੱਚ ਜਾਣ ਦਾ ਰੁਝਾਨ ਦੇਸ਼ ਭਰ ਵਿੱਚ ਦੇਖਿਆ ਗਿਆ। ਇਸ ਰੁਝਾਨ ਵਿੱਚ ਪੰਜਾਬ ਤੇ ਖਾਸ ਕਰਕੇ ਜ਼ਿਲ੍ਹਾ ਜਲੰਧਰ ਬਾਕੀ ਦੇਸ਼ ਨੂੰ 'ਮਾਤ' ਦੇ ਗਿਆ। ਇਹ ਸਿਲਸਲਾ ਰੁਕਣ ਵਿੱਚ ਨਹੀਂ ਆ ਰਿਹਾ। 'ਜੇ ਤਾਏ ਦੀ ਧੀ ਚੱਲੀ ਤਾਂ ਮੈਂ ਕਿਉਂ ਰਹਾਂ ਕੱਲੀ' ਵਾਲੀ ਕਹਾਵਤ ਇਨ੍ਹਾਂ ਆਗੂਆ 'ਤੇ ਢੁੱਕਦੀ ਨਜ਼ਰ ਆ ਰਹੀ ਹੈ।ਇਸੇ ਸਿਲਸਲੇ ਤਹਿਤ ਜਲੰਧਰ ਜ਼ਿਲ੍ਹੇ ਦੇ ਹੀ ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ 5 ਅਤੇ 6 ਮਈ ਦੇ ਦਿਨ ਕਈ ਆਗੂ ਤੇ ਉਨ੍ਹਾਂ ਦੇ ਸਮੱਰਥਕ ਸਿਆਸੀ ਪਾਲਾ ਬਦਲ ਰਹੇ ਹਨ।5 ਨੂੰ ਇੱਕ ਆਗੂ ਆਪਣੇ ਸਮੱਰਥਕਾ ਸਮੇਤ ਝਾੜੂ ਛੱਡ ਕੇ ਕਮਲ ਦਾ ਫੁੱਲ ਫੜੇਗਾ ਤੇ ਇੱਕ ਹੋਰ ਆਗੂ ਆਪਣੇ ਦੋਸਤਾਂ ਸਮੇਤ ਤੱਕੜੀ 'ਚ ਤੁੱਲ ਜਾਏਗਾ।ਕਮਲ ਦਾ ਫੁੱਲ ਫੜਨ ਵਾਲੇ ਆਗੂ ਦਾ ਅਕਸ ਇੱਕ ਧੜੱਲੇਦਾਰ ਆਗੂ ਵਜੋਂ ਸਾਹਮਣੇ ਆਉਂਦਾ ਹੈ ਤੇ ਤੱਕੜੀ 'ਚ ਤੁੱਲਣ ਵਾਲਾ ਆਗੂ ਸਿਆਸਤ ਵਿੱਚ ਸ਼ਰਾਫ਼ਤ ਦੀ ਸੂਰਤ ਵਜੋਂ ਜਾਣਿਆ ਜਾਂਦਾ ਹੈ।ਅਕਾਲੀ ਦਲ ਦਾ ਕੋਈ ਆਲ੍ਹਾ ਆਗੂ ਇਸ ਆਗੂ ਦੀ ਰਹਾਇਸ਼ 'ਤੇ ਜਾ ਕੇ ਟੁੱਟੀ ਗੰਢੇਗਾ।ਭਾਜਪਾ 'ਚ ਜਾਣ ਵਾਲਾ ਆਗੂ ਕਮਲ ਦਾ ਫੁੱਲ ਲੈਣ ਲਈ ਸ਼ਾਇਦ ਚੰਡੀਗੜ੍ਹ ਜਾਏਗਾ।

# ਲਾਇਨ ਰਾਜਵਿੰਦਰ ਸਿੰਘ ਸੋਢੀ ਬਣੇ ਪ੍ਰਧਾਨ





**ਸ਼੍ਰੀ ਅਨੰਦਪੁਰ ਸਾਹਿਬ,(ਅਰਵਿੰਦਰ ਸਿੰਘ ਬਿੰਦੀ)** ਲਾਈਨਜ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਮੀਟਿੰਗ ਲਈਨ ਸੰਜੇ ਮਹਾਜਨ ਦੀ ਪ੍ਰਧਾਨਗੀ ਹੇਠ ਹੋਈ। ਜਿਸ 'ਚ ਵੱਡੀ ਗਿਣਤੀ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜ਼ਰ ਹੋਏ। ਇਸ ਮੌਕੇ ਕਾਰਵਾਈ ਸ਼ੁਰੂ ਕਰਦਿਆਂ ਸਕੱਤਰ ਲਾਈਨ ਕਮਲਜੀਤ ਵਰਮਾ ਨੇ ਪਿਛਲੇ ਸਾਲ ਦੀ ਰਿਪੋਰਟ ਪੇਸ਼ ਕੀਤੀ।ਇਸ ਮੌਕੇ 2024-25 ਲਈ ਅਹੁਦੇਦਾਰਾਂ ਦੀ ਚੋਣ ਲਈ ਲਾਈਨ ਕੁਲਦੀਪ ਸਿੰਘ ਭੱਠੇਵਾਲੇ, ਇੰਦਰਜੀਤ ਸਿੰਘ ਅਰੋੜਾ ਅਤੇ ਸੁਖਵਿੰਦਰ ਸਿੰਘ ਬਿੱਟੂ ਨੂੰ ਚੋਣ ਕਮਿਸ਼ਨਰ ਨਿਯੁਕਤ ਗਿਆ।ਇਸ ਮੌਕੇ ਰਾਜਵਿੰਦਰ ਸਿੰਘ ਸੋਢੀ ਨੂੰ ਪ੍ਰਧਾਨ, ਲਾਈਨ ਸੰਜੇ ਮਹਾਜਨ ਨੂੰ ਸਕੱਤਰ ਚੁਣਿਆ ਗਿਆ।ਉਪਰੰਤ ਲਾਈਨ ਸੁਖਵਿੰਦਰ ਸਿੰਘ ਕੈਸ਼ੀਅਰ ਅਤੇ ਲਾਈਨ ਇੰਦਰਜੀਤ ਸਿੰਘ ਅਰੋੜਾ ਨੂੰ ਪੀ ਆਰ ਓ ਨਿਯੁਕਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਲਾਈਨ ਰਾਜਵਿੰਦਰ ਸਿੰਘ ਸੋਢੀ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਮਕਸਦ ਲਈ ਸੰਗਠਨ ਬਣਾਇਆ ਗਿਆ ਸੀ ਉਸ ਨੂੰ ਹੋਰ ਅੱਗੇ ਲਿਜਾਉਣ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਲਾਈਨ ਪ੍ਰੋ: ਹਰਦੀਪ ਸਿੰਘ, ਕੁਲਦੀਪ ਸਿੰਘ ਭੱਠੇਵਾਲੇ, ਦਵਿੰਦਰ ਕੌਸ਼ਲ, ਵਿਜੈ ਕੁਮਾਰ ਸੋਢੀ, ਤਜਿੰਦਰ ਸਿੰਘ ਚੰਨ, ਅਰਸ਼ਵਿੰਦਰ ਸਿੰਘ ਛਬਲੀ, ਕਮਲਜੀਤ ਵਰਮਾ, ਪ੍ਰਿਤਪਾਲ ਸਿੰਘ ਫੁੱਲ, ਅਵਤਾਰ ਸਿੰਘ, ਹਰਚਰਨ ਸਿੰਘ ਬੇਦੀ, ਮਨਿੰਦਰਪਾਲ ਸਿੰਘ ਮਨੀ, ਮਹੇਸ਼ ਕੁਮਾਰ, ਅਮਰਿੰਦਰ ਸਿੰਘ ਚੀਮਾ, ਹਰਸਿਮਰਤ ਸਿੰਘ ਸੈਫ਼ੀ, ਰਾਜਨ ਗਾਬਾ, ਜਸਵਿੰਦਰ ਸਿੰਘ ਸੋਨੂੰ ਅਰੋੜਾ, ਜਪਨਜੋਤ ਸਿੰਘ, ਆਦਿਕ ਤੋਂ ਇਲਾਵਾ ਵੱਡੀ ਗਿਣਤੀ 'ਚ ਲਾਈਨਜ਼ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਬਜ਼ੁਰਗਾਂ ਦੇ ਅਧਿਕਾਰਾਂ ਬਾਰੇ ਸੈਮੀਨਾਰ

**ਫਗਵਾੜਾ (ਡਾ. ਰਮਨ)**-ਅੱਜ ਸੀਨੀਅਰ ਸਿਟੀਜ਼ਨ ਕੌਂਸਲ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਨਿਰਵੈਰ ਸਿੰਘ ਨੱਢਾ ਦੀ ਦੇਖ ਰੇਖ ਵਿੱਚ ਕੋਰਟ ਕੰਪਲੈਕਸ ਵਿੱਚ ਹੋਈ।ਜਿਸ ਵਿੱਚ ਐਡਵੋਕੇਟ ਕਰਨਜੋਤ ਸਿੰਘ ਝਿੱਕਾ ਪ੍ਰਧਾਨ ਬਾਰ ਕੌਂਸਲ ਫਗਵਾੜਾ ਅਤੇ ਸੀਨੀਅਰ ਵਕੀਲ ਤੇ ਸਾਬਕਾ ਪ੍ਰਧਾਨ ਬਾਰ ਕੌਂਸਲ ਹਿਮਾਂਸ਼ੂ ਪ੍ਰਾਸ਼ਰ ਨੇ ਸ਼ਿਰਕਤ ਕੀਤੀ।ਸਮਾਗਮ ਦੇ ਸ਼ੁਰੂਆਤ ਵਿੱਚ ਟੀ.ਡੀ. ਚਾਵਲਾ ਕੌਂਸਲ ਦੇ ਸਰਪ੍ਰਸਤ ਨੇ ਵਕੀਲ ਸਾਹਿਬਾਨਾਂ ਸੀਨੀਅਰ ਸਿਟੀਜ਼ਨਾਂ ਬਾਰੇ ਕੁਝ ਜਾਣਕਾਰੀਆਂ ਦੀ ਬੇਨਤੀ ਕੀਤੀ।ਉਹਨਾਂ ਦੀ ਬੇਨਤੀ 'ਤੇ ਐਡਵੋਕੇਟ ਹਿਮਾਂਸ਼ੂ ਪ੍ਰਾਸ਼ਰ ਅਤੇ ਐਡਵੋਕੇਟ ਕਰਨਜੋਤ ਸਿੰਘ ਝਿੱਕਾ ਨੇ ਵਸੀਅਤ, ਪਾਵਰ ਆਫ ਅਟਾਰਨੀ, ਮਜ਼ਦੂਰ ਦਿਵਸ ਅਤੇ ਜਾਇਦਾਦ ਸਬੰਧੀ ਪੁਖਤਾ ਜਾਣਕਾਰੀ ਦਿਤੀ।ਇਸ ਮੀਟਿੰਗ ਨੂੰ ਰਵਿੰਦਰ ਚੋਟ, ਪਿੰਸੀਪਲ ਇੰਦਰਜੀਤ ਸਿੰਘ ਵਾਸੂ, ਕਰਮਜੀਤ ਸਿੰਘ ਸੰਧੂ, ਟਾਰਾ ਚੰਦ ਚੁੰਬਰ, ਸੁਖਦੇਵ ਸਿੰਘ ਗੰਢਮ ਨੇ ਵੀ ਸੰਬੋਧਨ ਕੀਤਾ।ਉਪਰੰਤ ਮਨਮੰਦਰ ਸਿੰਘ ਛੱਟਵਾਲ, ਰਮੇਸ਼ ਧੀਮਾਨ, ਹਕੂਮਤ ਰਾਏ, ਅਵਤਾਰ ਕੈਲੇ ਅਤੇ ਬਰਿਜ ਮੋਹਨ ਪੁਰੀ ਆਦਿ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ।ਅੱਜ ਦੇ ਸਮਾਗਮ ਵਿੱਚ ਹਾਜ਼ਰ ਮੈਂਬਰਾਂ ਲਈ ਸਾਬਕਾ ਪ੍ਰਧਾਨ ਰਕੇਸ਼ ਗੌੜ ਵਲੋਂ ਆਪਣੇ ਲੜਕੇ ਦੀ ਸ਼ਾਦੀ ਦੀ ਖੁਸ਼ੀ ਵਿੱਚ ਪਾਰਟੀ ਦਿੱਤੀ ਗਈ।ਅੰਤ ਵਿੱਚ ਪ੍ਰਧਾਨ ਨਿਰਵੈਰ ਸਿੰਘ ਨੱਢਾ ਨੇ ਸਭ ਦਾ ਧੰਨਵਾਦ ਕੀਤਾ। ਹੋਰਾਂ ਤੋਂ ਇਲਾਵਾ ਬ੍ਰਹਮ ਦੱਤ, ਗੁਰਦੀਪ ਸਿੰਘ ਵਧਵਾ, ਵਿਪਨ ਜੈਨ, ਰਵਿੰਦਰ ਪਨੇਸਰ, ਕੇ.ਜੀ.ਚੋਪੜਾ, ਰਜਿੰਦਰ ਸਾਹਨੀ ਆਦਿ ਬਹੁਤ ਸਾਰੇ ਮੈਂਬਰ ਹਾਜ਼ਰ ਸਨ।

## ਸਵੀਪ ਤਹਿਤ ਕਵਿਤਾ ਉਚਾਰਨ ਗਤੀਵਿਧੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਵਿਖੇ ਪ੍ਰਿੰਸੀਪਲ ਰਵਿੰਦਰ ਕੌਰ ਦੀ ਯੋਗ ਅਗਵਾਈ ਹੇਠ ਰੇਲਵੇ ਮੰਡੀ ਸਕੂਲ ਹੁਸ਼ਿਆਰਪੁਰ ਵਿਖੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਜ਼ਿਲ੍ਹਾ ਚੋਣ ਅਫ਼ਸਰ ਹੁਸ਼ਿਆਰਪੁਰ, ਡਾਕਟਰ ਗੁਰਿੰਦਰਜੀਤ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ, ਸ਼ੈਲੇਂਦਰ ਠਾਕੁਰ ਜ਼ਿਲ੍ਹਾ ਸਵੀਪ ਨੋਡਲ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੀਪ ਤਹਿਤ ਕਵਿਤਾ ਉਚਾਰਨ ਗਤੀਵਿਧੀ ਕਰਵਾਈ ਗਈ।ਇਸ ਵਿੱਚ ਈ.ਐਲ.ਸੀ ਕਲੱਬ ਦੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਸ਼ਾਮਲ ਸਨ। ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੌਰ ਨੇ ਵੋਟਾਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਨੇ ਬਾਲਗ ਮਤ ਅਧਿਕਾਰ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ 18 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਹਮੇਸ਼ਾ ਪਾਉਂਦੇ ਰਹਿਣਾ ਚਾਹੀਦਾ ਹੈ ਅਤੇ ਸਵੀਪ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਗਈ। ਇਹ ਗਤੀਵਿਧੀ ਸਕੂਲ ਦੇ ਸਵੀਪ ਇੰਚਾਰਜ ਪਲਵਿੰਦਰ ਕੌਰ ਦੀ ਹਾਜ਼ਰੀ ਵਿੱਚ ਕਰਵਾਈ ਗਈ। ਪਲਵਿੰਦਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਉਨਾਂ ਵੋਟ ਦੀ ਮਹੱਤਤਾ ਸਮਝਾਉਂਦੇ ਹੋਏ ਸਭ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ।

## 'ਆਪ' ਨੇ ਚੇਚੀ ਨੂੰ ਚੋਣ ਪ੍ਰਚਾਰ ਕਮੇਟੀ ਮੈਂਬਰ ਕੀਤਾ ਨਿਯੁਕਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਆਮ ਆਦਮੀ ਪਾਰਟੀ ਪੰਜਾਬ ਇਕਾਈ ਨੇ ਲੋਕ ਸਭਾ ਚੋਣ ਪ੍ਰਚਾਰ ਕਮੇਟੀ ਦੇ ਮੈਂਬਰਾਂ ਦਾ ਐਲਾਨ ਕਰਦਿਆਂ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਨੂੰ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ।ਇਸ ਤੋਂ ਪਹਿਲਾਂ ਸਤਨਾਮ ਜਲਾਲਪੁਰ ਛੱਤੀਸਗੜ੍ਹ ਵਿੱਚ ਸੇਵਾ ਨਿਭਾਅ ਚੁੱਕੇ ਹਨ ਅਤੇ ਹਰਿਆਣਾ ਵਿੱਚ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ।ਉਨ੍ਹਾਂ ਦੀ ਪਾਰਟੀ ਪ੍ਰਤੀ ਲਗਨ, ਵਫ਼ਾਦਾਰੀ ਅਤੇ ਸਖ਼ਤ ਮਿਹਨਤ ਸਦਕਾ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਉੱਚ ਲੀਡਰਸ਼ਿਪ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਅਤੇ ਤਨਦੇਹੀ ਨਾਲ ਨਿਭਾਉਣਗੇ।

# ਨਾਜਾਇਜ਼ ਖਣਨ : ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ

## ਪ੍ਰਸ਼ਾਸਨ ਹਰਕਤ 'ਚ ਆਇਆ, ਜੇ ਸੀ ਬੀ ਤੇ ਟਿੱਪਰ ਲਿਆ ਕਬਜ਼ੇ 'ਚ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੋਸ਼ਲ ਮੀਡੀਆ 'ਤੇ ਪਿੰਡ ਸੁਖਚੈਨਪੁਰ ਸਥਿਤ ਸਟੋਨ ਕਰੱਸ਼ਰ ਵੱਲੋਂ ਕੀਤੇ ਜਾ ਰਹੇ ਕਥਿਤ ਖਣਨ ਦੀ ਵੀਡੀਓ ਵਾਇਰਲ ਹੋਣ 'ਤੇ ਪ੍ਰਸ਼ਾਸਨ ਨੇ ਸਟੋਨ ਕਰੱਸ਼ਰ ਮਾਲਕ ਖਿਲਾਫ਼ ਮਾਮਲਾ ਦਰਜ ਕੀਤਾ ਹੈ।ਡੀ ਐਸ ਪੀ ਦਸੂਹਾ ਜਗਦੀਸ਼ ਰਾਜ ਅੱਤਰੀ ਅਤੇ ਥਾਣਾ ਤਲਵਾੜਾ ਮੁਖੀ ਹਰਜਿੰਦਰ ਸਿੰਘ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਨੀਮ ਪਹਾੜੀ ਪਿੰਡ ਸੁਖਚੈਨਪੁਰ 'ਚ ਮਾਈਨਿੰਗ ਕੀਤੇ ਜਾਣ ਦੀ ਵੀਡੀਓ ਵਾਇਰਲ ਹੋਣ 'ਤੇ ਮਾਈਨਿੰਗ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਤੁਰੰਤ ਹਰਕਤ 'ਚ ਆਇਆ।ਏ ਐਸ ਆਈ ਨਰੇਸ਼ ਕੁਮਾਰ ਦੀ ਅਗਵਾਈ 'ਚ ਪੁਲੀਸ ਪਾਰਟੀ ਅਤੇ ਮਾਈਨਿੰਗ ਅਫ਼ਸਰ ਨਿਤੀਸ਼ ਕੁਮਾਰ ਨੇ ਉਕਤ ਕਰੱਸ਼ਰ ਦਾ ਦੌਰਾ ਕੀਤਾ।ਇੱਕ ਜੇ ਸੀ ਬੀ ਅਤੇ ਟਿੱਪਰ ਨੂੰ ਪਹਾੜੀ ਪੁੱਟਦਿਆਂ ਪਾਇਆ ਗਿਆ।ਪੁਲਸ ਪਾਰਟੀ ਨੇ ਮਾਈਨਿੰਗ ਅਫ਼ਸਰ ਨਿਤੀਸ਼ ਕੁਮਾਰ ਦੇ ਬਿਆਨਾਂ 'ਤੇ ਉਕਤ ਵਾਹਨਾਂ ਨੂੰ ਕਬਜ਼ੇ 'ਚ ਲੈ ਕੇ ਕਰੱਸ਼ਰ ਮਾਲਕ ਖ਼ਿਲਾਫ਼ ਮਾਈਨਰ ਮਿਨਰਲ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਡੀਐਸਪੀ ਦਸੂਹਾ ਜਗਦੀਸ਼ ਰਾਜ ਅੱਤਰੀ ਨੇ ਕਿਹਾ ਕਿ ਜ਼ਿਲ੍ਹਾ ਮੁਖੀ ਸੁਰਿੰਦਰ ਲਾਂਬਾ ਨੇ ਨਾਜਾਇਜ਼ ਖਣਨ 'ਤੇ ਜ਼ੀਰੋ ਟਾਲਰੈਂਸ ਦੇ ਨਿਰਦੇਸ਼ ਜ਼ਾਰੀ ਕੀਤੇ ਹਨ।ਉਧਰ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਆਗੂਆਂ ਨੇ ਪ੍ਰਸ਼ਾਸਨ ਦੀ ਕਾਰਵਾਈ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਮਨੋਜ ਧੀਮਾਨ, ਅਸ਼ੋਕ ਜਲੇਰੀਆ, ਬਲਾਕ ਸੰਮਤੀ ਮੈਂਬਰ ਨਰੇਸ਼ ਕੁਮਾਰ 'ਨੀਤੂ', ਰਾਕੇਸ਼ ਸ਼ਰਮਾ ਆਦਿ ਨੇ ਪਹਾੜਾਂ ਦੀ ਕੀਤੀ ਜਾ ਰਹੀ ਪੁਟਾਈ ਅਤੇ ਸਵਾਂ ਦਰਿਆ ਦੀ ਖੁਦਾਈ ਤੁਰੰਤ ਬੰਦ ਕਰਵਾਉਣ ਅਤੇ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਇੰਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ 'ਚ ਸਟੂਡੈਂਟ ਕੌਂਸਲ ਨੇ ਸਹੁੰ ਚੁੱਕੀ



**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਨੇ ਸੈਸ਼ਨ 2024-25 ਲਈ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ। ਚਾਰ ਗੇੜਾਂ ਤੋਂ ਬਾਅਦ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ। ਅਭਿਨਵ ਸੁਖੀਜਾ ਹੈੱਡ ਬੁਆਏ ਅਤੇ ਗੁਰਮੰਨਤ ਹੈੱਡ ਗਰਲ, ਲਵਿਸ਼ ਰਾਏ, ਵਾਈਸ-ਹੈੱਡ ਬੁਆਏ, ਨੰਦੀਕਾ ਵਾਈਸ-ਹੈੱਡ ਗਰਲ, ਸੈਕਰਟਰੀ, ਦੀਆ ਖੰਨਾ, ਜੁਆਇੰਟ ਸੈਕਟਰੀ, ਸਾਚੀ ਟਰੈਜਰਰ, ਅਗਮ ਜੁਆਇੰਟ ਟਰੈਜਰਰ, ਦਿਸ਼ਾ ਜੈਨਲਿਟਰੇਰੀ ਕਪਤਾਨ, ਦੇਵਾਂਸ਼ੀ ਵਾਈਸ ਲਿਟਰੇਰੀ ਕਪਤਾਨ, ਜੀਆ, ਸਪੋਰਟਸ ਕੈਪਟਨ, ਅਰਸ਼ਿਤ ਵਾਈਸ ਸਪੋਰਟਸ ਕਪਤਾਨ ਰਣਵੀਰ, ਅਤੇ ਅਰਸ਼ੀਆ (ਗ੍ਰੇਡ ✓)। ਚਾਰੇ ਸਦਨਾਂ ਦੇ ਚੁਣੇ ਗਏ ਕੈਪਟਨ ਹਨ-ਅਰਸ਼ੀਆ (ਨਹਿਰੂ), ਗੁਰਕਰਨ (ਟੈਰੇਸਾ), ਏਕਮਪ੍ਰੀਤ (ਟੈਗੋਰ), ਓਜਸਿਆ (ਸਰੋਜਨੀ)। ਡਿਸਿਪਲਿਨ ਸਕੁਐਡ ਦਾ ਮੁਖੀ ਦਾਨਿਸ਼ ਹੈ। ਚੁਣੇ ਗਏ ਵਿਦਿਆਰਥੀਆਂ ਨੂੰ ਸ਼ੈਸ਼ੇ ਅਤੇ ਬੈਜ ਦੇ ਕੇ ਸਨਮਾਨਤ ਕੀਤਾ ਗਿਆ। ਉਪਰੰਤ ਸਟੂਡੈਂਟ ਕੌਂਸਲ ਦੇ ਮੈਂਬਰਾਂ ਨੇ ਸਹੁੰ ਚੁੱਕੀ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਸਕੂਲ ਦੇ ਪ੍ਰਿੰਸੀਪਲਾਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂੰ ਕਰਵਾਇਆ ਅਤੇ ਉਨ੍ਹਾਂ ਨੂੰ ਹੋਰ ਵਿਦਿਆਰਥੀਆਂ ਲਈ ਰੋਲ ਮਾਡਲ ਬਣਨ ਲਈ ਕਿਹਾ।ਡਾ. ਅਨੂਪ ਬੌਰੀ, ਇੰਨੋਸੈਂਟ ਹਾਰਟਸ ਦੇ ਚੇਅਰਮੈਨ ਨੇ ਸਟੂਡੈਂਟ ਕੌਂਸਲ ਦੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਦੀ ਪਾਲਣਾ ਕਰਦੇ ਹੋਏ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ । ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰਲ ਅਫੇਅਰਜ਼) ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ।

## ਸਤਨਾਮ ਸਿੰਘ ਡੱਬ ਨੇ ਸਰਕਾਰੀ ਐਲੀਮੈਂਟਰੀ ਸਕੂਲ ਆਲਮਗੀਰ 'ਚ ਸਟੇਸ਼ਨਰੀ ਵੰਡੀ



**ਕਾਲਾ ਸੰਘਿਆਂ (ਮਨਜੀਤ ਮਾਨ)** ਸਥਾਨਕ ਕਸਬਾ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦੇ ਐਨ ਆਰ ਆਈਜ਼ ਇੰਗਲੈਂਡ ਨਿਵਾਸੀ ਸਤਨਾਮ ਡੱਬ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਆਲਮਗੀਰ ਕਾਲਾ ਸੰਘਿਆਂ ਵਿਖੇ ਸਕੂਲ ਦੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਾਰਾ ਸਮਾਨ ਵੰਡਿਆ ਗਿਆ। ਇਸ ਮੌਕੇ ਸਕੂਲ ਇੰਚਾਰਜ ਮੈਡਮ ਰਚਨਾ ਤੇ ਹੋਰ ਸਮੂਹ ਸਕੂਲ ਸਟਾਫ਼ ਹਾਜ਼ਰ ਸਨ। ਇਸ ਮੌਕੇ ਸਕੂਲ ਸਕੂਲ ਇੰਚਾਰਜ ਮੈਡਮ ਸ਼੍ਰੀਮਤੀ ਰਚਨਾ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਵੱਲੋਂ ਸਕੂਲ ਤੇ ਬੱਚਿਆਂ ਨੂੰ ਸਮੇਂ ਸਮੇਂ 'ਤੇ ਸਹਾਇਤਾ ਦਿੱਤੀ ਜਾਂਦੀ ਹੈ।

## ਬ੍ਰਾਹਮਣ ਸਮਾਜ ਨੂੰ ਦੋ ਲੋਕ ਸਭਾ ਹਲਕਿਆਂ 'ਚ ਨੁਮਾਇੰਦਗੀ ਦੇਣਾ ਸ਼ਲਾਘਾਯੋਗ : ਸ਼ਰਮਾ, ਪ੍ਰਭਾਕਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਬ੍ਰਾਹਮਣ ਮੰਡਲ (ਰਜਿ.) ਫਗਵਾੜਾ ਦੀ ਇਕ ਮੀਟਿੰਗ ਮੰਡਲ ਪ੍ਰਧਾਨ ਯੋਗੇਸ਼ ਪ੍ਰਭਾਕਰ ਦੀ ਪ੍ਰਧਾਨਗੀ ਹੇਠ ਬੰਗਾ ਰੋਡ ਫਗਵਾੜਾ ਵਿਖੇ ਹੋਈ। ਜਿਸ ਵਿਚ ਬ੍ਰਾਹਮਣ ਮੰਡਲ ਦੇ ਸਰਪ੍ਰਸਤ ਗਿਰੀਸ਼ ਸ਼ਰਮਾ, ਤੇਜਸਵੀ ਭਾਰਦਵਾਜ ਤੋਂ ਇਲਾਵਾ ਰਾਜੀਵ ਸ਼ਰਮਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਲੋਕਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਪੰਜਾਬ ਦੀਆਂ ਦੋ ਪ੍ਰਮੁੱਖ ਸੀਟਾਂ ਪਟਿਆਲਾ ਅਤੇ ਅੰਮ੍ਰਿਤਸਰ ਤੋਂ ਬ੍ਰਾਹਮਣ ਸਮਾਜ ਨੂੰ ਬਤੌਰ ਉਮੀਦਵਾਰ ਨੁਮਾਇੰਦਗੀ ਦੇਣ ਦੀ ਸ਼ਲਾਘਾ ਕੀਤੀ ਗਈ। ਗਿਰੀਸ਼ ਸ਼ਰਮਾ ਅਤੇ ਯੋਗੇਸ਼ ਪ੍ਰਭਾਕਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਕ ਪੰਥਕ ਜਥੇਬੰਦੀ ਹੋਣ ਦੇ ਬਾਵਜੂਦ ਪਟਿਆਲਾ ਤੋਂ ਐਨ ਕੇ ਸ਼ਰਮਾ ਅਤੇ ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਨੂੰ ਉਮੀਦਵਾਰ ਬਣਾਇਆ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਉਹਨਾਂ ਜਿੱਥੇ ਸ੍ਰ.ਅ.ਦ. ਦੇ ਕੌਮੀ ਪ੍ਰਧਾਨ ਸੁਖਬੀਰ ਬਾਦਲ ਦਾ ਧੰਨਵਾਦ ਕੀਤਾ। ਇਸ ਮੌਕੇ ਜਗਮੋਹਨ ਪ੍ਰਭਾਕਰ, ਸ਼ੁਭ ਸ਼ਰਮਾ, ਸੰਜੀਵ ਸ਼ਰਮਾ, ਅਨਿਲ ਭਾਰਦਵਾਜ, ਰਾਜਕੁਮਾਰ ਸ਼ਰਮਾ ਆਦਿ ਹਾਜ਼ਰ ਸਨ।



# ਪੰਜਾਬ ਚੋਣਾਂ 'ਚ ਆਨੰਦਪੁਰ ਸਾਹਿਬ ਹਲਕੇ ਦੀ ਬਹੁਤ ਮਹੱਤਤਾ



**ਮੋਹਾਲੀ,(ਗੁਰਜੀਤ ਬਿੱਲਾ)** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਕਾਂਗਰਸ ਪਾਰਟੀ ਤੋਂ ਚੋਣ ਲੜਨ ਜਾ ਰਹੇ ਵਿਜੇਇੰਦਰ ਸਿੰਗਲਾ ਲਈ ਮਹੱਤਵਪੂਰਨ ਦਿਨ ਰਿਹਾ ਕਿਉਂਕਿ ਕਾਂਗਰਸ ਪਾਰਟੀ ਦੇ ਆਗੂਆਂ ਦੇ ਨਾਲ-ਨਾਲ ਹਜ਼ਾਰਾਂ ਸਮਰਥਕ ਉਨ੍ਹਾਂ ਦੀ ਲੋਕ ਸਭਾ ਚੋਣਾਂ ਲਈ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਇਕੱਠੇ ਹੋਏ। ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਅਗਵਾਈ 'ਚ ਕਾਫਲੇ ਨੇ ਸ੍ਰੀ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਮੰਦਰ ਦੇ 'ਤੇ ਮੱਥਾ ਟੇਕਿਆ ਅਤੇ ਅਸ਼ੀਰਵਾਦ ਲਿਆ।ਇਸ ਮੌਕੇ ਬੋਲਦਿਆਂ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਚੋਣਾਂ ਵਿੱਚ ਆਨੰਦਪੁਰ ਸਾਹਿਬ ਹਲਕੇ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ ਆਨੰਦਪੁਰ ਸਾਹਿਬ ਸਮੇਤ ਸਾਰੇ 13 ਹਲਕਿਆਂ 'ਚ ਕਾਂਗਰਸ ਪਾਰਟੀ ਦੀ ਜਿੱਤ ਲਈ ਆਪਣੇ ਵਿਸ਼ਵਾਸ ਨੂੰ ਦੁਹਰਾਇਆ। ਉਨ੍ਹਾਂ ਨੇ ਉਦਘਾਟਨੀ ਮੁਹਿੰਮ ਦੌਰਾਨ ਮਿਲੇ ਭਰਵੇਂ ਹੁੰਗਾਰੇ ਨੂੰ ਵੇਖਦੇ ਹੋਏ ਵਿਜੇ ਇੰਦਰ ਸਿੰਗਲਾ ਦੀ ਸ਼ਾਨਦਾਰ ਜਿੱਤ ਦੀ ਭਵਿੱਖਬਾਣੀ ਕੀਤੀ।ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਹਲਕੇ ਦੇ ਕਾਂਗਰਸੀ ਵਰਕਰਾਂ ਦੀ ਵਿਸ਼ਾਲ ਰੈਲੀ ਕੀਤੀ ਅਤੇ ਉਹਨਾਂ ਨੂੰ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇ ਇੰਦਰ ਸਿੰਘਲਾ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਦੁੱਗਣਾ ਕਰਨ ਦੀ ਅਪੀਲ ਕੀਤੀ।

# ਸ਼ੂਗਰ ਰੋਗ ਤੋਂ ਬਚਾਓ ਲਈ ਲਗਾਇਆ ਯੋਗ ਕੈਂਪ

**ਰੂਪਨਗਰ, (ਰਜਿੰਦਰ ਸੈਣੀ)** ਭਾਰਤੀਯ ਯੋਗ ਸੰਥਾਨ (ਰਜਿ.) ਦੀ ਜ਼ਿਲ੍ਹਾ ਇਕਾਈ ਵਲੋਂ ਯੋਗ ਰਾਹੀ ਸ਼ੂਗਰ ਰੋਗ ਤੋਂ ਬਚਾਓ ਲਈ ਜਾਗਰੂਕ ਕਰਨ ਬਾਰੇ ਸੈਣੀ ਭਵਨ ਰੂਪਨਗਰ ਵਿਖੇ 4 ਦਿਨਾਂ ਦਾ ਵਿਸ਼ੇਸ਼ ਯੋਗ ਕੈਂਪ ਲਗਾਇਆ।

ਇਸ ਕੈਂਪ ਵਿੱਚ ਸੈਣੀ ਭਵਨ ਵਿਖੇ ਵੱਖ ਵੱਖ ਕੋਰਸ ਕਰ ਰਹੀਆ ਸਿੱਖਿਆਰਥਣਾ ਨੇ ਭਾਗ ਲਿਆ। ਕੈਂਪ ਦੌਰਾਨ ਸਿੱਖਿਅਰਥਣਾ ਨੂੰ ਸੰਸਥਾਨ ਦੀ ਜ਼ਿਲ੍ਹਾ ਇਕਾਈ ਦੀ ਪ੍ਰਧਾਨ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਸੰਥਾਨ ਦੇ ਅਹੁਦੇਦਾਰਾ ਰਾਜਿੰਦਰ ਸੈਣੀ, ਆਸਿਮਾ ਅਗਰਵਾਲ, ਮੀਨਲ ਵਾਸੂਦੇਵਾ, ਮੋਨੀਕਾ ਵਾਸੂਦੇਵਾ, ਅਮੀਸਾ ਵਾਸੂਦੇਵਾ, ਕੇ. ਐਲ. ਕਪੂਰ, ਜਗਦੇਵ ਸਿੰਘ, ਹੰਸਰਾਜ ਵਲੋਂ ਸ਼ੂਗਰ ਰੋਗ ਤੋਂ ਬਚਾਓ ਲਈ ਖਾਸ ਆਸਣਾ, ਪ੍ਰਾਣਾਯਾਮ ਅਤੇ ਧਿਆਨ ਦਾ ਅਭਿਆਸ ਕਰਵਾਇਆ ਗਿਆ। ਕੈਂਪ ਵਿੱਚ ਰੇਣੂ ਬਾਲਾ, ਵੀਨਾ ਰਵੀ ਨੇ ਵੀ ਭਾਗ ਲਿਆ। ਸਮਾਪਤੀ ਤੇ ਸੈਣੀ ਭਵਨ ਦੇ ਪ੍ਰਬੰਧਕਾਂ ਡਾ. ਜਸਵੰਤ ਕੌਰ ਸੈਣੀ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਨਨੂਆ, ਦਲਜੀਤ ਸਿੰਘ ਵੀ ਹਾਜ਼ਰ ਹੋਏ। ਸਮਾਪਤੀ ਮੌਕੇ ਡਾ. ਜਸਵੰਤ ਕੌਰ ਸੈਣੀ ਨੇ ਭਾਰਤੀ ਯੋਗ ਸੰਸਥਾਨ ਵਲੋਂ ਨੌਜਵਾਨ ਸਿੱਖਿਅਰਥਣਾ ਨੂੰ ਵਧਿਆ ਜੀਵਨ ਸ਼ੈਲੀ ਜਿਉਣ ਦਾ ਰਾਹ ਵਿਖਾਉਣ ਲਈ ਧੰਨਵਾਦ ਕੀਤਾ। ਅਗਲਾ ਕੈਂਪ ਭਰਤਗੜ੍ਹ ਵਿਖੇ 6 ਮਈ ਤੋਂ ਲਗਾਇਆ ਜਾ ਰਿਹਾ ਹੈ।



## ਵਿਸ਼ਵ ਲੇਬਰ ਦਿਵਸ ਮਨਾਇਆ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਵਿਸ਼ਵ ਲੇਬਰ ਦਿਵਸ ਮਨਾਇਆ ਗਿਆ। ਜਿਸ ਨੂੰ ਮਨਾਉਂਦੇ ਹੋਏ ਸਪੈਸਲ ਅਸੈਂਬਲੀ ਲਗਾਈ ਗਈ। ਸਵੇਰ ਦੀ ਪ੍ਰਾਰਥਨਾ ਸਭਾ ਤੋਂ ਬਾਅਦ ਬੱਚਿਆਂ ਵੱਲੋਂ ਮਜਦੂਰ ਦਿਵਸ ਦੇ ਸੰਬੰਧ ਦੇ ਵਿੱਚ ਕਵਿਤਾ ਉਚਾਰਨ ਕਰਕੇ ਮਜਦੂਰਾਂ ਦਾ ਸਨਮਾਨ ਕੀਤਾ ਇਸ ਤੋਂ ਉਪਰੰਤ ਬੱਚਿਆਂ ਦੇ ਫੈਸੀ ਡਰੈੱਸ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੱਚਿਆਂ ਨੇ ਲੇਬਰ ਦੇ ਵੱਖ-ਵੱਖ ਰੂਪ ਜਿਵੇਂ ਸਬਜੀ ਵਾਲਾ, ਡਾਕਟਰ, ਮਜਦੂਰ ਆਦਿ ਰੋਲ ਨਿਭਾ ਕੇ ਇਹਨਾਂ ਦੀ ਸਮਾਜ ਵਿੱਚ ਭੂਮਿਕਾ ਤੋਂ ਜਾਣੂ ਕਰਵਾਇਆ। ਉਪਰੰਤ ਇਸੇ ਹੀ ਦਿਨ ਦੇ ਸਬੰਧ ਵਿੱਚ ਬੱਚਿਆਂ ਵੱਲੋਂ ਇੱਕ ਨਾਟਕ ਪੇਸ ਕੀਤਾ ਗਿਆ ਜਿਸ ਦੀ ਪੇਸਕਾਰੀ ਬਹੁਤ ਹੀ ਪਰ ਪ੍ਰਭਾਵਸਾਲੀ ਰਹੀ। ਸਕੂਲ ਦੇ ਹੋਰ ਬੱਚਿਆਂ ਵੱਲੋਂ ਵੀ ਬਹੁਤ ਹੀ ਸੁੰਦਰ ਗੀਤਾਂ ਰਾਹੀਂ ਇਸ ਦਿਨ ਦੀ ਮਹੱਤਤਾ ਨੂੰ ਦਰਸਾਇਆ। ਇਸ ਸਮੇਂ ਸਕੂਲ ਦੀ ਮੈਨੇਜਮੈਂਟ ਵੱਲੋਂ ਆਪਣੇ ਵਰਕਰਾਂ ਨੂੰ ਸਨਮਾਨ ਵਜੋਂ ਤੋਹਫੇ ਦਿਤੇ ਗਏ। ਸਕੂਲ ਦੀ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਇਸ ਦਿਨ ਬਾਰੇ ਜਾਣਕਾਰੀ ਦਿੱਤੀ।

# ਕੜਕਦੀ ਧੁੱਪ 'ਚ ਘਰੋਂ ਬਾਹਰ ਨਿਕਲਣ ਤੋਂ ਕੀਤਾ ਜਾਵੇ ਪ੍ਰਹੇਜ਼ : ਡਾ. ਜਗਪ੍ਰੀਤ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਮਈ ਦੇ ਮਹੀਨੇ ਪੈ ਰਹੀ ਗਰਮੀ ਤੋਂ ਬਚਾਅ ਲਈ ਬਲਾਕ ਐਕਸਟੈਂਸ਼ਨ ਐਜੂਕੇਟਰਜ਼ ਅਤੇ ਕਮਿਊਨਿਟੀ ਹੈਲਥ ਅਫਸਰਜ਼ ਨੂੰ ਹੀਟ ਵੇਵਸ ਨਾਲ ਸਬੰਧਤ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਪ੍ਰਬੰਧਨ ਵਿਸ਼ੇਸ 'ਤੇ ਸਮਰੱਥਾ ਨਿਰਮਾਣ ਟ੍ਰੇਨਿੰਗ ਦਿੱਤੀ।ਇਸ ਮੌਕੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ 40 ਡਿਗਰੀ ਸੈਲਸੀਅਸ ਤੋਂ ਉੱਪਰ ਤਾਪਮਾਨ ਹੋਣ 'ਤੇ ਸਾਡਾ ਸਰੀਰ ਪਸੀਨੇ ਦੇ ਰੂਪ 'ਚ ਗਰਮੀ ਬਾਹਰ ਕੱਢਦਾ ਹੈ ਅਤੇ ਸਰੀਰ ਦੇ ਤਾਪਮਾਨ ਨੂੰ ਨਿਯੰਤਰਣ 'ਚ ਰੱਖਦਾ ਹੈ।ਇਹ ਉੱਚ ਤਾਪਮਾਨ ਸਰੀਰ ਦੇ ਤਾਪਮਾਨ ਨਿਯੰਤਰਣ ਪ੍ਰਣਾਲੀ ਨੂੰ ਵਿਗਾੜਦਾ ਹੈ ਅਤੇ ਗਰਮੀ ਨਾਲ ਸਬੰਧਤ ਹੀਟਸਟ੍ਰੋਕ ਵਰਗੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।ਡਾ. ਜਸਪ੍ਰੀਤ ਕੌਰ ਨੇ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਕੜਕਦੀ ਧੁੱਪ ਵਿੱਚ ਸਿਖ਼ਰ ਦੁਪਹਿਰ ਵੇਲੇ ਖ਼ਾਸ ਕਰਕੇ 12:00 ਵਜੇ ਤੋਂ 4:00 ਵਜੇ ਦਰਮਿਆਨ ਘਰੋਂ ਤੋਂ ਬਾਹਰ ਨਿਕਲਣ ਤੋਂ ਪ੍ਰਹੇਜ ਕੀਤਾ ਜਾਵੇ।ਜ਼ਿਲ੍ਹਾ ਸਿਹਤ ਮੁਖੀ ਨੇ ਲੂਅ ਦੇ ਲੱਛਣਾਂ ਨੂੰ ਜਲਦ ਪਛਾਨਣ ਸੰਬੰਧੀ ਆਪਣੇ ਸੰਬੋਧਨ ਵਿੱਚ ਅੱਗੇ ਦੱਸਿਆ ਕਿ ਅੱਖਾਂ ਦੇ ਸਾਹਮਣੇ ਹਨ੍ਹੇਰਾ ਛਾਅ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਬੇਚੈਨੀ ਅਤੇ ਘਬਰਾਹਟ ਹੋਣਾ, ਹਲਕਾ ਜਾਂ ਤੇਜ਼ ਬੁਖ਼ਾਰ ਹੋਣਾ, ਜੀਅ ਖਰਾਬ ਹੋਣਾ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਹੋਣਾ ਅਤੇ ਕਮਜ਼ੋਰੀ ਮਹਿਸੂਸ ਹੋਣਾ ਆਦਿ ਲੂਅ ਲੱਗਣ ਦੇ ਲੱਛਣ ਹਨ। ਸਿਵਲ ਸਰਜਨ ਨੇ ਗਰਮੀ ਵਿੱਚ ਲੂਅ ਤੋਂ ਬਚਾਅ ਲਈ ਆਮ ਲੋਕਾਂ ਨੂੰ ਵੀ ਸਿਹਤ ਵਿਭਾਗ ਦੁਆਰਾ ਦੱਸੀਆਂ ਗਈਆਂ ਲੋੜੀਂਦੀਆਂ ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ ਕਰਨ ਲਈ ਕਿਹਾ ਹੈ।

# ਸਰਹਾਲਾ ਮੁੰਡੀਆਂ ਸਕੂਲ ਵੱਲੋਂ ਵਿਦਿਆਰਥੀਆਂ ਦਾ ਸਨਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਨਤੀਜਿਆਂ 'ਚ ਜਿੱਥੇ ਸਕੂਲ ਦੇ ਸਾਰੇ ਵਿਦਿਆਰਥੀਆਂ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ ਉੱਥੇ ਜਿਨਾਂ ਵਿਦਿਆਰਥੀਆਂ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਉਹਨਾਂ ਵਿਦਿਆਰਥੀਆਂ ਨੂੰ ਸਮੂਹ ਸਕੂਲ ਵੱਲੋਂ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਅੱਠਵੀਂ ਸ਼੍ਰੇਣੀ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ 94% ਅੰਕ ਲੈ ਕੇ ਪਹਿਲਾ, ਨੇਹਾ ਭਗਤ ਨੇ 92.5% ਅੰਕ ਲੈ ਕੇ ਦੂਸਰਾ ਅਤੇ ਜੈਸਮੀਨ ਕੌਰ ਨੇ 92.16 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹਨਾਂ ਦੱਸਿਆ ਕਿ ਦਸਵੀਂ ਸ਼੍ਰੇਣੀ ਦੀ ਵਿਦਿਆਰਥਨ ਰਿਤੂ ਨੇ 87% ਅੰਕ ਲੈ ਕੇ ਪਹਿਲਾ, ਭਗਵਾਨ ਸ਼ਰਨ ਨੇ 76 % ਅੰਕ ਲੈ ਕੇ ਦੂਸਰਾ ਅਤੇ ਤਾਨੀਆ ਮੱਟੂ ਨੇ 74% ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਇਸ ਸਾਲ ਹੋਈ ਬਾਰਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚੋਂ ਸਕੂਲ ਵਿਦਿਆਰਥਨ ਜਸਪ੍ਰੀਤ ਕੌਰ ਨੇ 90% ਅੰਕ ਲੈ ਕੇ ਪਹਿਲਾ ਜਸਮੀਤ ਕੌਰ ਨੇ 87% ਅੰਕ ਲੈ ਕੇ ਦੂਸਰਾ ਅਤੇ ਮੁਸਕਾਨ ਨੇ 86% ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।

# ਭਾਜਪਾ ਨੇਤਾ ਵੱਲੋਂ ਜਨਰਲ ਕਮਿਸ਼ਨ ਖਿਲਾਫ ਕੀਤੀ ਟਿੱਪਣੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ : ਫੁਗਲਾਣਾ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)** ਬੀਤੇ ਦਿਨੀ ਭਾਜਪਾ ਨੇਤਾ ਅਤੇ ਭਾਜਪਾ ਦੇ ਸਪੋਕਸਮੈਨ ਐਸ ਆਰ ਲੱਧੜ ਵੱਲੋਂ ਜਨਰਲ ਕਮਿਸ਼ਨ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਖਿਲਾਫ ਕੀਤੀ ਇਤਰਾਜ਼ਯੋਗ ਟਿੱਪਣੀ ਨਾਲ ਸਮੂਚੇ ਜਨਰਲ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਹੈ। ਐਸ ਆਰ ਲੱਧੜ ਦੇ ਇਸ ਬਿਆਨ ਦਾ ਰਾਜਨੀਤਕ ਵਿੰਗ ਜਨਰਲ ਵਰਗ ਪੰਜਾਬ ਦੇ ਆਗੂਆ ਬਲਵੀਰ ਸਿੰਘ ਫੁਗਲਾਣਾ, ਜਸਵੀਰ ਸਿੰਘ ਗੜਾਂਗ, ਜਗਦੀਸ਼ ਸਿੰਘ ਸਿੰਗਲਾ, ਲੰਬੜਦਾਰ ਤਰਲੋਚਨ ਸਿੰਘ ਪੱਟੀ ਜਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਗੁਰਬਚਨ ਸਿੰਘ ਬੈਂਸ ਰੋਪੜ, ਜਸਵਿੰਦਰ ਸਿੰਘ ਸੰਘਾ ਜਗਤਾਰ ਸਿੰਘ ਭੁੰਗਰਨੀ, ਵਰਿੰਦਰ ਸਿੰਘ ਭਿੰਡਰ ਅਤੇ ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਸਮੇਤ ਸਾਰੀਆ ਜਨਰਲ ਜਥੇਬੰਦੀਆ ਵੱਲੋਂ ਸਖਤ ਸ਼ਬਦਾ 'ਚ ਨਖੇਦੀ ਕਰਦਿਆਂ ਆਖਿਆ ਕਿ ਬੜੀ ਲੰਬੀ ਲੜਾਈ ਅਤੇ ਜਦੋ ਜਹਿਦ ਦੇ ਨਾਲ ਚੰਨੀ ਸਰਕਾਰ ਨੇ ਜਨਰਲ ਕਮਿਸ਼ਨ ਸਥਾਪਤ ਕਰਕੇ ਇਸ ਦਾ ਚੇਅਰਮੈਨ ਡਾ. ਨਵਜੋਤ ਸਿੰਘ ਦਾਹੀਆ ਨੂੰ ਲਗਾਇਆ ਗਿਆ ਸੀ। ਐਸ ਆਰ ਲੱਧੜ ਵਰਗੇ ਹਲਕੀ ਸੋਚ ਦੇ ਮਾਲਕ ਨੂੰ ਇਹ ਡਰ ਸਤਾਉਂਦਾ ਹੈ ਕਿ ਅਗਰ ਜਨਰਲ ਕਮਿਸ਼ਨ ਦਾ ਚੇਅਰਮੈਨ ਲੱਗ ਗਿਆ ਤਾਂ ਇਹਨਾ ਲੋਕਾ ਲਈ ਔਖਾ ਜਾਵੇਗਾ। ਐਸ ਆਰ ਲੱਧੜ ਦੀ ਇਸ ਬਿਮਾਰ ਮਾਨਸਿਕਤਾ ਨੂੰ ਕਦੇ ਵੀ ਬਰਦਾਸ਼ਤ ਨਹੀ ਕੀਤਾ ਜਾਵੇਗਾ। ਉਪਰੋਕਤ ਆਗੂਆ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਅਪੀਲ ਕੀਤੀ ਹੈ ਕਿ ਅਗਰ ਭਾਜਪਾ ਦੇ ਆਗੂ ਐਸ ਆਰ ਲੱਧੜ ਨੇ ਆਪਣੀ ਇਸ ਗਲਤੀ ਦਾ ਅਹਿਸਾਸ ਨਾ ਕੀਤਾ ਤਾਂ 'ਆਪ' ਸਰਕਾਰ ਦੇ ਨਾਲ ਨਾਲ ਭਾਜਪਾ ਆਗੂ ਦੇ ਵੀ ਪੁਤਲੇ ਫੂਕੇ ਜਾਣਗੇ।



ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਦੇ 10+2 ਸਾਇੰਸ ਦੀ ਵਿਦਿਆਰਥਣ ਦਮਨਪ੍ਰੀਤ ਕੌਰ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਪ੍ਰਿੰਸੀਪਲ ਹਰਜੀਤ ਸਿੰਘ ਅਤੇ ਹੋਰ ਸਟਾਫ਼ ਮੈਂਬਰ। (ਫੋਟੋ ਤੇ ਵੇਰਵਾ : ਰਾਜਾ ਮਹਿਤਪੁਰ)



ਰੰਧਾਵਾ ਮਸੰਦਾਂ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਪ੍ਰਿਯੰਕਾ ਮਾਹੀ ਸਪੁੱਤਰੀ ਬਲਬੀਰ ਕੁਮਾਰ ਨੇ ਸਕੂਲ ਵਿੱਚੋਂ 91 ਪ੍ਰਤੀਸ਼ਤ ਨੰਬਰ ਹਾਸਲ ਕਰਕੇ ਸਕੂਲ ਤੇ ਮਾਂ-ਬਾਪ ਦਾ ਨਾਂਅ ਰੌਸ਼ਨ ਕੀਤਾ। (ਫੋਟੋ ਤੇ ਵੇਰਵਾ : ਬਾਲੀ ਪੱਤਰਕਾਰ ਨੂਰਮਹਿਲ)

# ਪਿਪਸ ਵਿਖੇ ਵਿਦਿਆਰਥੀ ਕੌਂਸਲ ਦਾ ਸਹੁੰ ਚੁੱਕ ਸਮਾਗਮ




**ਸ੍ਰੀ ਚਮਕੌਰ ਸਾਹਿਬ, ( ਗੁਰਵਿੰਦਰਪਾਲ ਸਿੰਘ ਬੌਬੀ)** ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲਮਾਜਰਾ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਕਰ ਕੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ।ਇਸ ਸਹੁੰ ਚੁੱਕ ਸਮਾਗਮ ਵਿੱਚ ਸਾਹਿਲਜੋਤ ਸਿੰਘ ਨੂੰ ਸਕੂਲ ਦਾ ਹੈੱਡ ਬੁਆਏ ਅਤੇ ਜੈਸਮੀਨ ਕੌਰ ਸੰਧੂ ਨੂੰ ਹੈੱਡ ਗਰਲ ਚੁਣਿਆ ਗਿਆ।ਇਸੇ ਤਰ੍ਹਾਂ ਪਰਲੀਨਵੀਰ ਸਿੰਘ ਨੂੰ ਡਿਪਟੀ ਹੈੱਡ ਬੁਆਏ ਅਤੇ ਅਮਨਜੋਤ ਕੌਰ ਨੂੰ ਡਿਪਟੀ ਹੈੱਡ ਗਰਲ, ਲਵਪ੍ਰੀਤ ਸਿੰਘ ਅਤੇ ਤ੍ਰਿਪਤ ਕੌਰ ਨੂੰ ਸਕੂਲ ਪ੍ਰੀਫੈਕਟ ਅਤੇ ਸੁਖਮਨਪ੍ਰੀਤ ਸਿੰਘ ਅਤੇ ਤਰਨਜੋਤ ਕੌਰ ਨੂੰ ਸਪੋਰਟਸ ਕੈਪਟਨ ਚੁਣਿਆ ਗਿਆ।ਇਸ ਤੋਂ ਇਲਾਵਾ ਸਕੂਲ 'ਚ ਸਰਗਰਮ ਚਾਰੇ ਹਾਊਸਾਂ ਦੇ ਹਾਊਸ ਕੈਪਟਨ ਅਤੇ ਹਾਊਸ ਪ੍ਰੀਫੈਕਟ ਦੀ ਚੋਣ ਕਰ ਕੇ ਉਨ੍ਹਾਂ ਦਾ ਵੀ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ।ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਵਿੱਚੋਂ ਗੁਰਕਰਨ ਸਿੰਘ ਅਤੇ ਸਹਿਜਦੀਪ ਕੌਰ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਵਿੱਚੋਂ ਮਹਿਕਪ੍ਰੀਤ ਕੌਰ ਅਤੇ ਗਗਨਪ੍ਰੀਤ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਵਿੱਚੋਂ ਨਵਪ੍ਰੀਤ ਕੌਰ ਅਤੇ ਸਮਰਦੀਪ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਵਿੱਚੋਂ ਜੈਸਮੀਨ ਕੌਰ ਅਤੇ ਰਵਲੀਨ ਕੌਰ ਨੂੰ ਕ੍ਰਮਵਾਰ ਹਾਊਸ ਕੈਪਟਨ ਅਤੇ ਹਾਊਸ ਪ੍ਰੀਫੈਕਟ ਲਈ ਚੁਣਿਆ ਗਿਆ।

ਚੁਣੇ ਗਏ ਸਾਰੇ ਹੀ ਮੈਂਬਰਾਂ ਨੂੰ ਆਪਣੇ ਫ਼ਰਜ਼ਾਂ ਨੂੰ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਣ ਦੀ ਵਾਈਸ ਪ੍ਰਿੰਸੀਪਲ ਮਨਦੀਪ ਕੌਰ ਮਾਹਲ ਵੱਲੋਂ ਸਹੁੰ ਚੁਕਾਈ ਗਈ।ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ ਵੱਲੋਂ ਨਵੀਂ ਚੁਣੀ ਸਟੂਡੈਂਟ ਕੌਂਸਲ ਅਤੇ ਚਾਰੇ ਹਾਊਸਾਂ ਦੇ ਹਾਊਸ ਕੈਪਟਨ ਤੇ ਪ੍ਰੀਫੈਕਟ ਨੂੰ ਵਧਾਈ ਦਿੱਤੀ ਗਈ । ਇਸ ਮੌਕੇ ਮੈਨੇਜਰ ਪ੍ਰੀਤਪਾਲ ਕੌਰ ਅਟਵਾਲ, ਸੁਰਜੀਤ ਸਿੰਘ, ਮੈਨੇਜਰ ਪ੍ਰੀਤਪਾਲ ਕੌਰ ਅਟਵਾਲ, ਅਮਰਦੀਪ ਸਿੰਘ, ਸੁਖਬੀਰ ਸਿੰਘ , ਪਰਮਜੀਤ ਕੌਰ , ਰਣਵਿੰਦਰ ਕੌਰ, ਨਿਰਮਲਜੀਤ ਸਿੰਘ , ਸਤਨਾਮ ਸਿੰਘ ਅਤੇ ਗਗਨ ਅਲੀ ਆਦਿ ਹਾਜ਼ਰ ਸਨ ।

# ਚੰਡੀਗੜ੍ਹ ਪੰਜਾਬੀ ਮੰਚ ਦੀ ਮੀਟਿੰਗ 'ਚ ਪਾਰਟੀਆਂ ਦੇ ਵਾਅਦਿਆਂ ਬਾਰੇ ਚਰਚਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਚੰਡੀਗੜ੍ਹ ਪੰਜਾਬੀ ਮੰਚ ਦੀ ਪਿਛਲੇ ਦਿਨੀਂ ਹੋਈ ਭੁੱਖ ਹੜਤਾਲ ਦੌਰਾਨ ਸੈਕਟਰ 17 ਸਥਿਤ ਪੁਲ਼ ਹੇਠਾਂ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਅਤੇ ਉਮੀਦਵਾਰਾਂ ਵੱਲੋਂ ਕੀਤੇ ਗਏ ਵਾਅਦਿਆਂ ਬਾਰੇ ਇੱਕ ਮੀਟਿੰਗ ਇੱਥੇ ਸੈਕਟਰ 7 ਦੇ ਗੁਰਦੁਆਰਾ ਸਾਹਿਬ ਵਿਖੇ ਹੋਈ।ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਸੁੱਖਾ ਹੱਲੋਮਾਜਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਮੰਚ ਦੇ ਜਨਰਲ ਸਕੱਤਰ ਦੇਵੀ ਦਿਆਲ ਸ਼ਰਮਾ, ਸਕੱਤਰ ਗੁਰਪ੍ਰੀਤ ਸੋਮਲ, ਕੈਸ਼ੀਅਰ ਅਤੇ ਕਿਸਾਨ ਆਗੂ ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ ਨੇ ਸੈਕਟਰ 17 ਵਿਖੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਕੀਤੇ ਵਾਅਦਿਆਂ ਬਾਰੇ ਮਤਾ ਰੱਖਿਆ ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਫ਼ੈਸਲਾ ਕੀਤਾ ਗਿਆ ਕਿ ਚੰਡੀਗੜ੍ਹ ਵਿੱਚ 1 ਜੂਨ ਲੋਕ ਸਭਾ ਚੋਣਾਂ ਸੰਬੰਧੀ ਹੋਣ ਵਾਲੀ ਵੋਟਿੰਗ ਵਿੱਚ ਪੰਜਾਬੀ ਮੰਚ ਦੇ ਅਹੁਦੇਦਾਰ ਅਤੇ ਪੰਜਾਬੀ ਹਿਤੈਸ਼ੀ ਲੋਕਾਂ ਨੂੰ ਇਸ ਗੱਲ 'ਤੇ ਜ਼ੋਰ ਦੇਣ ਕਿ ਚੰਡੀਗੜ੍ਹ ਵਿੱਚ ਅੰਗਰੇਜ਼ੀ ਦੀ ਥਾਂ 'ਤੇ ਪੰਜਾਬੀ ਭਾਸ਼ਾ ਨੂੰ ਪਹਿਲੀ, ਪ੍ਰਸ਼ਾਸਕੀ ਤੇ ਦਫ਼ਤਰੀ ਕੰਮ ਕਾਜ ਦੀ ਭਾਸ਼ਾ ਦਾ ਦਰਜਾ ਦਿਵਾਉਣ ਦਾ ਭਰੋਸਾ ਦੇਣ ਅਤੇ ਵਚਨਬੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਮੀਦਵਾਰ ਨੂੰ ਹੀ ਆਪਣੀ ਵੋਟ ਦਿੱਤੀ ਜਾਵੇ।

ਦੇਵੀ ਦਿਆਲ ਸ਼ਰਮਾ ਨੇ ਦੱਸਿਆ ਕਿ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਮੰਚ ਵੱਲੋਂ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਜਾ ਰਹੀਆਂ ਹਨ।ਜਿਹੜੀ ਵੀ ਰਾਜਨੀਤਕ ਪਾਰਟੀ ਦਾ ਉਮੀਦਵਾਰ ਚੋਣ ਜਿੱਤ ਕੇ ਮੈਂਬਰ ਪਾਰਲੀਮੈਂਟ ਬਣੇਗਾ, ਉਸ ਨੂੰ ਵਾਅਦਾ ਯਾਦ ਕਰਵਾਉਣ ਲਈ 29 ਅਗਸਤ ਨੂੰ ਰਾਜ ਭਵਨ ਵੱਲ ਪੈਦਲ ਮਾਰਚ ਕੀਤਾ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਜੇਤੂ ਉਮੀਦਵਾਰ ਨੇ ਮੰਚ ਨਾਲ ਵਾਅਦਾ ਖਿਲਾਫ਼ੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੰਚ ਵੱਲੋਂ ਵੱਡਾ ਸੰਘਰਸ਼ ਛੇੜ ਦਿੱਤਾ ਜਾਵੇਗਾ।ਮੀਟਿੰਗ ਵਿੱਚ ਹਾਜ਼ਰ ਬੁਲਾਰਿਆਂ ਯੂਨਾਈਟਿਡ ਅਕਾਲੀ ਦਲ ਤੋਂ ਗੁਰਨਾਮ ਸਿੰਘ ਸਿੱਧੂ, ਪੇਂਡੂ ਸੰਘਰਸ਼ ਕਮੇਟੀ ਤੋਂ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਬਾਬਾ ਸਾਧੂ ਸਿੰਘ ਸਾਰੰਗਪੁਰ, ਲੇਖਕ ਸਭਾ ਤੋਂ ਬਲਕਾਰ ਸਿੱਧੂ, ਪਰਮਿੰਦਰ ਸਿੰਘ, ਤਰਕਸ਼ੀਲ ਸੋਸਾਇਟੀ ਤੋਂ ਜੋਗਾ ਸਿੰਘ, ਨੱਥਾ ਸਿੰਘ ਆਦਿ ਨੇ ਵੀ ਮਤੇ ਨੂੰ ਮਨਜ਼ੂਰ ਕਰਦਿਆਂ ਪੰਜਾਬੀ ਭਾਸ਼ਾ ਦੇ ਮੁੱਦੇ ਉਤੇ ਪਹਿਰਾ ਦੇਣ ਦੀ ਗੱਲ ਕੀਤੀ।

# ਹਰਦੇਵ ਸਿੰਘ ਕਾਹਮਾ ਵੱਲੋਂ ਵਿਦਿਆਰਥੀਆਂ ਦਾ ਸਨਮਾਨ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੀਰਮਪੁਰ ਬਾਰੇ ਗੱਲਬਾਤ ਕਰਦੇ ਹੋਏ ਹੈਡਮਾਸਟਰ ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਹਰਦੇਵ ਸਿੰਘ ਕਾਹਮਾ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਟੀਸਟਾ ਐਗਰੋ ਇੰਡਸਟਰੀਜ਼ ਲਿਮਿਟਡ ਕਲਕੱਤਾ ਨੇ ਸਕੂਲ ਵਿਜ਼ਿਟ ਕੀਤਾ। ਉਹਨਾਂ ਨੇ ਸਮੂਹ ਸਟਾਫ ਵਿਦਿਆਰਥੀਆਂ, ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਾਲਾਨਾ ਨਤੀਜੇ ਵਧੀਆ ਆਉਣ 'ਤੇ ਮੁਬਾਰਕਾਂ, ਦਿੱਤੀਆਂ ਉਹਨਾਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਸਕੂਲ ਨੂੰ ਵਿਕਾਸ ਕਾਰਜਾਂ ਲਈ 50000 ਰੁਪਏ (ਪੰਜਾਹ ਹਜ਼ਾਰ ਰੁਪਏ) ਦੀ ਰਾਸ਼ੀ ਪੇਂਡੂ ਏਰੀਏ ਦੀਆਂ ਵਿਦਿਆਰਥਣਾਂ ਦੀ ਪੜ੍ਹਾਈ ਦੀਆਂ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਸਕੂਲ ਨੂੰ ਦਾਨ ਵਜੋਂ ਦਿੱਤੀ।ਸਕੂਲ ਮੁਖੀ ਨੇ ਗੱਲਬਾਤ ਕਰਦੇ ਹੋਏ ਦੱਸਿਆ ਹਰਦੇਵ ਸਿੰਘ ਕਾਹਮਾ ਨੇ ਵਿਦਿਆਰਥੀਆਂ ਨਾਲ ਆਪਣੀ ਜਿੰਦਗੀ ਦੇ ਤਜਰਬੇ ਸਾਂਝੇ ਕੀਤੇ। ਸਮੂਹ ਸਟਾਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਰਮਪੁਰ ਨੇ ਹਰਦੇਵ ਸਿੰਘ ਕਾਹਮਾ ਧੰਨਵਾਦ ਕੀਤਾ।

# ਘਰ-ਘਰ ਦਸਤਕ ਮੁਹਿੰਮ ਤਹਿਤ ਸਕੋਹਪੁਰ ਆਂਗਣਵਾੜੀ ਸੈਂਟਰ 'ਚ ਮੀਟਿੰਗ

**ਨਵਾਂਸ਼ਹਿਰ (ਮਨੋਜ ਲਾਡੀ)**-ਮੁੱਖ ਚੋਣ ਅਫਸਰ ਪੰਜਾਬ ਦੇ ਹੁਕਮਾਂ, ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ-ਨੋਡਲ ਅਫਸਰ ਸਵੀਪ ਦੀ ਯੋਗ ਅਗਵਾਈ ਹੇਠ ਲੋਕ ਸਭਾ ਚੋਣਾਂ ਦੀ ਤਿਆਰੀ ਲਈ ਜ਼ਿਲ੍ਹੇ ਦੇ ਸਹਾਇਕ ਸਵੀਪ ਨੋਡਲ ਅਫਸਰ ਸਤਨਾਮ ਸਿੰਘ, ਬੀ. ਐਲ. ਐਮ. ਗਰਲਜ਼ ਕਾਲਜ ਨਵਾਂਸ਼ਹਿਰ ਤੋਂ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਕੰਪਿਊਟਰ ਫੈਕਲਟੀ ਉਂਕਾਰ ਸਿੰਘ ਵਲੋਂ ਜ਼ਿਲ੍ਹੇ ਦੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਘਰ ਘਰ ਦਸਤਕ ਮੁਹਿੰਮ ਤਹਿਤ ਜ਼ਿਲ੍ਹੇ ਦੇ ਪਿੰਡ ਸਕੋਹਪੁਰ ਵਿੱਚ ਆਂਗਣਵਾੜੀ ਸੈਂਟਰ ਵਿਖੇ ਮੀਟਿੰਗ ਕੀਤੀ ਗਈ।ਸਹਾਇਕ ਸਵੀਪ ਨੋਡਲ ਅਫਸਰ ਸਤਨਾਮ ਸਿੰਘ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਸੌ ਫੀਸਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਅਤੇ ਜ਼ਿਲ੍ਹੇ 'ਚ ਜਾਗਰੂਕ ਕਰਨ ਦੇ ਮੰਤਵ ਨਾਲ ਘਰ ਘਰ ਦਸਤਕ ਮੁਹਿੰਮ ਉਲੀਕੀ ਗਈ ਹੈ। ਇਸ ਮੌਕੇ ਹਰਦੀਪ ਕੌਰ ਨੇ ਕਿਹਾ ਕਿ ਸਾਨੂੰ ਔਰਤਾਂ ਨੂੰ ਬਿਨਾਂ ਕਿਸੇ ਦਬਾਅ, ਡਰ, ਲਾਲਚ, ਜਾਤ-ਪਾਤ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਬਲਵੰਤ ਸਿੰਘ, ਸਰਦਾਰਾ ਸਿੰਘ, ਮਮਤਾ, ਸਰਬਜੀਤ ਕੌਰ, ਨਿਰਮਲ ਕੌਰ, ਗੁਰਪਾਲ ਕੌਰ, ਸ਼ਰਨਜੀਤ ਸਿੰਘ, ਸਰਬਜੀਤ ਕੌਰ, ਖੁਸ਼ਬੂ,ਸਿਮਰਨਜੀਤ ਕੌਰ, ਪਰਮਜੀਤ, ਮਹਿੰਦਰ ਕੌਰ ਆਦਿ ਹਾਜ਼ਰ ਸਨ।

# ਚੰਨੀ ਦੀ ਮਹਿਤਪੁਰ ਵਿਖੇ ਵਰਕਰ ਮਿਲਣੀ ਨੇ ਧਾਰਿਆ ਰੈਲੀ ਦਾ ਰੂਪ



**ਮਹਿਤਪੁਰ (ਰਾਜਾ)** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਵਰਕਿੰਗ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਚੰਨੀ ਜਲੰਧਰ ਲੋਕ ਸਭਾ ਹਲਕੇ ਤੋਂ ਟਿਕਟ ਮਿਲਣ ਤੋਂ ਬਾਅਦ ਖੁੱਲ੍ਹ ਕੇ ਚੋਣ ਮੈਦਾਨ 'ਚ ਉਤਰ ਚੁੱਕੇ ਹਨ। ਇਸੇ ਲੜੀ ਤਹਿਤ ਇਲਾਕਾ ਵਿਧਾਇਕ ਲਾਡੀ ਸ਼ੇਰੋਵਾਲੀਆ ਦੇ ਨਾਲ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਜਲੰਧਰ ਲੋਕਸਭਾ ਹਲਕੇ ਦੇ ਕਸਬਾ ਮਹਿਤਪੁਰ ਵਿਖੇ ਐਸ ਐਸ ਫਾਰਮ 'ਚ ਇਕ ਭਰਵੀਂ ਰੈਲੀ ਕੀਤੀ।ਇਸ ਰੈਲੀ ਵਿਚ ਕਾਂਗਰਸੀ ਵਰਕਰਾਂ ਸਮੇਤ ਪਾਰਟੀ ਦੇ ਕਈ ਆਗੂ ਸ਼ਾਮਲ ਹੋਏ।ਮੀਟਿੰਗ ਵਿੱਚ ਪੁੱਜੇ ਚਰਨਜੀਤ ਚੰਨੀ ਨੇ ਹਾਜ਼ਰ ਲੋਕਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਹੀ ਅਜਿਹੀ ਪਾਰਟੀ ਹੈ ਜੋ ਹਰ ਵਰਗ ਦਾ ਖਿਆਲ ਰੱਖਦੀ ਹੈ। ਮੀਟਿੰਗ ਵਿੱਚ ਉਨ੍ਹਾਂ ਦੇ ਨਾਲ ਪੁੱਜੇ ਹਲਕਾ ਵਿਧਾਇਕ ਲਾਡੀ ਸ਼ੇਰੋਵਾਲੀਆ ਨੇ ਚਰਨਜੀਤ ਚੰਨੀ ਦਾ ਪਹਿਲੀ ਵਾਰ ਆਪਣੇ ਇਲਾਕੇ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਆਏ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜਲੰਧਰ ਸੀਟ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਚੰਨੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ।

# ਬਸੀ ਜਲਾਲ 'ਚ ਗੋਮਰ ਦਾ ਭਰਵਾਂ ਸਵਾਗਤ



**ਅੱਡਾ ਸਰਾਂ (ਕਾਜਲ)**-ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਨੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਦੀ ਅਗਵਾਈ ਵਿੱਚ ਪਿੰਡ ਬਸੀ ਜਲਾਲ 'ਚ ਚੋਣ ਸਭਾ ਕੀਤੀ। ਇਸ ਦੌਰਾਨ ਗੋਮਰ ਦਾ ਪਿੰਡ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਉਮੀਦਵਾਰ ਗੋਮਰ, ਸਾਬਕਾ ਮੰਤਰੀ ਗਿਲਜੀਆਂ, ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ, ਕੁਲਦੀਪ ਸਿੰਘ ਦੇਹਰੀਵਾਲ, ਸਰਪੰਚ ਵਿਜੇ ਪਾਲ, ਰਵਿਸਨ, ਰਾਜ ਕੁਮਾਰ ਸਭਰਵਾਲ, ਸਰਪੰਚ ਲਖਵੀਰ ਸਿੰਘ ਆਦਿ ਬੁਲਾਰਿਆਂ ਨੇ ਵੋਟਰਾਂ ਨੂੰ ਕਾਂਗਰਸ ਪਾਰਟੀ ਦੇ ਹੱਕ 'ਚ ਲਾਮਬੰਦ ਕਰਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨਲਾਇਕੀਆਂ ਦੀ ਪੋਲ ਖੋਲੀ। ਇਸ ਮੌਕੇ ਸਿਮਰਨ ਸਿੰਘ ਸੈਣੀ, ਲੱਭਾ ਜਹੂਰਾ, ਅਨਵਰ ਬਿੱਟੂ, ਹਰਮੇਸ਼ ਬਸੀ ਜਲਾਲ, ਸੁਖਰਾਜ ਸਿੱਧੂ, ਸੱਤਿਆ ਸਿੱਧੂ, ਗੋਲਡੀ ਕਲਿਆਣਪੁਰ, ਅਮ੍ਰਿਤਪਾਲ ਲਿੱਤਰ, ਮੋਹਨ ਸਿੰਘ ਲਿੱਤਰ, ਜਸਵੀਰ ਸਿੰਘ ਕਾਲਾ, ਮਨਜੀਤ ਸਿੰਘ ਮਨੀ, ਪਰਮਜੀਤ ਸਿੰਘ, ਹਰਵਿੰਦਰ ਸਿੰਘ, ਪਰਮਜੀਤ ਸਿੰਘ, ਮਨਜੀਤ ਸਿੰਘ , ਗੁਰਦੀਪ ਸਿੰਘ ਬੈਂਚਾਂ, ਰਵਿੰਦਰ ਪਾਲ ਸਿੰਘ ਗੋਰਾ, ਪੰਜਾਬ ਸਿੰਘ, ਗੁਰਦੀਪ ਸਿੰਘ ਪੰਡੋਰੀ, ਸੁਰਜੀਤ ਸਿੰਘ, ਰੀਨਾ, ਸੈਕਟਰੀ ਗੁਰਮੀਤ ਸਿੰਘ, ਅਸ਼ੋਕ ਕੁਮਾਰ, ਦਲਜੀਤ ਸਿੰਘ ਗਿਲਜੀਆਂ, ਅਨਿਲ ਪਿੰਕਾ ਆਦਿ ਮੌਜੂਦ ਸਨ।

# ਅਕਾਲੀ ਸਰਕਾਰ ਨੇ ਹੀ ਗ੍ਰੇਟਰ ਮੁਹਾਲੀ ਇਲਾਕੇ ਦਾ ਵਿਕਾਸ ਕਰਵਾਇਆ : ਬਾਦਲ

**ਮੁਹਾਲੀ (ਗੁਰਜੀਤ ਬਿੱਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਨੇ ਹੀ ਗ੍ਰੇਟਰ ਮੁਹਾਲੀ ਇਲਾਕੇ ਦਾ ਵਿਕਾਸ ਕਰਵਾਇਆ ਅਤੇ ਇਸ ਤੋਂ ਇਲਾਵਾ ਵਿਸ਼ਵ ਪੱਧਰੀ ਸਿੱਖਿਆ ਤੇ ਖੋਜ ਸਹੂਲਤਾਂ ਦੀ ਸਿਰਜਣਾ ਕੀਤੀ ਤੇ ਸੂਚਨਾ ਤਕਨਾਲੋਜੀ ਸੈਕਟਰ ਦੀ ਕ੍ਰਾਂਤੀ ਲਿਆਂਦੀ।ਅਕਾਲੀ ਦਲ ਦੇ ਪ੍ਰਧਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਨੂੰ ਵੋਟਾਂ ਪਾਉਣ ਤਾਂ ਜੋ ਗ੍ਰੇਟਰ ਮੁਹਾਲੀ ਇਲਾਕੇ ਦਾ ਹੋਰ ਵਿਕਾਸ ਕਰਕੇ ਇਸ ਨੂੰ ਮੈਟਰੋ ਸ਼ਹਿਰ ਬਣਾਇਆ ਜਾ ਸਕੇ ਜਿਸ ਨਾਲ ਇਥੇ ਰੋਜ਼ਗਾਰ ਵਧੇਗਾ ਤੇ ਸੂਬੇ ਲਈ ਮਾਲੀਆ ਪੈਦਾ ਹੋਵੇਗਾ।ਅਕਾਲੀ ਦਲ ਦੇ ਪ੍ਰਧਾਨ ਨੇ ਇਹ ਟਿੱਪਣੀਆਂ ਪੰਜਾਬ ਬਚਾਓ ਯਾਤਰਾ ਦੌਰਾਨ ਕੀਤੀਆਂ। ਸੁਖਬੀਰ ਸਿੰਘ ਬਾਦਲ, ਜਿਨ੍ਹਾਂ ਨਾਲ ਪਾਰਟੀ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੀ ਸਨ, ਨੇ ਦੋਹਾਂ ਹਲਕਿਆਂ ਦੇ ਲੋਕਾਂ ਨਾਲ ਗੱਲਬਾਤ ਕੀਤੀ। ਦੋਵਾਂ ਹਲਕਿਆਂ ਵਿਚ ਹਰ ਠਹਿਰਾਅ 'ਤੇ ਫੁੱਲ ਪੱਤੀਆਂ ਦੀ ਵਰਖਾ ਕੀਤੀ ਗਈ।ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਨੇ ਮੁਹਾਲੀ ਵਿਚ ਕੌਮਾਂਤਰੀ ਹਵਾਈ ਅੱਡਾ ਸਥਾਪਤ ਕੀਤਾ ਜਿਸ ਸਦਕਾ ਸ਼ਹਿਰ ਦਾ ਤੇਜ਼ ਰਫ਼ਤਾਰ ਵਿਕਾਸ ਹੋਇਆ ਤੇ ਵਪਾਰ ਵਧਿਆ ਤੇ ਸ਼ਹਿਰ ਦੁਨੀਆ ਨਾਲ ਜੁੜਿਆ।ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਨੇ ਹੀ ਆਇਸ਼ਰ ਤੇ ਇੰਸਟੀਚਿਊਟ ਆਫ ਨੈਨੋ ਸਾਇੰਸ ਐਂਡ ਟੈਕਨਾਲੋਜੀ ਮੁਹਾਲੀ ਵਿਚ ਸਥਾਪਤ ਕਰਵਾਏ।ਉਨ੍ਹਾਂ ਇਹ ਵੀ ਸ਼ਿਕਾਇਤ ਕੀਤੀ ਕਿ ਖਰੜ ਵਿਚ ਮਿਉਂਸਪਲ ਕੌਂਸਲ ਨੂੰ ਜਾਣ ਬੁੱਝ ਕੇ ਫੰਡ ਨਹੀਂ ਦਿੱਤੇ ਜਾ ਰਹੇ।

# ਵੋਕੇਸ਼ਨਲ ਕੋਰਸਾਂ ਬਾਰੇ ਜਾਣੂ ਕਰਵਾਇਆ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**- ਅੱਜ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਚਲਾਏ ਜਾ ਰਹੇ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਡੀ .ਕੇ. ਵਰਮਾ (ਸੇਵਾਮੁਕਤ ਚੀਫ਼ ਕਮਿਸ਼ਨਰ ਕਸਟਮ ਤੇ ਐਕਸਾਈਜ਼ ਵਿਭਾਗ ਪੰਜਾਬ) ਮੈਂਬਰ ਡਾਇਰੈਕਟਰ ਸੋਸਵਾ ਪੰਜਾਬ, ਐਡਵੋਕੇਟ ਅਰਚਨਾ ਵਰਮਾ ਸਿਵਲ ਕੋਰਟ ਮੋਹਾਲੀ ਨੇ ਸਭਾ ਵੱਲੋਂ ਚਲਾਏ ਜਾ ਰਹੇ ਕੋਰਸਾਂ ਬਾਰੇ ਜਾਣਕਾਰੀ ਹਾਸਲ ਕੀਤੀ। ਵਰਮਾ ਪਰਵਾਰ ਵੱਲੋਂ ਸਭਾ ਦੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਜਗਜੀਤ ਸੇਠ, ਮਨਦੀਪ ਬਾਸੀ, ਗੁਰਸ਼ਰਨ ਬਾਸੀ, ਅਨੂਪ ਦੁੱਗਲ, ਅਸ਼ੋਕ ਸ਼ਰਮਾ, ਮੈਡਮ ਤਨੂ, ਨਰਿੰਦਰ ਸੈਣੀ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਹਰਵਿੰਦਰ ਸਿੰਘ, ਰਾਕੇਸ਼ ਕੋਛੜ, ਮੈਡਮ ਸਪਨਾ ਸ਼ਾਰਦਾ, ਮੈਡਮ ਰਮਨਦੀਪ ਕੌਰ, ਮੈਡਮ ਆਸ਼ੂ ਬੱਗਾ ਤੇ ਰਾਜ ਕੁਮਾਰ ਰਾਜਾ ਹਾਜ਼ਰ ਸਨ।

# ਸਿੱਖ ਮਿਸ਼ਨ ਅਕੈਡਮੀ ਦਾ 8ਵੀਂ ਤੇ 12ਵੀਂ ਦਾ ਨਤੀਜਾ ਸ਼ਾਨਦਾਰ

**ਸੁਲਤਾਨਪੁਰ ਲੋਧੀ ( ਹਨੀ )**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜੇ 'ਚ ਸਿੱਖ ਮਿਸ਼ਨ ਅਕੈਡਮੀ ਦਾ ਨਤੀਜਾ 100 ਫੀਸਦੀ ਰਿਹਾ। ਐਮ.ਡੀ. ਸੁਖਦੇਵ ਸਿੰਘ ਖਾਲਸਾ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਖਾਲਸਾ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ 'ਚ ਸਿੱਖ ਮਿਸ਼ਨ ਅਕੈਡਮੀ ਦੇ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ । ਉਨ੍ਹਾਂ ਦੱਸਿਆ ਕਿ ਅੱਠਵੀਂ ਜਮਾਤ ਵਿੱਚੋਂ ਗੁਰਬਾਜ਼ ਸਿੰਘ 88.5 ਫੀਸਦੀ ਅੰਕਾਂ ਨਾਲ ਪਹਿਲੇ, ਅਮਾਨਤਪ੍ਰੀਤ ਕੌਰ 86 ਫੀਸਦੀ ਦੂਜੇ ਅਤੇ ਦਿਲਸ਼ਾਨ ਸਿੰਘ 77 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ । ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਸੁਮਨਪ੍ਰੀਤ ਕੌਰ 88.8 ਫੀਸਦੀ ਪਹਿਲੇ, ਹਰਪ੍ਰੀਤ ਕੌਰ 87 ਫੀਸਦੀ ਦੂਜੇ ਅਤੇ ਜਗਰੂਪ ਸਿੰਘ 84 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ । ਅਦਾਰੇ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ।

# ਕਿਰਨਦੀਪ ਕੌਰ ਅੱਠਵੀਂ 'ਚੋਂ ਪੰਜਾਬ ਭਰ 'ਚ 8ਵੇਂ ਰੈਂਕ 'ਤੇ

**ਗੁਰਾਇਆ (ਬਿੰਦਰ ਸੁੰਮਨ)**-ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦਾ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਦੀ ਜਾਣਕਾਰੀ ਦਿੰਦੇ ਸਕੂਲ ਐਮ ਡੀ ਸੁਖਦੀਪ ਸਿੰਘ, ਪ੍ਰਿੰਸੀਪਲ ਬਲਜਿੰਦਰ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਸਾਰੇ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ ਹੋਏ ਹਨ। ਸਕੂਲ ਦੀ ਵਿਦਿਆਰਥਣ ਕਿਰਨਦੀਪ ਕੌਰ ਨੇ 600 'ਚੋਂ 592 ਅੰਕ ਲੈ ਕੇ 98.67 ਫੀਸਦੀ ਨਾਲ ਸਕੂਲ 'ਚੋਂ ਪਹਿਲਾ ਅਤੇ ਰਾਜ ਭਰ 'ਚੋਂ 8ਵਾਂ ਰੈਂਕ ਹਾਸਲ ਕਰਕੇ ਮੈਰਿਟ ਸੂਚੀ 'ਚ ਆਪਣੀ ਜਗ੍ਹਾ ਬਣਾਈ ਹੈ। ਸਕੂਲ ਦੀ ਵਿਦਿਆਰਥਣ ਸਿਮਰਤ ਕੌਰ ਨੇ 586 ਅੰਕ ਲੈ ਕੇ 97.67 ਫੀਸਦੀ ਨਾਲ ਸਕੂਲ 'ਚੋਂ ਦੂਸਰਾ ਸਥਾਨ ਹਾਸਲ ਕੀਤਾ ਹੈ। ਸਕੂਲ ਦੀ ਹਰਜੋਤ ਕੌਰ, ਪ੍ਰਭਜੋਤ ਦਿਦਰਾ ਅਤੇ ਅਰਮਾਨ ਰਨਦੇਵ ਨੇ 583 ਅੰਕ ਲੈ ਕੇ 97.16 ਫੀਸਦੀ ਨਾਲ ਤੀਸਰਾ ਸਥਾਨ ਹਾਸਲ ਕੀਤਾ ਹੈ।

# ਐਚ ਪੀ ਮਾਡਲ ਸਕੂਲ ਸੰਗੋਵਾਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ



**ਮਹਿਤਪੁਰ (ਰਾਜਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਦੇ ਨਤੀਜੇ ਵਿੱਚ ਐਚ.ਪੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਦਾ ਨਤੀਜਾ 100 ਫੀਸਦੀ ਰਿਹਾ।ਸਕੂਲ ਪ੍ਰੈਜੀਡੈਂਟ ਹਰਪ੍ਰੀਤ ਸਿੰਘ ਤੇ ਸਕੂਲ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਦੱਸਿਆ ਕਿ ਜੋਬਨ ਪ੍ਰੀਤ ਸਿੰਘ ਨੇ 600 'ਚੋਂ 568 ਨੰਬਰ ਪ੍ਰਾਪਤ ਕਰਕੇ ਪਹਿਲਾਂ ਸਥਾਨ ਤਰਨਪ੍ਰੀਤ ਕੌਰ ਨੇ 567 ਨੰਬਰ ਪ੍ਰਾਪਤ ਕਰਕੇ ਦੂਜਾ ਐਸ਼ਮੀਨ ਕੌਰ ਨੇ 558 ਨੰਬਰ ਪ੍ਰਾਪਤ ਕਰਕੇ ਤੀਸਰਾ ਪ੍ਰਭਜੋਤ ਕੌਰ ਨੇ 553 ਨੰਬਰ ਪ੍ਰਾਪਤ ਕਰਕੇ ਚੌਥਾ ਅਤੇ ਰਾਜਦੀਪ ਕੌਰ ਨੇ 549 ਨੰਬਰ ਪ੍ਰਾਪਤ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ।ਪ੍ਰਿੰਸੀਪਲ ਸੰਦੀਪ ਕੌਰ ਨੇ ਸਕੂਲ ਦਾ ਰਿਜ਼ਲਟ ਵਧੀਆ ਹੋਣ 'ਤੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਅਤੇ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਮਨਜੋਤ ਕੌਰ, ਪ੍ਰਿਆ, ਸਰਬਜੀਤ ਸਿੰਘ, ਸੰਦੀਪ ਕੌਰ, ਸੁਖਵਿੰਦਰ ਕੌਰ, ਰਮਨਦੀਪ ਕੌਰ, ਕਮਲਜੀਤ ਕੌਰ, ਸੋਨੀਆ ਆਦਿ ਹਾਜ਼ਰ ਸਨ।

# ਫ੍ਰੀ ਮੈਡੀਕਲ ਚੈੱਕਅੱਪ ਕੈਂਪ 11 ਨੂੰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਵਰਗੀ ਮਦਨ ਲਾਲ ਬੇਦੀ ਦੀ ਯਾਦ ਵਿੱਚ ਬੇਦੀ ਹਸਪਤਾਲ ਚੰਡੀਗੜ੍ਹ ਰੋਡ ਨਵਾਂਸ਼ਹਿਰ ਵੱਲੋਂ ਫ੍ਰੀ ਮੈਡੀਕਲ ਚੈੱਕਅਪ ਕੈਂਪ ਸਵੇਰੇ 10:00 ਵਜੇ ਤੋਂ 3:00 ਵਜੇ ਤੱਕ 11 ਮਈ ਨੂੰ ਲਗਾਇਆ ਜਾ ਰਿਹਾ ਹੈ ਡਾਕਟਰ ਮੁਕਲ ਬੇਦੀ ਨੇ ਦੱਸਿਆ ਕਿ ਡਾਕਟਰਾਂ ਦੇ ਸਹਿਯੋਗ ਨਾਲ ਮੁਫ਼ਤ ਡਾਕਟਰੀ ਸਲਾਹ, ਮੁਫ਼ਤ ਦਵਾਈਆਂ, ਮੁਫ਼ਤ ਲੈਬ ਟੈਸਟ, ਪੇਟ ਤੇ ਦਿਲ ਦੀ ਸਕੈਨ ਡਿਸਕਾਊਂਟ 'ਤੇ ਕੀਤੀ ਜਾਵੇਗੀ। ਕੰਨਾਂ ਦੇ ਡਾ. ਸ਼ੈਲਜਾ ਬੇਦੀ, ਰਿਟਾਇਰ ਸਿਵਲ ਸਰਜਨ ਡਾ. ਹਰਵਿੰਦਰ ਸਿੰਘ, ਡਾ. ਵਿਕਰਾਂਤ ਰਾਏ, ਡਾ. ਹਰਜੋਤਵੀਰ ਸਿੰਘ ਵੱਲੋਂ ਜਨਰਲ ਬਿਮਾਰੀਆਂ ਦੇ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।

# ਲੋਕ ਸਭਾ ਚੋਣਾਂ ਦੌਰਾਨ ਜ਼ਬਤੀ ਦੇ ਮਾਮਲੇ 'ਚ ਰਾਸ਼ਟਰ ਪੱਧਰ 'ਤੇ ਪੰਜਾਬ ਦਾ ਚੌਥਾ ਸਥਾਨ: ਸਿਬਿਨ ਸੀ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿੱਚ ਆਦਰਸ਼ ਚੋਣ ਜ਼ਾਬਤੇ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਇਨਫੋਰਸਮੈਂਟ ਏਜੰਸੀਆਂ ਵੱਲੋਂ ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਨਤੀਜੇ ਵਜੋਂ 1 ਮਾਰਚ ਤੋਂ 4 ਮਈ ਤੱਕ 609.38 ਕਰੋੜ ਰੁਪਏ ਦੀ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਵਸਤਾਂ, ਅਤੇ ਹੋਰ ਵਸਤੂਆਂ ਨੂੰ ਜ਼ਬਤ ਕੀਤਾ ਗਿਆ ਹੈ।ਇਸ ਸੰਬਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 1 ਮਾਰਚ ਤੋਂ 4 ਮਈ ਤੱਕ ਜ਼ਬਤੀ ਵਿੱਚ 11.2 ਕਰੋੜ ਰੁਪਏ ਦੀ ਨਕਦੀ, 18 ਕਰੋੜ ਰੁਪਏ ਦੀ ਕੀਮਤ ਵਾਲੀ 27.95 ਲੱਖ ਲੀਟਰ ਸ਼ਰਾਬ, 563.53 ਕਰੋੜ ਦੀ ਕੀਮਤ ਵਾਲੇ ਨਸ਼ੀਲੇ ਪਦਾਰਥ, 14.94 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 1.69 ਕਰੋੜ ਰੁਪਏ ਦੀ ਕੀਮਤ ਵਾਲਾ ਹੋਰ ਸਮਾਨ ਬਰਾਮਦ ਕੀਤਾ ਗਿਆ ਹੈ, ਜਿਸ ਦੀ ਕੁੱਲ ਕੀਮਤ 609.38 ਕਰੋੜ ਰੁਪਏ ਬਣਦੀ ਹੈ। ਜ਼ਬਤੀ ਦੇ ਮਾਮਲੇ ਵਿੱਚ ਪੰਜਾਬ ਰਾਸ਼ਟਰੀ ਪੱਧਰ 'ਤੇ ਚੌਥੇ ਸਥਾਨ 'ਤੇ ਹੈ, ਜਦਕਿ ਤਾਮਿਲਨਾਡੂ, ਗੁਜਰਾਤ ਅਤੇ ਰਾਜਸਥਾਨ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਹਨ।ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿੱਚ 24 ਇਨਫੋਰਸਮੈਂਟ ਏਜੰਸੀਆਂ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ ਅਤੇ 16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ 4 ਮਈ ਤੱਕ, ਸਾਰੀਆਂ ਏਜੰਸੀਆਂ ਵੱਲੋਂ ਕੁੱਲ 514.81 ਕਰੋੜ ਰੁਪਏ ਦੀ ਜ਼ਬਤੀ ਕੀਤੀ ਗਈ ਹੈ। ਪੰਜਾਬ ਪੁਲਸ ਨੇ ਸੂਬੇ ਵਿੱਚ ਸਭ ਤੋਂ ਵੱਧ 404.2 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ। ਇਸੇ ਤਰ੍ਹਾਂ ਬੀ ਐਸ ਐਫ ਨੇ 23 ਕਰੋੜ ਰੁਪਏ, ਆਮਦਨ ਕਰ ਵਿਭਾਗ ਨੇ 9.28 ਕਰੋੜ ਰੁਪਏ, ਸੂਬੇ ਦੇ ਆਬਕਾਰੀ ਵਿਭਾਗ ਨੇ 8.29 ਕਰੋੜ ਰੁਪਏ, ਸੂਬੇ ਦੇ ਵਸਤੂ ਅਤੇ ਸੇਵਾਵਾਂ ਕਰ ਵਿਭਾਗ ਨੇ 5 ਕਰੋੜ ਰੁਪਏ, ਕਸਟਮ ਵਿਭਾਗ ਨੇ 4.37 ਕਰੋੜ ਰੁਪਏ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਨੇ 2.54 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ। ਜ਼ਬਤੀ ਦੇ ਮਾਮਲਿਆਂ ਵਿੱਚ ਜ਼ਿਲ੍ਹਿਆਂ 'ਚੋਂ ਜਲੰਧਰ 141.25 ਕਰੋੜ ਰੁਪਏ ਦੀ ਕੁੱਲ ਜ਼ਬਤੀ ਨਾਲ ਸੂਚੀ ਵਿੱਚ ਸਭ ਤੋਂ ਉੱਪਰ ਹੈ।ਇਸੇ ਤਰ੍ਹਾਂ 93.96 ਕਰੋੜ ਰੁਪਏ ਦੀ ਜ਼ਬਤੀ ਨਾਲ ਅੰਮ੍ਰਿਤਸਰ ਦੂਜੇ ਨੰਬਰ 'ਤੇ ਹੈ ਜਦਕਿ ਤਰਨ ਤਾਰਨ ਵਿੱਚੋਂ 59.55 ਕਰੋੜ ਰੁਪਏ, ਫ਼ਿਰੋਜ਼ਪੁਰ ਵਿੱਚੋਂ 54.58 ਕਰੋੜ ਰੁਪਏ ਅਤੇ ਫਾਜ਼ਿਲਕਾ ਵਿੱਚੋਂ 42.1 ਕਰੋੜ ਰੁਪਏ ਦੀਆਂ ਬਰਾਮਦਗੀਆਂ ਹੋਈਆਂ ਹਨ।ਇਸ ਤੋਂ ਇਲਾਵਾ ਲੁਧਿਆਣਾ 'ਚ 27.86 ਕਰੋੜ ਰੁਪਏ, ਪਠਾਨਕੋਟ 'ਚ 21.4 ਕਰੋੜ ਰੁਪਏ, ਸੰਗਰੂਰ 'ਚ 11.7 ਕਰੋੜ ਰੁਪਏ, ਗੁਰਦਾਸਪੁਰ 'ਚ 10.75 ਕਰੋੜ ਰੁਪਏ, ਪਟਿਆਲਾ 'ਚ 7.29 ਕਰੋੜ ਰੁਪਏ, ਬਰਨਾਲਾ 'ਚ 7.2 ਕਰੋੜ ਰੁਪਏ ਅਤੇ ਮੋਗਾ 'ਚ 6.73 ਕਰੋੜ ਰੁਪਏ ਦੀਆਂ ਜ਼ਬਤੀਆਂ ਕੀਤੀਆਂ ਗਈਆਂ ਹਨ।ਇਸੇ ਤਰ੍ਹਾਂ ਕਪੂਰਥਲਾ ਵਿੱਚ 6.41 ਕਰੋੜ ਰੁਪਏ, ਹੁਸ਼ਿਆਰਪੁਰ ਵਿੱਚ 5.01 ਕਰੋੜ ਰੁਪਏ, ਬਠਿੰਡਾ ਵਿੱਚ 4.31 ਕਰੋੜ ਰੁਪਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 4.63 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ ਵਿੱਚ 1.75 ਕਰੋੜ ਰੁਪਏ, ਰੂਪਨਗਰ ਵਿੱਚ 1.7 ਕਰੋੜ ਰੁਪਏ, ਮਾਨਸਾ ਵਿੱਚ 1.5 ਕਰੋੜ ਰੁਪਏ, ਸ਼ਹੀਦ ਭਗਤ ਸਿੰਘ ਨਗਰ ਵਿੱਚ 1.15 ਕਰੋੜ ਰੁਪਏ, ਮਲੇਰਕੋਟਲਾ ਵਿੱਚ 2.07 ਕਰੋੜ ਰੁਪਏ, ਫਰੀਦਕੋਟ ਵਿੱਚ 1.29 ਕਰੋੜ ਰੁਪਏ ਅਤੇ ਫਤਿਹਗੜ੍ਹ ਸਾਹਿਬ 64.2 ਲੱਖ ਰੁਪਏ ਦੀਆਂ ਜ਼ਬਤੀਆਂ ਕੀਤੀਆਂ ਗਈਆਂ ਹਨ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਅਮਲਾ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ।ਉਨ੍ਹਾਂ ਨੇ ਚੋਣ ਪ੍ਰਕਿਰਿਆ ਦੌਰਾਨ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਰਹੀਆਂ ਏਜੰਸੀਆਂ ਦੀ ਸ਼ਲਾਘਾ ਕੀਤੀ ਅਤੇ ਲੋਕਤੰਤਰੀ ਸਿਧਾਂਤਾਂ ਤੇ ਵੋਟਰਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਹਰ ਸੰਭਵ ਕਦਮ ਚੁੱਕਣ ਦੀ ਵਚਨਬੱਧਤਾ ਨੂੰ ਦੁਹਰਾਇਆ।

# ਖਾਲਸਾ ਕਾਲਜੀਏਟ ਸਕੂਲ ਮਾਹਿਲਪੁਰ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਹਿਲਪੁਰ (ਸਫ਼ਰੀ)** ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਚੱਲਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰ ਡਾ. ਪਰਵਿੰਦਰ ਸਿੰਘ ਅਤੇ ਕਾਲਜੀਏਟ ਸਕੂਲ ਦੇ ਕੋਆਰਡੀਨੇਟਰ ਪ੍ਰੋ. ਚੰਦਨ ਰਾਣਾ ਨੇ ਦੱਸਿਆ ਕਿ ਬਾਰ੍ਹਵੀਂ ਦੇ ਨਤੀਜੇ ਵਿੱਚ ਕਾਮਰਸ ਸਟਰੀਮ ਵਿੱਚੋਂ ਸੁਨਿਧੀ ਸ਼ਰਮਾ ਨੇ 96.4 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥਣ ਸਮੀਕਸ਼ਾ ਨੇ 95.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਹਰਸਿਮਰਨ ਸਿੰਘ ਨੇ 94.8 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਦੱਸਿਆ ਕਿ ਸਾਇੰਸ ਗਰੁੱਪ ਤਹਿਤ ਮੈਡੀਕਲ ਸਟਰੀਮ ਵਿੱਚੋਂ ਹਰਮਨਪ੍ਰੀਤ ਸਿੰਘ ਨੇ 87.6 ਫੀਸਦੀ ਅੰਕਾਂ ਨਾਲ ਪਹਿਲਾ, ਪਰਮਿੰਦਰ ਗੰਗੜ ਨੇ 87.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਚੰਨਜੋਤ ਕੌਰ ਨੇ 86.4 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਨਾਨ ਮੈਡੀਕਲ ਸਟਰੀਮ ਵਿੱਚ ਪਰਮਵੀਰ ਸਿੰਘ ਸਾਹਨੀ ਨੇ 91 ਫੀਸਦੀ ਅੰਕਾਂ ਨਾਲ ਪਹਿਲਾ, ਸਿਮਰਨਜੀਤ ਸਿੰਘ ਫਲੋਰਾ ਨੇ 90.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਪ੍ਰਭਸਿਮਰਨ ਕੌਰ ਨੇ 90 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਆਰਟਸ ਗਰੁੱਪ ਵਿੱਚ ਖੁਸ਼ਪ੍ਰੀਤ ਕੌਰ ਨੇ 89.8 ਫੀਸਦੀ ਅੰਕਾਂ ਨਾਲ ਪਹਿਲਾ, ਹਰਵੀਰ ਮਾਨ ਨੇ 88.6 ਫੀਸਦੀ ਅੰਕਾਂ ਨਾਲ ਦੂਜਾ ਅਤੇ ਜੈ ਸ਼ਰਮਾ ਨੇ 88 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਮੇਤ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਚੰਗੇ ਨਤੀਜੇ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕੀਤਾ।

# ਐੱਨ ਆਰ ਆਈ ਵੱਲੋਂ ਐੱਸ ਡੀ ਚੈਰੀਟੇਬਲ ਹਸਪਤਾਲ ਨੂੰ ਵਾਟਰ ਕੂਲਰ ਭੇਟ

**ਸੁਲਤਾਨਪੁਰ ਲੋਧੀ, (ਹਨੀ)** - ਸਨਾਤਨ ਧਰਮ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਰਕੇਸ਼ ਕੁਮਾਰ ਧੀਰ ਦੀ ਅਗਵਾਈ ਵਿਚ ਐੱਸ ਡੀ ਚੈਰੀਟੇਬਲ ਹਸਪਤਾਲ ਵਿਖੇ ਇਕ ਵਿਸ਼ੇਸ਼ ਧੰਨਵਾਦ ਸਮਾਗਮ ਕੀਤਾ ਗਿਆ ।ਇਸ ਦੌਰਾਨ ਰਮੇਸ਼ ਚੋਪੜਾ ਅਤੇ ਰਜਨੀ ਚੋਪੜਾ ਯੂ ਐੱਸ ਏ ਵੱਲੋਂ ਐੱਸ ਡੀ ਚੈਰੀਟੇਬਲ ਹਸਪਤਾਲ ਨੂੰ ਭੇਟ ਕੀਤੇ ਵਾਟਰ ਕੂਲਰ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਪ੍ਰਧਾਨ ਰਕੇਸ਼ ਧੀਰ ਨੇ ਕਿਹਾ ਕਿ ਇਨਸਾਨ ਭਾਵੇਂ ਦੁਨੀਆ ਦੇ ਕਿਸੇ ਕੋਨੇ ਵਿੱਚ ਵੀ ਜਾ ਵੱਸੇ, ਪਰ ਉਸ ਦੀਆਂ ਆਪਣੀ ਜਨਮ ਭੂਮੀ ਨਾਲ ਹਮੇਸ਼ਾ ਮੋਹ ਦੀਆਂ ਤੰਦਾਂ ਜੁੜੀਆਂ ਰਹਿੰਦੀਆਂ ਹਨ ।ਉਨ੍ਹਾਂ ਦੱਸਿਆ ਕਿ ਰਮੇਸ਼ ਚੋਪੜਾ ਦਾ ਪਿਛੋਕੜ ਵੀ ਸੁਲਤਾਨਪੁਰ ਲੋਧੀ ਹੈ ਤੇ ਉਨ੍ਹਾਂ ਸਿੱਖਿਆ ਵੀ ਐੱਸ ਡੀ ਸੀਨੀਅਰ ਸੈਕੰਡਰੀ ਸਕੂਲ ਤੋਂ ਹੀ ਹਾਸਲ ਕੀਤੀ ਹੈ। ਬਾਅਦ ਵਿਚ ਉਹ ਅਮਰੀਕਾ ਚਲੇ ਗਏ । ਉਨ੍ਹਾਂ ਕਿਹਾ ਕਿ ਸਨਾਤਨ ਧਰਮ ਸਭਾ ਚੋਪੜਾ ਪਰਿਵਾਰ ਦੀ ਹਮੇਸ਼ਾ ਰਿਣੀ ਰਹੇਗੀ । ਪ੍ਰਧਾਨ ਧੀਰ ਨੇ ਰਿਟਾਇਰਡ ਨਾਇਬ ਤਹਿਸੀਲਦਾਰ ਵਿਨੋਦ ਕੁਮਾਰ ਸ਼ਰਮਾ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਉੱਦਮ ਸਦਕਾ ਵਾਟਰ ਕੂਲਰ ਲਈ ਭੇਜੀ ਰਾਸ਼ੀ ਸੰਸਥਾ ਨੂੰ ਮਿਲੀ । ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦਿਨੇਸ਼ ਧੀਰ, ਰਿਟਾਇਰਡ ਨਾਇਬ ਤਹਿਸੀਲਦਾਰ ਵਿਨੋਦ ਕੁਮਾਰ ਸ਼ਰਮਾ, ਸੰਜੀਵ ਕੁਮਾਰ ਸ਼ਰਮਾ, ਜੈਨ ਪ੍ਰਕਾਸ਼ ਚਾਵਲਾ ਆਦਿ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ ।

# ਸੰਤ ਹੀਰਾ ਦਾਸ ਗਰਲਜ਼ ਕਾਲਜੀਏਟ ਸਕੂਲ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ

**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚੋਂ ਸੰਤ ਹੀਰਾ ਦਾਸ ਗਰਲਜ਼ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜੀਏਟ ਪ੍ਰਿੰਸੀਪਲ ਕਰੁਣਾ ਅਤੇ ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਇਨ੍ਹਾਂ ਨਤੀਜਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਵਾਰ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਿਨ੍ਹਾਂ ਵਿੱਚੋਂ ਆਰਟਸ ਵਿੱਚੋਂ ਤਾਨੀਆ ਨੇ 474/500 ਅੰਕ ਲੈ ਕੇ ਪਹਿਲੀ ਪੁਜੀਸ਼ਨ, ਤਮਸਾ ਨੇ 426/500 ਅੰਕ ਲੈ ਕੇ ਦੂਜੀ ਪੁਜੀਸ਼ਨ, ਕਿਰਨਦੀਪ ਕੌਰ ਨੇ 418/500 ਅੰਕ ਲੈ ਕੇ ਤੀਸਰੀ ਪੁਜੀਸ਼ਨ ਹਾਸਲ ਕੀਤੀ। ਮੈਡੀਕਲ ਤੇ ਨਾਨ ਮੈਡੀਕਲ ਵਿੱਚ ਕੰਚਨ ਨੇ ਪਹਿਲੀ, ਪ੍ਰਿੰਅੰਕਾ ਨੇ ਦੂਜੀ ਤੇ ਰਮਨਪ੍ਰੀਤ ਨੇ ਤੀਜੀ ਪੁਜੀਸ਼ਨ ਹਾਸਲ ਕੀਤੀ । ਕਮਰਸ ਵਿੱਚੋਂ ਜੈਸਮੀਨ ਨੇ 469/500 ਅੰਕ ਲੈ ਕੇ ਪਹਿਲੀ ,ਦੀਕਸ਼ਾ ਨੇ 469/500 ਅੰਕ ਲੈ ਕੇ ਪਹਿਲੀ , ਸ਼ਰਨਜੀਤ ਕੌਰ ਨੇ 457/500 ਅੰਕ ਲੈ ਕੇ ਦੂਜੀ, ਨਵਦੀਪ ਕੌਰ ਨੇ 452/500 ਅੰਕ ਲੈ ਕੇ ਤੀਜੀ ਪੁਜੀਸ਼ਨ ਹਾਸਲ ਕੀਤੀ। ਵੱਖ-ਵੱਖ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ੀਤਲ ਸਿੰਘ ਸੰਘਾ, ਡਾਇਰੈਕਟਰ ਡਾਕਟਰ ਰਾਮ ਮੂਰਤੀ, ਪ੍ਰਿੰਸੀਪਲ ਕਰੁਣਾ, ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਅਤੇ ਸਮੂਹ ਸਟਾਫ ਮੈਂਬਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਥੇ ਤੁਸੀਂ ਕਾਲਜੀਏਟ ਸਕੂਲ ਦਾ ਨਾਂਅ ਰੋਸ਼ਨ ਕੀਤਾ ਉੱਥੇ ਸਮਾਜ ਵਿੱਚ ਮਾਪਿਆਂ ਦਾ ਮਾਣ ਵੀ ਵਧਾਇਆ ਹੈ।



# 'ਵਰਸਿਟੀ ਨੂੰ ਅੱਗੇ ਵਧਾਉਣ 'ਚ ਕਰਮਚਾਰੀਆਂ ਦਾ ਅਹਿਮ ਯੋਗਦਾਨ : ਪ੍ਰੋ. ਬੀ ਆਰ ਕੰਬੋਜ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਵਿਚ ਸੇਵਾਮੁਕਤ ਕਰਮਚਾਰੀਆਂ ਲਈ ਸੇਵਾ ਸਨਮਾਨ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ।ਇਸ ਪ੍ਰੋਗ੍ਰਾਮ ਵਿੱਚ ਵਾਇਸ ਚਾਂਸਲਰ ਪ੍ਰੋਫੈਸਰ ਬੀ ਆਰ ਕੰਬੋਜ ਮੁੱਖ ਮਹਿਮਾਨ ਰਹੇ।ਉਨ੍ਹਾਂ ਨੇ ਪਿਛਲੀ ਦਸੰਬਰ, ਜਨਵਰੀ ਤੇ ਫਰਵਰੀ ਮਹੀਨੇ ਦੌਰਾਨ 25 ਸੇਵਾਮੁਕਤ ਹੋਏ ਯੂਨੀਵਰਸਿਟੀ ਦੇ ਕਰਮਚਾਰੀਆਂ ਨੂੰ ਸ਼ਾਲ ਅਤੇ ਸਮ੍ਰਿਤੀ ਚਿੰਨ੍ਹ ਭੇਟ ਕਰ ਸਨਮਾਨਿਤ ਕੀਤਾ।ਵਾਇਸ ਚਾਂਸਲਰ ਪ੍ਰੋਫੈਸਰ ਬੀ ਆਰ ਕੰਬੋਜ ਨੇ ਸੇਵਾਮੁਕਤ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦੀ ਸੇਵਾਵਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਕਿਹਾ ਕਿ ਤੁਹਾਡਾ ਹਿਸਾਰ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰਤੀ ਸਮਰਪਣ ਅਤੇ ਸਖਤ ਮਿਹਨਤ ਸਾਡੀ ਸਾਰਿਆਂ ਲਈ ਪ੍ਰੇਰਣਾ ਰਿਹਾ ਹੈ। ਸਾਰਿਆਂ ਨੇ ਮਿਲ ਕੇ ਯੂਨੀਵਰਸਿਟੀ ਨੂੰ ਉਚਾਈ 'ਤੇ ਲੈ ਜਾਣ ਦਾ ਕੰਮ ਕੀਤਾ ਹੈ।ਸੇਵਾਮੁਕਤ ਕਰਮਚਾਰੀ ਯੂਨੀਵਰਸਿਟੀ ਨਾਲ ਜੁੜੇ ਰਹਿ ਕੇ ਹਿਸਾਰ ਖੇਤੀਬਾੜੀ ਯੂਨੀਵਰਸਿਟੀ ਦੇ ਵਿਕਾਸ ਵਿਚ ਆਪਣਾ ਸਕਾਰਾਤਮ ਯੋਗਦਾਨ ਦਿੰਦੇ ਰਹਿਣ।

# ਗੁਰਦੀਪ ਸਿੰਘ ਕੰਗ ਨੇ ਧਾਰਮਿਕ ਸਥਾਨਾਂ ਨੂੰ ਭੇਟ ਕੀਤੇ ਪੱਖੇ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਨੁੱਖਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ ਨੇ ਆਪਣੀ ਭਤੀਜੀ ਅਤੇ ਕੈਨੇਡਾ ਦੀ ਵਸਨੀਕ ਮਾਨਸੀ ਕੰਗ ਦੇ ਸਹਿਯੋਗ ਨਾਲ ਦੋ ਧਾਰਮਿਕ ਸਥਾਨਾਂ ਨੂੰ ਅੱਠ ਛੱਤ ਵਾਲੇ ਪੱਖੇ ਭੇਟ ਕੀਤੇ।ਉਨ੍ਹਾਂ ਦੱਸਿਆ ਕਿ ਚਾਰ ਪੱਖੇ ਦੁਖਭੰਜਨ ਗੁਰਦੁਆਰਾ ਸਾਹਿਬ ਨਿਊ ਮਾਡਲ ਟਾਊਨ ਨੂੰ ਅਤੇ ਚਾਰ ਪੱਖੇ ਸ੍ਰੀ ਕ੍ਰਿਸ਼ਨਾ ਧਾਮ ਮੰਦਿਰ ਬਾਬਾ ਬਾਲਕ ਨਾਥ ਖੇੜਾ ਰੋਡ ਫਗਵਾੜਾ ਨੂੰ ਭੇਟ ਕੀਤੇ ਗਏ ਹਨ। ਲਾਇਨ ਕੰਗ ਨੇ ਦੱਸਿਆ ਕਿ ਉਹਨਾਂ ਦੀ ਭਤੀਜੀ ਮਾਨਸੀ ਕੰਗ ਬੇਸ਼ੱਕ ਕੈਨੇਡਾ ਵਿੱਚ ਰਹਿੰਦੀ ਹੈ, ਪਰ ਉਸ ਦੇ ਦਿਲ ਪ੍ਰਤੀ ਸਮਾਜ ਸੇਵਾ ਦਾ ਜਜ਼ਬਾ ਹੈ ਤੇ ਉਹ ਲੋੜਵੰਦਾਂ ਦੀ ਸੇਵਾ ਨੂੰ ਸਮਰਪਿਤ ਹੈ।ਇਸ ਮੌਕੇ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਸਕੱਤਰ ਲਾਇਨ ਸੰਜੀਵ ਲਾਂਬਾ, ਕੈਸ਼ੀਅਰ ਜੁਗਲ ਬਵੇਜਾ ਅਤੇ ਪੀ.ਆਰ.ਓ. ਸੁਮਿਤ ਭੰਡਾਰੀ ਤੇ ਰਮੇਸ਼ ਸ਼ਿੰਗਾਰੀ ਆਦਿ ਹਾਜ਼ਰ ਸਨ।

# ਸੜਕ ਹਾਦਸੇ 'ਚ ਸੇਵਾਮੁਕਤ ਏ ਐੱਸ ਆਈ ਦੀ ਮੌਤ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਅੱਜ ਦੇਰ ਸ਼ਾਮ ਟਾਂਡਾ ਸ੍ਰੀਹਰਗੋਬਿੰਦਪੁਰ ਰੋਡ 'ਤੇ ਬਿਆਸ ਦਰਿਆ ਪੁਲ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਰਾਤ 8 ਵਜੇ ਦੇ ਕਰੀਬ ਉਸ ਸਮੇਂ ਵਾਪਰਿਆ ਜਦੋਂ 2 ਕਾਰਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ ਅਤੇ ਇੱਕ ਕਾਰ ਸੜਕ ਕਿਨਾਰੇ ਪਲਟ ਗਈ। ਹਾਦਸੇ ਵਿੱਚ ਜ਼ਖ਼ਮੀ ਰਘਵੀਰ ਸਿੰਘ ਪੁੱਤਰ ਚੈਨ ਸਿੰਘ ਵਾਸੀ ਟਾਂਡੀ ਔਲਖ, ਰਸ਼ਪਾਲ ਸਿੰਘ ਪੁੱਤਰ ਸੁਰਨ ਸਿੰਘ ਅਤੇ ਸਵਿਫ਼ਟ ਕਾਰ ਵਿੱਚ ਸਵਾਰ ਕਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਟਾਂਡਾ ਨੂੰ ਸਰਕਾਰੀ ਹਸਪਤਾਲ ਟਾਂਡਾ ਵਿਖੇ ਲਿਆਂਦਾ ਗਿਆ। ਪਰ ਇਸ ਦੌਰਾਨ ਸੇਵਾਮੁਕਤ ਏ.ਐਸ.ਆਈ ਰਘਵੀਰ ਸਿੰਘ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਦੂਜੀ ਕ੍ਰੇਟਾ ਕਾਰ 'ਚ ਸਵਾਰ ਯਾਤਰੀ ਵੀ ਜ਼ਖ਼ਮੀ ਹੋ ਗਿਆ। ਥਾਣਾ ਬਸਤੀ ਬੋਹੜ ਦੀ ਟੀਮ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਜ਼ਖਮੀ ਹੋਏ ਟਰੱਕ ਡਰਾਈਵਰ ਦੀ ਇਲਾਜ ਦੌਰਾਨ ਮੌਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਜਲੰਧਰ-ਪਠਾਨਕੋਟ ਰਾਸ਼ਟਰੀ ਮਾਰਗ ਤੇ ਪਿੰਡ ਢਡਿਆਲਾ ਨਜ਼ਦੀਕ ਬੀਤੀ 29 ਅਪ੍ਰੈਲ ਨੂੰ ਵਾਪਰੇ ਇੱਕ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਏ 56 ਸਾਲਾ ਟਰੱਕ ਡਰਾਈਵਰ ਦੀ ਪੀ ਜੀ ਆਈ ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ ਹੋ ਗਈ। ਟਾਂਡਾ ਪੁਲਸ ਨੇ ਮੌਤ ਦਾ ਸ਼ਿਕਾਰ ਹੋਏ ਗਿਰਧਾਰੀ ਲਾਲ ਪੁੱਤਰ ਨਾਰਾਇਣ ਦਾਸ ਵਾਸੀ ਪਿੰਡ ਘਰਾਲਾ (ਗੁਰਦਾਸਪੁਰ) ਦੇ ਸਾਲੇ ਸੰਜੀਵ ਕੁਮਾਰ ਪੁੱਤਰ ਚਮਨ ਲਾਲ ਵਾਸੀ ਰਾਜਪੁਰ ਗਿਰੀ (ਮੁਕੇਰੀਆਂ) ਦੇ ਬਿਆਨਾਂ 'ਤੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਟਾਂਡਾ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੰਜੀਵ ਕੁਮਾਰ ਦੇ ਦੱਸਿਆ ਕਿ ਬੀਤੀ 29 ਅਪ੍ਰੈਲ ਨੂੰ ਉਸ ਨੂੰ ਪਤਾ ਲੱਗਾ ਕਿ ਉਸ ਦਾ ਜੀਜਾ ਗਿਰਧਾਰੀ ਲਾਲ ਰਾਸ਼ਟਰੀ ਮਾਰਗ ਦੇ ਪਿੰਡ ਢਡਿਆਲਾ ਨਜ਼ਦੀਕ ਇਕ ਢਾਬੇ 'ਤੇ ਰੋਟੀ ਖਾਣ ਲਈ ਰੁਕਿਆ ਸੀ ਕਿ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਪਹੁੰਚਾਇਆ ਗਿਆ ਉਪਰੰਤ ਹਾਲਤ ਗੰਭੀਰ ਦੇਖਦੇ ਹੋਏ ਪੀ ਜੀ ਹਸਪਤਾਲ ਚੰਡੀਗੜ੍ਹ ਰੈਫਰ ਕੀਤਾ ਗਿਆ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਟਾਂਡਾ ਪੁਲਸ ਨੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ 'ਚ ਸਨਮਾਨ ਸਮਾਰੋਹ



**ਮਹਿਤਪੁਰ (ਰਾਜਾ)**- ਬਹੁਤ ਮਿਹਨਤੀ ਅਤੇ ਆਪਣੇ ਕਿੱਤੇ ਨੂੰ ਸਮਰਪਤ ਮਲਕੀਤ ਸਿੰਘ ਲੈਕਚਰਾਰ ਇਕਨਾਮਿਕਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ, ਜਲੰਧਰ ਬੀਤੇ ਦਿਨੀਂ ਸੇਵਾ ਮੁਕਤ ਹੋਏ। ਸਕੂਲ ਦੇ ਵਿਹੜੇ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਸੇਵਾ ਮੁਕਤੀ ਅਤੇ ਸਨਮਾਨ ਸਮਰੋਹ ਸਕੂਲ ਸਟਾਫ਼, ਗ੍ਰਾਮ ਪੰਚਾਇਤ ਸੰਗੋਵਾਲ, ਐਸ.ਐਮ.ਸੀ., ਜੀ.ਟੀ.ਯੂ.ਪੰਜਾਬ (ਵਿਗਿਆਨਕ) ਵੱਲੋਂ ਸਾਂਝੇ ਤੌਰ 'ਤੇ ਕਰਾਇਆ ਗਿਆ। ਮਲਕੀਤ ਸਿੰਘ, ਉਨ੍ਹਾਂ ਦੀ ਪਤਨੀ ਅਤੇ ਬੇਟੀ ਨੂੰ ਇਸ ਸਮੇਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਮਲਕੀਤ ਸਿੰਘ ਨੇ ਸ.ਸ.ਸ.ਸ. ਸੰਗੋਵਾਲ ਨੂੰ ਇੱਕ ਲੱਖ ਰੁਪਏ ਸਕੂਲ ਦੇ ਵਿਕਾਸ ਕਾਰਜਾਂ ਲਈ ਭੇਟ ਕੀਤੇ। ਇਸ ਸਨਮਾਨ ਸਮਰੋਹ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਜ਼ਿਲ੍ਹਾ ਜਲੰਧਰ ਨੂੰ 5100 ਰੁਪਏ ਸਹਾਇਤਾ ਰਾਸ਼ੀ ਭੇਟ ਕੀਤੀ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦੇ ਸੂਬਾ ਜਥੇਬੰਦਕ ਸਕੱਤਰ ਕੰਵਲਜੀਤ ਸੰਗੋਵਾਲ ਨੇ ਜਥੇਬੰਦੀ ਵੱਲੋਂ ਮਲਕੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨੂੰ ਇਸ ਸਨਮਾਨ ਸਮਾਰੋਹ ਸਮੇਂ ਵਧਾਈਆਂ ਦਿੱਤੀਆਂ। ਮਲਕੀਤ ਸਿੰਘ ਨੇ ਆਪਣੀ ਲਗਭਗ 33 ਸਾਲ ਦੀ ਸਰਕਾਰੀ ਸੇਵਾ ਵਿੱਚੋਂ 1996 ਤੋਂ 2017 ਤੱਕ ਬਤੌਰ ਗਣਿਤ ਮਾਸਟਰ ਅਤੇ 2017 ਤੋਂ ਸੇਵਾ ਮੁਕਤੀ ਤੱਕ ਬਤੌਰ ਲੈਕਚਰਾਰ 28 ਸਾਲ ਸੰਗੋਵਾਲ ਸਕੂਲ ਵਿੱਚ ਸੇਵਾ ਕੀਤੀ। ਸਕੂਲ ਦੇ ਪ੍ਰਿੰਸੀਪਲ ਮਨਪ੍ਰੀਤ ਕੁਮਾਰ ਨੇ ਸਕੂਲ ਆਏ ਸਾਰੇ ਪਤਵੰਤਿਆਂ ਨੂੰ ਜੀ ਆਇਆਂ ਕਿਹਾ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਲੈਕਚਰਾਰ ਸਤਿੰਦਰ ਕੌਰ ਨੇ ਨਿਭਾਈ। ਸਕੂਲ ਦੇ ਬੱਚਿਆਂ ਨੇ ਇਸ ਮੌਕੇ ਸੱਭਿਆਚਾਰਕ ਗੀਤ, ਗਿੱਧਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ। ਇਸ ਸੇਵਾ ਮੁਕਤੀ ਸਮਾਗਮ ਸਮੇਂ ਨਕੋਦਰ-1 ਦੇ ਬੀ.ਐਨ.ਓ. ਪ੍ਰਿੰਸੀਪਲ ਹਰਜੀਤ ਸਿੰਘ , ਸਾਬਕਾ ਪ੍ਰਿੰਸੀਪਲ ਸੀਤਲ ਸਿੰਘ, ਡਾ. ਗੁਰਪਾਲ ਸਿੰਘ, ਸਾਬਕਾ ਸਰਪੰਚ ਬੀਟਲ ਝੁੱਗੀਆਂ ਲਛਮਣ ਸਿੰਘ, ਸਾਬਕਾ ਸਰਪੰਚ ਬਲਦੇਵ ਸਿੰਘ, ਲੰਬੜਦਾਰ ਜਸਪਾਲ ਸਿੰਘ, ਜੀ ਟੀ ਯੂ ਬਲਾਕ ਪ੍ਰਧਾਨ ਨਕੋਦਰ ਰਾਕੇਸ਼ ਕੁਮਾਰ ਬੰਟੀ, ਇੰਸਪੈਕਟਰ ਰਣਜੀਤ ਸਿੰਘ, ਪ੍ਰਧਾਨ ਮਾਸਟਰ ਹਰਭਜਨ ਸਿੰਘ, ਗੁਰਮਖ ਸਿੰਘ ਬਘੇਲਾ, ਸੁਖਵਿੰਦਰ ਸਿੰਘ ਆਦਰਮਾਨ, ਸੀ.ਐਚ.ਟੀ ਜਸਵੀਰ ਸਿੰਘ ਖਾਲਸਾ, ਜਗਜੀਤ ਸਿੰਘ, ਵੱਖ-ਵੱਖ ਸਕੂਲਾਂ ਦੇ ਸਕੂਲ ਮੁਖੀ ਅਤੇ ਸਟਾਫ਼, ਸੰਗੋਵਾਲ ਪਿੰਡ ਦੇ ਪਤਵੰਤੇ ਸੱਜਣ, ਮਲਕੀਤ ਸਿੰਘ ਦੇ ਭਰਾ ਅਤੇ ਹੋਰ ਰਿਸ਼ਤੇਦਾਰ ਇਸ ਸਮਾਗਮ ਸਮੇਂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।

# ਮੁਲਾਜ਼ਮਾਂ ਦੀ ਨਜ਼ਰਬੰਦੀ ਖਿਲਾਫ ਰੋਸ ਮਾਰਚ ਅੱਜ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਅੱਜ ਫਗਵਾੜਾ ਦੇ ਕਮੇਟੀ ਘਰ ਵਿਖੇ ਪਰਮਿੰਦਰ ਪਾਲ ਸਿੰਘ ਦੁਆਰਾ ਸੱਦੀ ਗਈ ਸਮੂਹ ਮੁਲਾਜ਼ਮ ਜਥੇਬੰਦੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ । ਉਨ੍ਹਾਂ 2 ਮਈ ਨੂੰ ਭਗਵੰਤ ਮਾਨ ਦੇ ਫਗਵਾੜਾ ਦੇ ਰੋਡ ਸ਼ੋਅ ਦੌਰਾਨ ਪੁਲਸ ਪ੍ਰਸ਼ਾਸਨ ਫ਼ਗਵਾੜਾ ਦੁਆਰਾ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਘਰਾਂ ਅਤੇ ਸਕੂਲਾਂ ਵਿੱਚ ਨਜ਼ਰਬੰਦ ਕਰਨ ਦਾ ਸਖ਼ਤ ਵਿਰੋਧ ਕੀਤਾ। ਮੀਟਿੰਗ ਵਿੱਚ ਹਾਜ਼ਰ ਸਤਵੰਤ ਟੂਰਾ, ਜਸਵੀਰ ਸਿੰਘ ਸੈਣੀ, ਹੰਸ ਰਾਜ ਬੰਗੜ, ਗੁਰਮੁਖ ਲੋਕ ਪ੍ਰੇਮੀ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਕੌੜਾ ਆਦਿ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਖਿਲਾਫ 6 ਮਈ ਨੂੰ ਕਮੇਟੀ ਘਰ ਤੋਂ ਐਸ ਡੀ ਐਮ ਦੇ ਦਫਤਰ ਤੱਕ ਰੋਸ ਮਾਰਚ ਕੱਢਿਆ ਜਾਵੇਗਾ ਅਤੇ ਪ੍ਰਸ਼ਾਸਨ ਨੂੰ ਇੱਕ ਚੇਤਾਵਨੀ ਪੱਤਰ ਵੀ ਜਾਰੀ ਕੀਤਾ ਜਾਵੇਗਾ। ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਏਨਾ ਡਰ ਗਿਆ ਹੈ ਕਿ ਜਿਥੇ ਵੀ ਰੋਡ ਸ਼ੋਅ ਕਰਨਾ ਹੈ ਉਸ ਖੇਤਰ ਦੇ ਮੁੱਖ ਮੁਲਾਜ਼ਮ ਆਗੂਆਂ ਨੂੰ ਹੀ ਨਜ਼ਰਬੰਦ ਕਰਵਾ ਰਿਹਾ ਹੈ।ਸਮੂਹ ਜਥੇਬੰਦੀਆਂ ਨੇ ਮੀਟਿੰਗ ਉਪਰੰਤ ਫੈਸਲਾ ਕੀਤਾ ਹੈ ਕਿ ਜੇਕਰ ਅਗਾਂਹ ਕਿਸੇ ਵੀ ਰੋਡ ਸ਼ੋਅ ਦੇ ਦੌਰਾਨ ਜ਼ਿਲ੍ਹਾ ਕਪੂਰਥਲਾ ਦੇ ਜਥੇਬੰਦਕ ਆਗੂਆਂ ਨੂੰ ਨਜ਼ਰਬੰਦ ਕੀਤਾ ਗਿਆ ਤਾਂ ਮੁਲਾਜ਼ਮ ਖੁੱਲ੍ਹ ਕੇ ਸਾਹਮਣੇ ਆਉਣਗੇ ਅਤੇ ਪੰਜਾਬ ਸਰਕਾਰ ਦਾ ਵਿਰੋਧ ਕਰਨਗੇ। ਇਸ ਮੌਕੇ ਜਸਵੀਰ ਭੰਗੂ, ਗੌਰਵ ਰਾਠੌਰ, ਹਰਸਿਮਰਨ ਸਿੰਘ, ਕੁਲਦੀਪ ਸਿੰਘ, ਰਾਮ ਪਾਲ, ਤੀਰਥ ਸਿੰਘ, ਹਰਜਿੰਦਰ ਸਿੰਘ, ਸੀਤਲ ਰਾਮ ਬੰਗਾ, ਜਸਵਿੰਦਰ ਸਿੰਘ ਕੁਲਵਿੰਦਰ ਕੌਰ, ਹਰਜਿੰਦਰ ਪਾਲ ਕੌਰ, ਕਮਲੇਸ਼ ਮੈਡਮ ਆਦਿ ਹਾਜ਼ਰ ਸਨ

# ਮਨਜੀਤ ਸਿੰਘ, ਮੱਕੜ ਤੇ ਔਲਖ ਨੂੰ ਅਕਾਲੀ ਦਲ ਨੇ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ

**ਜਲੰਧਰ (ਇਕਬਾਲ ਸਿੰਘ ਉਭੀ)** -ਸ਼੍ਰੋਮਣੀ ਅਕਾਲੀ ਦਲ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਸੀਨੀਅਰ ਅਕਾਲੀ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਹਾਈਕਮਾਂਡ ਵਿੱਚ ਅਹੁਦੇਦਾਰੀਆਂ ਦੇ ਕੇ ਜਿੰਮੇਵਾਰੀਆਂ ਸੌਂਪੀਆਂ।ਮਨਜੀਤ ਸਿੰਘ ਟਰਾਂਸਪੋਰਟਰ ਰਾਮਾ ਮੰਡੀ ਨੂੰ ਮੈਂਬਰ ਪੀ ਏ ਸੀ, ਗੁਰਬਚਨ ਸਿੰਘ ਮੱਕੜ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਲਾਹਕਾਰ, ਬਿਕਰਮਜੀਤ ਸਿੰਘ ਔਲਖ ਨੂੰ ਮੈਂਬਰ ਜਨਰਲ ਕੌਂਸਲ ਨਿਯੁਕਤ ਕੀਤਾ ਗਿਆ। ਜਿਨ੍ਹਾਂ ਨੂੰ ਪਾਰਲੀਮੈਂਟ ਦੀ ਚੋਣ ਮੁਹਿੰਮ ਨੂੰ ਭਖਾਉਣ ਲਈ ਡਿਊਟੀਆਂ ਲਗਾਈਆਂ।ਮਨਜੀਤ ਸਿੰਘ ਟਰਾਂਸਪੋਰਟਰ, ਮੱਕੜ ਤੇ ਔਲਖ ਨੇ ਸੀਨੀਅਰ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਜਿੰਮੇਵਾਰੀਆਂ ਨਿਭਾਉਣਗੇ।ਉਹਨਾਂ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਬੀਬੀ ਜਗੀਰ ਕੌਰ, ਕੁਲਵੰਤ ਸਿੰਘ ਮੰਨਣ ਤੇ ਇਕਬਾਲ ਸਿੰਘ ਢੀਂਡਸਾ ਹਲਕਾ ਇੰਚਾਰਜ ਦਾ ਧੰਨਵਾਦ ਕੀਤਾ।

# ਕਜਲਾ ਗੋਤ ਦੇ ਜਠੇਰਿਆਂ ਦਾ ਮੇਲਾ 19 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)** ਗੋਤ ਕਾਜਲ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 19 ਮਈ ਦਿਨ ਐਤਵਾਰ ਨੂੰ ਸਮੂਹ ਕਾਜਲਾ ਪਰਵਾਰ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ।ਪ੍ਰਧਾਨ ਬੂਟਾ ਰਾਮ ਨਾਗਰਾ, ਕੈਸ਼ੀਅਰ ਅਵਤਾਰ ਰਾਮ, ਨਿਰਵੈਰ ਸਿੰਘ, ਕਾਲਾ ਮੁਜ਼ਫਰਪੁਰ, ਨੀਲਮ ਕਜਲਾ, ਜਸਵਿੰਦਰ ਸਿੰਘ, ਬਲਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਮਰਨਾਈਆਂ ਹੁਸ਼ਿਆਰਪੁਰ ਵਿਖੇ ਕਰਵਾਏ ਜਾਣ ਵਾਲੇ ਜੋੜ ਮੇਲੇ ਦੇ ਸਮਾਗਮ ਦੌਰਾਨ ਝੰਡਾ ਝੁਲਾਉਣ, ਚਾਦਰ ਚੜ੍ਹਾਉਣ ਤੇ ਚਿਰਾਗ ਰੌਸ਼ਨ ਕਰਨ ਦੀ ਰਸਮ ਸਵੇਰੇ 10 ਵਜੇ ਕੀਤੀ ਜਾਵੇਗੀ।ਉਪਰੰਤ ਧਾਰਮਿਕ ਪੰਡਾਲ ਸਜਾਇਆ ਜਾਵੇਗਾ, ਜਿਸ 'ਚ ਪੰਜਾਬ ਭਰ 'ਚੋਂ ਕਲਾਕਾਰ ਪਹੁੰਚ ਕੇ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ।

6-MAY-PAGE-10.qxd 5/5/2024 10:11 PM Page 1



# ਮੰਗਾਂ ਨਾ ਮੰਨਣ 'ਤੇ ਖਫਾ ਪੈਨਸ਼ਨਰ ਸਰਕਾਰ ਨੂੰ ਲੋਕ ਸਭਾ ਚੋਣਾਂ 'ਚ ਸਿਖਾਉਣਗੇ ਸਬਕ



**ਦੋਰਾਹਾ (ਹਰਮਿੰਦਰ ਸੇਠ)**-ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨਾ ਮੰਨਣ 'ਤੇ ਪੈਨਸ਼ਨਰਾਂ ਪ੍ਰਤੀ ਅਪਣਾਈ ਟਾਲ ਮਟੋਲ ਦੀ ਨੀਤੀ ਦੀ ਘੋਰ ਨਿੰਦਿਆ ਕਰਦੇ ਹੋਏ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ ਵਿੱਚ ਸਰਕਾਰ ਨੂੰ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਸਬਕ ਸਿਖਾਉਣ ਦਾ ਫੈਸਲਾ ਲਿਆ ਗਿਆ।

ਸਰਕਾਰ ਦੀ ਪੈਨਸ਼ਨਰਾਂ ਦੀਆਂ ਮੰਗਾਂ ਲਾਗੂ ਕਰਨ ਪ੍ਰਤੀ ਟਾਲ-ਮਟੋਲ ਦੀ ਨਿਤੀ ਦੀ ਨਿਖੇਧੀ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਲੋਕ ਸਭਾ ਚੋਣਾਂ ਅੰਦਰ ਵੱਖ ਵੱਖ ਪਾਰਟੀਆਂ ਲੋਕ ਮੁੱਦਿਆਂ ਤੋਂ ਪਰ੍ਹਾਂ ਹਟ ਕੇ ਇੱਕ ਦੂਜੇ ਉੱਪਰ ਚਿੱਕੜ ਸੁੱਟਣ 'ਤੇ ਜ਼ੋਰ ਦੇ ਰਹੀਆਂ ਹਨ ਤੇ ਲੋਕਾਂ ਨੂੰ ਮੂਰਖ ਬਣਾ ਰਹੀਆਂ ਹਨ ਅਤੇ ਵੋਟਾਂ ਮੰਗ ਰਹੀਆਂ ਹਨ।ਸਰਕਾਰ ਪੈਨਸ਼ਨਰਾਂ ਨੂੰ ਖਜ਼ਾਨੇ ਉੱਪਰ ਬੋਝ ਸਮਝਦਿਆਂ ਪੈਨਸ਼ਨਾਂ ਬੰਦ ਕਰਨ ਪਿੱਛੇ ਸਾਜ਼ਿਸ਼ਾਂ ਰਚ ਰਹੀ ਹੈ, ਦੂਜੇ ਪਾਸੇ ਐੱਮ ਪੀ, ਐੱਮ ਐੱਲ ਏ ਤੇ ਆਈ ਏ ਐੱਸ ਅਧਿਕਾਰੀ ਅਤੇ ਜੱਜਾਂ ਉੱਪਰ ਸਾਰੇ ਪੁਰਾਣੀ ਪੈਨਸ਼ਨ ਸਕੀਮ, ਕੇਂਦਰ ਵੱਲੋਂ ਦਿੱਤਾ ਡੀ ਏ ਲੈ ਰਹੇ ਹਨ, ਜਦੋਂਕਿ ਪੈਨਸ਼ਨਰਾਂ ਨੂੰ ਨਹੀਂ ਦੇ ਰਹੀ।ਇਸ ਤੋਂ ਸਾਫ ਜ਼ਾਹਰ ਹੈ ਕਿ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ, ਮੁਲਾਜ਼ਮਾਂ, ਕਿਸਾਨਾਂ ਤੇ ਮਜ਼ਦੂਰਾਂ, ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ।ਪੈਨਸ਼ਨਰ ਤੇ ਮੁਲਾਜ਼ਮ ਛੇਵੇਂ ਪੇ ਕਮਿਸ਼ਨ ਮੁਤਾਬਕ ਪੈਨਸ਼ਨ ਦੁਹਰਾਈ, ਡੀ ਏ ਦੀਆਂ ਕਿਸ਼ਤਾਂ ਤੇ ਉਨ੍ਹਾਂ ਦਾ ਬਕਾਇਆ ਦੇਣ ਦੀ ਮੰਗ ਕਰ ਰਹੇ ਹਨ।ਐਸੋਸੀਏਸ਼ਨ ਦੇ ਸਕੱਤਰ ਗੁਰਦਿਆਲ ਸਿੰਘ ਦਲਾਲ ਤੇ ਜਾਇੰਟ ਸਕੱਤਰ ਰਣਜੀਤ ਸਿੰਘ ਟਿਵਾਣਾ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਮਾਨਯੋਗ ਅਦਾਲਤਾਂ ਵੱਲੋਂ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਫੈਸਲਿਆਂ ਨੂੰ ਜਨਰਲਾਈਜ਼ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਨਾ ਕਰੇ।ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਜਦੋਂ ਆਮ ਆਦਮੀ ਪਾਰਟੀ ਦੇ ਨੇਤਾ ਵੋਟਾਂ ਮੰਗਣ ਆਉਣ ਤਾਂ ਉਨ੍ਹਾਂ ਨੂੰ ਇਹ ਸਵਾਲ ਕੀਤਾ ਜਾਵੇ ਕਿ ਪੈਨਸ਼ਨਰਾਂ ਲਈ ਸਰਕਾਰ ਨੇ ਕੀ ਕੀਤਾ ਹੈ? ਮੀਟਿੰਗ ਨੂੰ ਪਵਨ ਕੁਮਾਰ ਕੌਸ਼ਲ, ਗੁਦਿਆਲ ਦਲਾਲ, ਰਣਜੀਤ ਸਿੰਘ ਟਿਵਾਣਾ, ਕਰਮ ਸਿੰਘ, ਕਮਲਜੀਤ ਸਿੰਘ, ਰੁਪਿੰਦਰ ਸਿੰਘ, ਕਮਲਜੀਤ ਸਿੰਘ ਕਟਾਣਾ ਸਾਹਿਬ ਨੇ ਵੀ ਸੰਬੋਧਨ ਕੀਤਾ।

# ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ 'ਮੈਡੀਕਲ' ਤੇ 'ਆਰਟਸ' ਦੇ ਨਤੀਜਿਆਂ ਵਿੱਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਵਿੱਚੋਂ ਬਾਰਵੀਂ (ਮੈਡੀਕਲ) 'ਚੋਂ ਸੁਖਪ੍ਰੀਤ ਕੌਰ (85.8%) ਨੇ ਪਹਿਲਾ, ਹਰਮਨਦੀਪ ਕੌਰ (85.2%) ਨੇ ਦੂਜਾ ਤੇ ਸੁਖਮਨ ਕੌਰ (75.6%) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਾਰਵੀਂ (ਆਰਟਸ) 'ਚੋਂ ਅਮਨਪ੍ਰੀਤ ਕੌਰ (89.4%) ਨੇ ਪਹਿਲਾ, ਪਰਮਿੰਦਰ ਕੌਰ (85.8%) ਨੇ ਦੂਜਾ ਤੇ ਅਮਨਪ੍ਰੀਤ ਕੌਰ (85%) ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਤੇ ਐਜੂਕੇਸ਼ਨ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਸਟਾਫ ਮੈਂਬਰਜ਼ ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਖਵੀਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਸੁਖਦੀਪ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ, ਪ੍ਰੋ. ਰਾਜਵਿੰਦਰ ਕੌਰ ਤੇ ਪ੍ਰੋ. ਰੁਚਿਕਾ ਨੇ ਸ਼ਾਨਦਾਰ ਰਿਜ਼ਲਟ ਦੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਵਿਦਿਆਰਥਣਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਖੇਤ ਮਜ਼ਦੂਰ ਦਾ ਪੁੱਤ ਹਾਂ ਕਿਸਾਨਾਂ-ਮਜ਼ਦੂਰਾਂ ਤੇ ਦੁਕਾਨਦਾਰਾਂ ਦੀ ਆਵਾਜ਼ ਉਠਾਵਾਂਗਾ : ਕਰਮਜੀਤ ਅਨਮੋਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਨੇ ਕਿਹਾ ਕਿ ਉਹ ਖੇਤ ਮਜ਼ਦੂਰ ਦਾ ਪੁੱਤ ਹੈ ਤੇ ਹਮੇਸ਼ਾ ਦੀ ਕਿਸਾਨਾਂ ਤੇ ਖੇਤਾਂ ਦੀ ਗੱਲ ਕਰਦਾ ਹਾਂ। ਕਰਮਜੀਤ ਸਿੰਘ ਅਨਮੋਲ ਨੇ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਸੈਦੋ, ਲੋਪੋ, ਬੁੱਟਰ ਕਲਾਂ, ਨਿਹਾਲ ਸਿੰਘ ਵਾਲਾ ਤੇ ਵੱਖ ਵੱਖ ਬਸਤੀਆਂ ਵਿੱਚ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਪ੍ਰਧਾਨ ਜਗਦੀਪ ਸਿੰਘ ਗਟਰ ਤੇ ਹੋਰ ਆਗੂ ਮੌਜੂਦ ਸਨ। ਉਨ੍ਹਾ ਕਿਹਾ ਕਿ ਮੈਂ ਪਿੰਡ ਦਾ ਰਹਿਣ ਵਾਲਾ ਹਾਂ ਤੇ ਪਿੰਡਾਂ ਦੀਆਂ ਸਮੁੱਚੀਆਂ ਸਮੱਸਿਆਵਾਂ ਨੂੰ ਭਲੀਭਾਂਤ ਜਾਣਦਾ ਹੈ। ਕਰਮਜੀਤ ਅਨਮੋਲ ਨੇ ਕਿਹਾ ਕਿ ਭਾਵੇਂ ਮੇਰਾ ਪਿਤਾ ਖੇਤਾਂ ਦਾ ਮਾਲਕ ਨਹੀਂ, ਪਰ ਉਸ ਨੇ ਠੇਕੇ 'ਤੇ ਜ਼ਮੀਨ ਲੈ ਕੇ ਸਾਡੇ ਪਰਵਾਰ ਨੂੰ ਪਾਲਿਆ ਹੈ। ਇਸ ਲਈ ਮੈਂ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਮੁਸ਼ਕਲਾਂ ਨੇੜਿਓਂ ਜਾਣਦਾ ਹਾਂ ਜੇਕਰ ਤੁਸੀਂ ਆਮ ਆਦਮੀ ਪਾਰਟੀ 'ਤੇ ਭਰੋਸਾ ਕਰਕੇ ਮੈਨੂੰ ਜਿਤਾ ਕੇ ਭੇਜਦੇ ਹੋ ਤਾਂ ਮੈਂ ਪਹਿਲ ਦੇ ਅਧਾਰ 'ਤੇ ਸਮੁੱਚੀਆਂ ਮੁਸ਼ਕਲਾਂ ਹੱਲ ਕਰਾਵਾਂਗਾ। ਕਰਮਜੀਤ ਅਨਮੋਲ ਨੇ ਕਿਹਾ ਕਿ ਨਿਰਪੱਖ ਰਿਪੋਰਟਾਂ ਵਿੱਚ ਸਾਹਮਣੇ ਆਇਆ ਹੈ ਕਿ ਦੇਸ਼ ਦੇ ਲੋਕਾਂ ਮੋਦੀ ਨੂੰ ਗੱਦੀ ਤੋਂ ਲਹਾਉਣ ਦੀ ਤਿਆਰੀ ਵਿੱਚ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨੂੰ 300 ਯੂਨਿਟ ਬਿਜਲੀ ਮੁਆਫ ਕੀਤੀ ਗਈ ਹੈ ਤੇ ਖੇਤੀ ਮੋਟਰਾਂ ਲਈ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਹੁਣ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਵੀ ਯਤਨ ਜਾਰੀ ਹਨ। ਇਨ੍ਹਾਂ ਚੋਣ ਜਲਸਿਆਂ ਦੌਰਾਨ ਕਰਮਜੀਤ ਅਨਮੋਲ ਨੇ ਨਿਹਾਲ ਸਿੰਘ ਵਾਲਾ ਦੇ ਦੁਕਾਨਦਾਰਾਂ ਤੇ ਵਪਾਰੀਆਂ ਨਾਲ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਲਦ ਹੱਲ ਕਰਨ ਦਾ ਭਰੋਸਾ ਦਵਾਇਆ। ਇਸ ਮੌਕੇ ਐਡਵੋਕੇਟ ਬੱਬਨ ਗੋਇਲ, ਪ੍ਰਧਾਨ ਜਗਦੀਪ ਸਿੰਘ ਗਟਰਾ, ਪ੍ਰਵੀਨ ਡੋਰੇ, ਵਿਨੋਦ ਕਾਲਾ, ਬੂਟਾ ਸਿੰਘ ਅਹੜਤੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ।

## ਕਾਤਰਾਂ

### ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਤ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਸ ਵਾਰ ਦੇ ਨਤੀਜਿਆਂ 'ਚੋਂ ਹੋਲੀ ਹਾਰਟ ਪਬਲਿਕ ਸਕੂਲ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਸਕੂਲ ਸਟਾਫ ਵੱਲੋਂ ਨਤੀਜਿਆਂ 'ਚੋਂ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਵਜੋਂ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ। ਸਕੂਲ ਦੇ ਐੱਮ. ਡੀ. ਅਜੇ ਜਿੰਦਲ, ਮੁੱਖ ਅਧਿਆਪਕ ਦਹੂਦ ਸਿੰਘ, ਕੋਆਰਡੀਨੇਟਰ ਭਾਰਤੀ ਭੱਟੀ, ਮੈਡਮ ਰੂਮਾ, ਮਨਦੀਪ ਕੌਰ, ਸਤਵੀਰ ਕੌਰ, ਪ੍ਰੀਆ, ਜਨਕ ਰਾਣੀ, ਮੈਡਮ ਅਕੇਸ਼ ਤੇ ਬਲਜਿੰਦਰ ਸਿੰਘ ਆਦਿ ਸਮੂਹ ਸਟਾਫ ਨੇ ਛੇਵੀਂ, ਅੱਠਵੀਂ ਤੇ ਦਸਵੀਂ ਜਮਾਤ ਦੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਤ ਕੀਤਾ ਅਤੇ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਥਾਣੇਦਾਰ ਪਵਨ ਕੁਮਾਰ ਡੀ ਜੀ ਪੀ ਸਰਟੀਫਿਕੇਟ ਨਾਲ ਸਨਮਾਨਤ



**ਸੰਗਰੂਰ (ਪ੍ਰਵੀਨ ਸਿੰਘ)**-ਪੁਲਸ ਲਾਇਨ ਵਿਖੇ ਸਥਿਤ ਐਜੂਕੇਸ਼ਨ ਸੈੱਲ ਦੇ ਇੰਚਾਰਜ ਸਬ ਇੰਸਪੈਕਟਰ ਪਵਨ ਕੁਮਾਰ ਸ਼ਰਮਾ ਨੂੰ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਹਿਲ ਵੱਲੋਂ ਸਨਮਾਨਤ ਕੀਤਾ ਗਿਆ।ਪਵਨ ਕੁਮਾਰ ਸ਼ਰਮਾ ਨੂੰ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਤੇ ਮਹਿਕਮੇ ਵਿੱਚ ਲਗਨ, ਮਿਹਨਤ ਨਾਲ ਕੀਤੇ ਜਾ ਰਹੇ ਕਾਰਜਾਂ ਨੂੰ ਲੈ ਕੇ ਜ਼ਿਲ੍ਹਾ ਪੁਲਸ ਮੁਖੀ ਨੇ ਡੀ. ਜੀ. ਪੀ. ਪੰਜਾਬ ਦੁਆਰਾ ਭੇਜੇ ਫਸਟ ਕਲਾਸ ਦੇ 2 ਸਰਟੀਫਿਕੇਟਾਂ ਤੇ 5000 ਰੁਪਏ ਦੇ ਨਕਦ ਇਨਾਮ ਨਾਲ ਸਨਮਾਨਤ ਕੀਤਾ ਗਿਆ।

### ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਸਣੇ 6 ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਸੀ ਪਠਾਣਾਂ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਬੀ.ਸੀ. ਵਿੰਗ ਦੇ ਪ੍ਰਧਾਨ ਮਲਕੀਤ ਸਿੰਘ ਮਠਾੜੂ 'ਤੇ ਹੋਏ ਕਥਿਤ ਕਾਤਲਾਨਾ ਹਮਲੇ ਦੀ ਤਫ਼ਤੀਸ਼ ਕਰ ਰਹੀ ਬਸੀ ਪਠਾਣਾਂ ਪੁਲਸ ਵੱਲੋਂ ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਥੇਦਾਰ ਜਗਦੀਪ ਸਿੰਘ ਚੀਮਾ ਸਣੇ 6 ਵਿਅਕਤੀਆਂ ਨੂੰ ਮੁਕੱਦਮੇ 'ਚ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਡੀ.ਐਸ.ਪੀ. ਬਸੀ ਪਠਾਣਾਂ ਮੋਹਿਤ ਸਿੰਗਲਾ ਨੇ ਦੱਸਿਆ ਕਿ ਮਲਕੀਤ ਸਿੰਘ ਮਠਾੜੂ 'ਤੇ ਹੋਏ ਹਮਲੇ ਦੇ ਮਾਮਲੇ 'ਚ ਥਾਣਾ ਬਸੀ ਪਠਾਣਾਂ ਵਿਖੇ ਅ/ਧ 307, 323, 341, 34, 120ਬੀ ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਜਿੱਥੇ ਦੋ ਨਾਬਾਲਗਾਂ ਨੂੰ ਕਾਬੂ ਕਰਕੇ ਜੁਵੇਨਾਈਲ ਹੋਮ ਭੇਜਿਆ ਹੈ, ਉੱਥੇ ਹੀ ਇਸ ਮੁਕੱਦਮੇ 'ਚ ਲਵਪ੍ਰੀਤ ਸਿੰਘ ਵਾਸੀ ਪਿੰਡ ਫ਼ਤਹਿਪੁਰ ਅਰਾਈਆਂ, ਕਰਨ ਭਲਵਾਨ ਵਾਸੀ ਬਸੀ ਪਠਾਣਾਂ, ਮਨੀ ਤੇ ਜਗਦੀਪ ਸਿੰਘ ਚੀਮਾ ਵਾਸੀ ਪਿੰਡ ਕਰੀਮਪੁਰਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਤੇ ਮਾਮਲੇ ਦੀ ਤਫ਼ਤੀਸ਼ ਹਾਲੇ ਜਾਰੀ ਹੈ। ਲੋਕ ਸਭਾਂ ਚੋਣਾਂ ਦੌਰਾਨ ਤੇਜ਼ੀ ਨਾਲ ਵਾਪਰੇ ਇਸ ਘਟਨਾਕ੍ਰਮ ਨੂੰ ਅਕਾਲੀ ਦਲ ਦੀ ਅੰਦਰੂਨੀ ਧੜਬੰਦੀ ਵਜੋਂ ਦੇਖਿਆ ਜਾ ਰਿਹਾ ਹੈ।

### ਨਜਾਇਜ਼ ਠੇਕਾ ਸ਼ਰਾਬ ਦੇਸੀ ਸਮੇਤ ਮਹਿਲਾ ਕਾਬੂ

**ਭੀਖੀ (ਧਰਮਵੀਰ ਸ਼ਰਮਾ)**-ਪੁਲਸ ਨੇ ਇੱਕ ਮਹਿਲਾ ਨੂੰ ਕਾਬੂ ਕਰਕੇ ਉਸ ਪਾਸੋਂ ਨਜਾਇਜ਼ 9 ਬੋਤਲਾਂ ਠੇਕਾ ਸ਼ਰਾਬ ਦੇਸੀ ਬਰਾਮਦ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਐਸਐਚਓ ਗੁਰਵੀਰ ਸਿੰਘ ਨੇ ਦੱਸਿਆ ਕਿ ਹੌਲਦਾਰ ਸੁਖਵਿੰਦਰ ਸਿੰਘ ਨੇ ਸਮੇਤ ਮਹਿਲਾ ਪੁਲਿਸ ਇੱਕ ਮੁਖਬਰੀ ਦੇ ਅਧਾਰ 'ਤੇ ਇੱਕ ਮਹਿਲਾ ਕਾਲੀ ਕੌਰ ਪਤਨੀ ਹੈਪੀ ਸਿੰਘ ਵਾਸੀ ਭੀਖੀ ਨੂੰ ਕਾਬੂ ਕਰਕੇ ਉਸ ਕੋਲੋਂ 9 ਬੋਤਲਾਂ ਨਜਾਇਜ ਠੇਕਾ ਸ਼ਰਾਬ ਦੇਸੀ ਬਰਾਮਦ ਕਰਕੇ ਉਸ ਖਿਲਾਫ ਪਰਚਾ ਦਰਜ ਕਰ ਲਿਆ ਹੈ ਤੇ ਉਸ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

# ਬਸਪਾ ਉਮੀਦਵਾਰ ਲਖਵੀਰ ਸਿੰਘ ਨਿੱਕਾ ਵੱਲੋਂ ਵਰਕਰਾਂ ਨਾਲ ਚੋਣ ਰਣਨੀਤੀ ਸੰਬੰਧੀ ਮਸ਼ਵਰੇ

■ ਚੋਣ ਮੁਹਿੰਮ 'ਚ ਸਾਰੇ ਆਗੂਆਂ ਤੇ ਵਰਕਰਾਂ ਨੂੰ ਸਰਗਰਮੀ ਨਾਲ ਜੁੱਟਣ ਦੀ ਅਪੀਲ



**ਮਾਨਸਾ (ਆਤਮਾ ਸਿੰਘ ਪਮਾਰ)**-ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਲਖਬੀਰ ਸਿੰਘ ਨਿੱਕਾ ਨੇ 1 ਮਈ ਨੂੰ ਤਖਤ ਸ੍ਰੀ ਦਮਦਮਾ ਤਲਵੰਡੀ ਸਾਬੋ ਵਿਖੇ ਵੱਡੀ ਗਿਣਤੀ ਬਸਪਾ ਵਰਕਰਾਂ ਸਮੇਤ ਨਤਮਸਤਕ ਹੋ ਕੇ ਤੇ ਗੁਰੂ ਦਾ ਓਟ ਆਸਰਾ ਲੈ ਕੇ ਆਪਣੀ ਚੋਣ ਮੁਹਿੰਮ ਦਾ ਬਕਾਇਦਾ ਅਗਾਜ਼ ਕਰ ਦਿੱਤਾ ਸੀ।ਅੱਜ ਉਨ੍ਹਾ ਵੱਲੋਂ ਮਾਨਸਾ ਸ਼ਹਿਰ 'ਚ ਹਲਕਾ ਮਾਨਸਾ ਦੇ ਆਗੂਆਂ ਤੇ ਵਰਕਰਾਂ ਸਮੇਤ, ਸੀਨੀਅਰ ਵਰਕਰਾਂ ਤੇ ਆਗੂਆਂ ਨੂੰ ਘਰ ਘਰ ਜਾ ਕੇ ਮਿਲਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਜਿਸ ਦੌਰਾਨ ਉਨ੍ਹਾਂ ਵੱਲੋਂ ਸਵੇਰ ਤੋਂ ਹੀ ਵੱਖ ਵੱਖ ਆਗੂਆਂ ਤੇ ਵਰਕਰਾਂ ਦੇ ਘਰੀਂ ਜਾ ਕੇ ਚੋਣ ਰਣਨੀਤੀ ਸਬੰਧੀ ਸਲਾਹ ਮਸ਼ਵਰੇ ਕੀਤੇ ਗਏ।ਇਸ ਸਮੇਂ ਗੱਲਬਾਤ ਦੌਰਾਨ ਉਨ੍ਹਾਂ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ, ਰਣਧੀਰ ਸਿੰਘ ਬੈਨੀਪਾਲ ਤੇ ਸੂਬਾ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਦਾ ਲੋਕ ਸਭਾ ਬਠਿੰਡਾ ਤੋਂ ਚੋਣ ਲੜਾਉਣ ਲਈ ਧੰਨਵਾਦ ਵੀ ਕੀਤਾ।ਲਖਵੀਰ ਨਿੱਕਾ ਨੇ ਕਿਹਾ ਕਿ ਕਾਂਗਰਸ, ਅਕਾਲੀ ਦਲ ਤੇ ਬੀਜੇਪੀ ਤੋਂ ਇਲਾਵਾ ਆਮ ਆਦਮੀ ਪਾਰਟੀ ਨੂੰ ਚੋਣ ਲੜਾਉਣ ਲਈ ਉਮੀਦਵਾਰਾਂ ਹੀ ਨਹੀਂ ਲੱਭਦੇ, ਜਿਸ ਕਰਕੇ ਉਨ੍ਹਾਂ ਨੂੰ ਹੋਰਨਾਂ ਪਾਰਟੀਆਂ ਤੋਂ ਮਜਬੂਰੀ 'ਚ ਆਗੂ ਲਿਆ ਕੇ ਜਾਂ ਫਿਰ ਮੌਜੂਦਾ ਮੰਤਰੀਆਂ ਤੇ ਵਿਧਾਇਕਾਂ ਨੂੰ ਹੀ ਲੋਕ ਸਭਾ ਲਈ ਉਮੀਦਵਾਰਾਂ ਵਜੋਂ ਉਤਾਰਿਆ ਗਿਆ ਹੈ।ਉਨ੍ਹਾ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਆਪਣੇ ਦੋ ਸਾਲ ਕਾਰਜਕਾਲ ਦੌਰਾਨ ਭਗਵੰਤ ਮਾਨ ਸਰਕਾਰ ਦਲਿਤਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੀ ਭਲਾਈ ਲਈ ਕੀਤਾ ਗਿਆ ਇੱਕ ਵੀ ਕੰਮ ਨਹੀਂ ਗਿਣਵਾ ਸਕਦੀ।ਉਨ੍ਹਾ ਕਿਹਾ ਕਿ ਮਾਨ ਸਰਕਾਰ ਪੂਰੀ ਤਰ੍ਹਾਂ ਦਲਿਤ ਵਿਰੋਧੀ ਸਾਬਿਤ ਹੋ ਚੁੱਕੀ ਹੈ।ਬਸਪਾ ਆਗੂ ਨੇ ਸਮੁੱਚੇ ਵਰਕਰਾਂ ਤੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਭਾਜਪਾ ਵਰਗੀ ਫਾਸ਼ੀਵਾਦੀ, ਘੱਟ ਗਿਣਤੀਆਂ ਵਿਰੋਧੀ, ਸੰਵਿਧਾਨਕ ਸੰਸਥਾਵਾਂ ਤੇ ਸੰਵਿਧਾਨ ਨੂੰ ਮੂਲੋਂ ਬਦਲਣ ਦੀਆਂ ਕੋਝੀਆਂ ਸਾਜ਼ਿਸ਼ਾਂ ਰਚਣ ਵਾਲੀ ਪਾਰਟੀ ਨੂੰ ਚਲਦਾ ਕਰਨ ਲਈ ਬਸਪਾ ਉਮੀਦਵਾਰਾਂ ਨੂੰ ਜਿਤਾ ਕੇ ਭਾਰਤੀ ਸੰਸਦ ਵਿੱਚ ਭੇਜਿਆ ਜਾਵੇ ਤਾਂ ਜੋ ਸੰਵਿਧਾਨ ਤੇ ਦੇਸ਼ ਨੂੰ ਬਚਾਇਆ ਜਾ ਸਕੇ।ਉਨ੍ਹਾ ਹਾਜ਼ਰ ਵਰਕਰਾਂ ਤੇ ਆਗੂਆਂ ਨੂੰ ਹੁਣੇ ਤੋਂ ਹੀ ਚੋਣ ਵਿੱਚ ਸਰਗਰਮੀ ਨਾਲ ਜੁਟਣ ਦੀ ਅਪੀਲ ਵੀ ਕੀਤੀ।ਇਸ ਸਮੇਂ ਉਨ੍ਹਾਂ ਨਾਲ ਗੁਰਮੇਲ ਸਿੰਘ ਬੋੜਾਵਾਲ, ਰਜਿੰਦਰ ਭੀਖੀ, ਤੇਜਾ ਸਿੰਘ ਬਰੇਟਾ, ਭਗਵਾਨ ਸਿੰਘ ਭਾਟੀਆ, ਦਰਸ਼ਨ ਰਾਠੀ, ਐਡਵੋਕੇਟ ਭੁਪਿੰਦਰ ਸਿੰਘ ਬੀਰਵਾਲ, ਬਚਿੱਤਰ ਸਿੰਘ ਗੱਲਾ ਮਜ਼ਦੂਰ ਯੂਨੀਅਨ ਤੇ ਹੋਰ ਬਸਪਾ ਸਮਰਥਕ ਅਤੇ ਵਰਕਰ ਹਾਜ਼ਰ ਸਨ।

# ਕਾਰ ਡੀਲਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਉੱਤਰੀ ਭਾਰਤ ਵਿੱਚ ਪੁਰਾਣੀਆਂ ਕਾਰਾਂ ਦੀ ਵੇਚ ਖਰੀਦ ਲਈ ਪ੍ਰਸਿੱਧ ਪਾਤੜਾਂ ਦੇ ਕਾਰ ਬਾਜ਼ਾਰ ਦੇ ਡੀਲਰਾਂ ਦੀ ਜਥੇਬੰਦੀ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਅਹੁਦੇਦਾਰਾਂ ਦੀ ਕੁਝ ਦਿਨ ਪਹਿਲਾਂ ਹੋਈ ਚੋਣ ਉਪਰੰਤ ਪਹਿਲੀ ਮੀਟਿੰਗ ਕੀਤੀ ਗਈ।ਇਸ ਦੌਰਾਨ ਐਸੋਸੀਏਸ਼ਨ ਦੇ ਨਵ-ਨਿਯੁਕਤ ਪ੍ਰਧਾਨ ਰਵਿੰਦਰ ਸਿੰਘ ਭਿੰਡਰ ਵੱਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ ਤੇ ਕਮੇਟੀ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਸਨਮਾਨ ਸਮਾਰੋਹ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਰਵਿੰਦਰ ਸਿੰਘ ਭਿੰਡਰ ਨੇ ਕਿਹਾ ਕਿ ਕਾਰ ਬਾਜ਼ਾਰ ਵਿੱਚ ਕੰਮ ਕਰਦੇ ਡੀਲਰਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਉਹ ਡੀਲਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ ਤੇ ਆਪਣੇ ਇਸ ਮਕਸਦ ਦੀ ਪੂਰਤੀ ਲਈ ਹਰ ਮਹੀਨੇ ਕਮੇਟੀ ਮੈਂਬਰਾਂ ਦੀ ਮੀਟਿੰਗ ਕੀਤੀ ਜਾਇਆ ਕਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪ੍ਰਸਤ ਜਗਦੀਸ਼ ਰਾਏ ਪੱਪੂ, ਵਿਸ਼ਾਲ ਸੂਦ, ਚੇਅਰਮੈਨ ਸੁਖਪਾਲ ਸਿੰਘ ਵਿਰਕ, ਦੀਪ ਕਲੇਰ, ਸਾਬਕਾ ਚੇਅਰਮੈਨ ਯਾਦਵਿੰਦਰ ਸੰਧੂ, ਇੰਦਰਜੀਤ ਸਿੰਘ ਭਿੰਡਰ, ਸੀਨੀਅਰ ਮੀਤ ਪ੍ਰਧਾਨ ਰਛਪਾਲ ਸਿੰਘ ਪਾਲੀ, ਮੀਤ ਪ੍ਰਧਾਨ ਹਰਜੀਤ ਪੰਧੇਰ, ਜਨਰਲ ਸੈਕਟਰੀ ਟਿੰਕੂ ਗਰਗ, ਜੁਆਇੰਟ ਸੈਕਟਰੀ ਸਹਿਜਪਾਲ ਚੀਮਾ, ਕੈਸ਼ੀਅਰ ਹੈਪੀ ਸਿੰਗਲਾ, ਮੁੱਖ ਸਲਾਹਕਾਰ ਦੁਰਗਾ ਦਾਸ ਸਿੰਗਲਾ, ਸਲਾਹਕਾਰ ਕੁਲਦੀਪ ਸਿੰਘ ਬਿੱਟੂ ਬੰਦੇਸ਼ਾ, ਸੋਨੂੰ ਮਿੱਤਲ, ਡਾਇਰੈਕਟਰ ਜਸਪਾਲ ਸਿੰਗਲਾ, ਵਿਜੈ ਬਾਂਸਲ, ਰਣਦੀਪ ਸਿੰਘ ਰਾਣਾ ਤੋਂ ਇਲਾਵਾ ਕਮੇਟੀ ਮੈਂਬਰ ਜੀਵਨ ਸਿੰਗਲਾ, ਮੁਨੀਸ਼ ਗੋਇਲ, ਵਰਿੰਦਰ ਮਿੱਤਲ, ਵਿਜੇ ਗੋਇਲ ਸੋਨੀ, ਦਵਿੰਦਰ ਸਿੰਘ ਗੋਗੀ, ਜੋਗਿੰਦਰ ਵਿਰਕ, ਤੇਜਾ ਸਿੰਘ ਧੀਮਾਨ, ਨੀਰਜ ਬਾਂਸਲ ਸੀਟੂ, ਜਸਪਾਲ ਸਿੰਘ, ਗੁਰਵਿੰਦਰ ਸਿੰਘ ਬਿੱਟੂ, ਜਸਵਿੰਦਰ ਸਿੰਘ ਰਾਜੂ, ਗੁਰਭੇਜ ਸਿੰਘ, ਅੰਮ੍ਰਿਤ ਸਿੰਘ ਤੇ ਕੇ ਪੀ ਸ਼ਰਮਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

# ਇੰਡੀਅਨ ਸਬ-ਕੌਂਟੀਨੈਂਟ 'ਚ ਆਦਿਵਾਸੀਆਂ 'ਤੇ ਹੋ ਰਹੇ ਜਬਰ ਤੇ ਕਤਲੇਆਮ ਅਸਹਿ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਭਾਜਪਾ-ਆਰ ਐੱਸ ਐੱਸ ਦੀ ਜ਼ਾਲਮ ਹਕੂਮਤ ਨਿਰੰਤਰ ਜੰਗਲਾਂ ਤੇ ਪਹਾੜਾਂ ਵਿੱਚ ਵੱਸਣ ਵਾਲੇ ਆਦਿਵਾਸੀਆਂ 'ਤੇ ਉਨ੍ਹਾਂ ਨੂੰ ਮਾਓਵਾਦੀ, ਨਕਸਲਾਈਟ ਗਰਦਾਨ ਕੇ ਕਤਲੇਆਮ ਤੇ ਜਬਰ ਕਰਦੀ ਆ ਰਹੀ ਹੈ।ਇਸ ਲਈ ਬੀਬੀ ਦ੍ਰੋਪਦੀ ਮੁਰਮੂ ਪ੍ਰੈਜ਼ੀਡੈਂਟ ਇੰਡੀਆ ਨੂੰ ਚਾਹੀਦਾ ਹੈ ਕਿ ਉਹ ਭਾਜਪਾ-ਆਰ ਐੱਸ ਐੱਸ ਵੱਲੋਂ ਕੀਤੇ ਜਾ ਰਹੇ ਇਸ ਇਨਸਾਨੀਅਤ ਜਬਰ ਨੂੰ ਬੰਦ ਕਰਵਾਉਣ ਲਈ ਅੱਗੇ ਆਉਣ ਤੇ ਵਿਗੜਦੀ ਜਾ ਰਹੀ ਸਥਿਤੀ ਨੂੰ ਕਾਬੂ ਕਰਨ ਦੀ ਜ਼ਿੰਮੇਵਾਰੀ ਨਿਭਾਉਣ, ਕਿਉਂਕਿ ਉਹ ਆਪ ਖੁਦ ਵੀ ਉਸ ਵਰਗ ਨਾਲ ਸੰਬੰਧਤ ਹਨ, ਜਿਨ੍ਹਾਂ 'ਤੇ ਹੁਕਮਰਾਨ ਜਬਰ ਕਰ ਰਿਹਾ ਹੈ।ਇਹ ਵਿਚਾਰ ਸ੍. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਜਪਾ-ਆਰ ਐੱਸ ਐੱਸ ਹਕੂਮਤ ਵੱਲੋਂ ਜੰਗਲਾਂ ਤੇ ਪਹਾੜਾਂ ਵਿੱਚ ਵਸਣ ਵਾਲੇ, ਮਿਹਨਤ ਤੇ ਮੁਸ਼ੱਕਤ ਨਾਲ ਗੁਜ਼ਾਰਾ ਕਰਨ ਵਾਲੇ ਆਦਿਵਾਸੀਆਂ 'ਤੇ ਹੋ ਰਹੇ ਜਬਰ 'ਤੇ ਗਹਿਰੀ ਚਿੰਤਾ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾ ਕਿਹਾ ਕਿ ਇਸ ਕਤਲੇਆਮ ਦੇ ਚੱਲ ਰਹੇ ਸਿਲਸਿਲੇ ਦੌਰਾਨ ਪਹਿਲੇ 28 ਫਰਵਰੀ 2024 ਨੂੰ ਸੈਂਟਰਲ ਫੋਰਸਾਂ ਤੇ ਪੁਲਸ ਵੱਲੋਂ 4 ਆਦਿਵਾਸੀਆਂ ਨੂੰ ਮਾਰਿਆ ਗਿਆ, ਫਿਰ 03 ਅਪ੍ਰੈਲ 2024 ਨੂੰ 10 ਆਦਿਵਾਸੀਆਂ ਨੂੰ ਨਕਸਲਾਈਟ ਕਹਿ ਕੇ ਮਾਰਿਆ ਗਿਆ, ਜਿਸ ਵਿੱਚ ਇੱਕ ਔਰਤ ਵੀ ਸੀ, ਫਿਰ 17 ਅਪ੍ਰੈਲ 2024 ਨੂੰ 29 ਆਦਿਵਾਸੀਆਂ ਨੂੰ ਮਾਰਿਆ ਗਿਆ ਅਤੇ ਹੁਣ 01 ਮਈ 2024 ਨੂੰ ਫਿਰ 10 ਆਦਿਵਾਸੀਆਂ ਤੇ 3 ਔਰਤਾਂ ਦਾ ਵੀ ਕਤਲੇਆਮ ਕਰ ਦਿੱਤਾ ਗਿਆ, ਜੋ ਅਣਮਨੁੱਖੀ ਤੇ ਗੈਰ-ਵਿਧਾਨਕ ਨਿੰਦਣਯੋਗ ਅਮਲ ਹਨ।

ਉਨ੍ਹਾਂ ਕਿਹਾ ਕਿ ਇਹ ਹੋਰ ਵੀ ਦੁੱਖ ਵਾਲੀ ਕਾਰਵਾਈ ਹੈ ਕਿ ਸੀ ਪੀ ਆਈ, ਸੀ ਪੀ ਐੱਮ ਵਰਗੀਆਂ ਜਮਾਤਾਂ ਇਸ ਹੋਏ ਵੱਡੇ ਕਤਲੇਆਮ ਉਤੇ ਚੁੱਪ ਧਾਰੀ ਬੈਠੀਆਂ ਹਨ।ਇਥੋਂ ਤੱਕ ਮਨੀਪੁਰ ਵਿੱਚ ਇਸਾਈਆਂ ਦਾ ਵੱਡੀ ਗਿਣਤੀ ਵਿੱਚ ਬਹੁ-ਗਿਣਤੀਆਂ ਤੇ ਫੋਰਸਾਂ ਵੱਲੋਂ ਕਤਲੇਆਮ ਕੀਤਾ ਜਾ ਰਿਹਾ ਹੈ, ਜੋ ਗਹਿਰੀ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਯੂ ਐੱਨ ਹਿਊਮਨਰਾਈਟਸ ਕਮਿਸ਼ਨ, ਅਮਨੈਸਟੀ ਇੰਟਰਨੈਸ਼ਨਲ, ਏਸ਼ੀਆ ਵਾਚ ਹਿਊਮਨਰਾਈਟਸ ਤੇ ਯੂ ਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰੀਲੀਜੀਅਸ ਫਰੀਡਮ ਆਦਿ ਕੌਮਾਂਤਰੀ ਜਥੇਬੰਦੀਆਂ ਨੂੰ ਇਨਸਾਨੀਅਤ ਦੇ ਹੋ ਰਹੇ ਇਸ ਕਤਲ ਦੇ ਮੁੱਦੇ ਉਤੇ ਫੌਰੀ ਕਦਮ ਉਠਾਉਣੇ ਬਣਦੇ ਹਨ, ਤਾਂ ਕਿ ਇਹ ਜ਼ਿੰਮੇਵਾਰੀ ਨਿਭਾ ਕੇ ਉਹ ਮਨੁੱਖੀ ਅਧਿਕਾਰਾਂ ਤੇ ਇਨਸਾਨੀ ਕਦਰਾਂ ਕੀਮਤਾਂ ਦੀ ਰੱਖਿਆ ਕਰ ਸਕਣ।

# ਦੇਸ਼ ਭਗਤ 'ਵਰਸਿਟੀ ਵੱਲੋਂ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਨਮਾਨ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੀ ਇੰਜੀਨੀਅਰਿੰਗ ਟੈਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਨੇ ਆਪਣੇ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਕੀਤਾ। 'ਆਨਰਿੰਗ ਬ੍ਰਿਲੀਅਨਸ : ਇਨਸਪਾਇਰਿੰਗ ਟੂਮੋਰੋਜ਼ ਇਨੋਵੇਟਰਸ' ਵਿਸ਼ੇ ਨਾਲ ਸੰਬੰਧਤ ਇਹ ਸਮਾਗਮ ਦੀ ਸ਼ਾਨਦਾਰ ਸਫਲਤਾ ਸੀ, ਜੋ ਪ੍ਰਤਿਭਾ ਨੂੰ ਪਾਲਣ ਤੇ ਉੱਤਮਤਾ ਨੂੰ ਉਤਸ਼ਾਹਤ ਕਰਨ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਸਮਾਗਮ ਦੀ ਮੁੱਖ ਮਹਿਮਾਨ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਸਨ।ਡਾ: ਤਜਿੰਦਰ ਕੌਰ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਹੋਣਹਾਰ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਕੀਤੀ ਮਿਹਨਤ ਤੇ ਲਗਨ ਨੂੰ ਮਾਨਤਾ ਦਿੰਦੇ ਹੋਏ ਨਿੱਜੀ ਤੌਰ 'ਤੇ ਸਨਮਾਨਤ ਕੀਤਾ।

ਇਸ ਸਮਾਗਮ ਵਿੱਚ ਬੋਲਦਿਆਂ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਣ ਦੇ ਤਜਰਬੇ ਪ੍ਰਦਾਨ ਕਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਚਾਨਣਾ ਪਾਇਆ।ਸਮਾਰੋਹ ਦੀ ਵਿਸ਼ੇਸ਼ ਬੁਲਾਰਾ ਡਾ. ਖੁਸ਼ਬੂ ਬਾਂਸਲ ਨੇ ਵਿਦਿਆਰਥੀਆਂ ਲਈ ਵਿਸ਼ਵ ਪੱਧਰ 'ਤੇ ਨੌਕਰੀ ਦੇ ਨਵੇਂ ਮੌਕੇ ਖੋਲ੍ਹਣ ਲਈ ਅਜਿਹੇ ਸਮਾਗਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਸਨਮਾਨ ਸਮਾਰੋਹ ਨੇ ਨਾ ਸਿਰਫ਼ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ, ਬਲਕਿ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਤੇ ਨਿਰੰਤਰ ਸਿੱਖਣ ਅਤੇ ਨਵੀਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਦੇਸ਼ ਭਗਤ ਯੂਨੀਵਰਸਿਟੀ ਦੀ ਵਚਨਬੱਧਤਾ ਵੀ ਦੁਹਰਾਈ।

### ਵਿਚਾਰਾਂ ਤੋਂ ਡਿੱਗੇ ਵਿਅਕਤੀ ਨੂੰ ਪ੍ਰਮਾਤਮਾ ਵੀ ਨਹੀਂ ਚੁੱਕ ਸਕਦਾ : ਬੀ ਕੇ ਸ਼ਾਂਤਨੂੰ

**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਆਪਣੇ ਸੋਸ਼ਲ ਮੀਡੀਆ ਨੈੱਟਵਰਕ ਰਾਹੀਂ ਦਿੱਤੇ ਗਏ ਸੰਦੇਸ਼ 'ਚ ਕਿਹਾ ਕਿ ਜੋ ਵਿਅਕਤੀ ਵਿਚਾਰਾਂ ਤੋਂ ਡਿੱਗ ਚੁੱਕਾ ਹੋਵੇ ਤਾਂ ਉਸਨੂੰ ਰੱਬ ਵੀ ਨਹੀਂ ਚੁੱਕ ਸਕਦਾ। ਉਨ੍ਹਾਂ ਕਿਹਾ ਕਿ ਸਰਵਸ੍ਰੇਸ਼ਟ ਇਨਸਾਨ ਉਹ ਹੈ, ਜੋ ਕਿਸੇ ਦਾ ਦਿੱਤਾ ਹੋਇਆ ਦੁੱਖ ਤਾਂ ਵਿਸਾਰ ਦੇਵੇ ਪ੍ਰੰਤੂ ਕਿਸੇ ਦਾ ਕੀਤਾ ਗਿਆ ਅਹਿਸਾਨ ਕਦੇ ਵੀ ਨਾ ਭੁੱਲੇ, ਕਿਉਂਕਿ ਮਤਲਬ ਤੋਂ ਬਗੈਰ ਬਣੇ ਸਬੰਧਾਂ ਦਾ ਸਵਾਦ ਸਦਾ ਮਿੱਠਾ ਹੀ ਹੁੰਦਾ ਹੈ। ਬੀ ਕੇ ਸਾਂਤਨੂੰ ਨੇ ਕਿਹਾ ਕਿ ਸਭ ਤੋਂ ਵਧੀਆ ਸੇਵਾ ਉਸ ਵਿਅਕਤੀ ਦੀ ਮੱਦਦ ਕਰਨਾ ਹੈ ਜੋ ਬਦਲੇ ਵਿੱਚ ਸਾਡਾ ਧੰਨਵਾਦ ਕਰਨ ਤੋਂ ਵੀ ਅਸਮਰਥ ਹੋਏ। ਅੰਤ ਵਿੱਚ ਬੀ ਕੇ ਸਾਂਤਨੂੰ ਨੇ ਕਿਹਾ ਕਿ ਗਿਆਨ ਪ੍ਰਾਪਤ ਕਰਨਾ ਹੀ ਕਾਫੀ ਨਹੀਂ ਹੁੰਦਾ। ਸਗੋਂ ਉਸ 'ਤੇ ਵਿਸ਼ਵਾਸ ਕਰਨਾ ਅਤੇ ਉਸਨੂੰ ਨਿਮਰਤਾ ਵਿੱਚ ਬਦਲਣਾ ਹੀ ਸੱਚ ਨੂੰ ਮੰਨਣਾ ਹੈ।

# ਬਿੱਲਾ ਸ਼ਰਮਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਭਾਰੀ ਨਿਯੁਕਤ

■ 'ਆਪ' ਮਿਹਨਤੀ ਵਰਕਰਾਂ ਨੂੰ ਸਦਾ ਅਹੁਦੇ ਦੇ ਕੇ ਨਿਵਾਜਦੀ ਹੈ : ਲਾਡੀ ਢੋਸ



**ਕੋਟ ਈਸੇ ਖਾਂ (ਅਰੋੜਾ)**-ਆਮ ਆਦਮੀ ਪਾਰਟੀ ਸ਼ੁਰੂ ਤੋਂ ਹੀ ਆਪਣੇ ਵਰਕਰਾਂ ਜੋ ਪਾਰਟੀ ਲਈ ਸਖਤ ਮਿਹਨਤ ਕਰਦੇ ਹਨ ਤੇ ਪਾਰਟੀ ਨੂੰ ਬੁਲੰਦੀਆਂ ਤੱਕ ਲੈ ਕੇ ਜਾਂਦੇ ਹਨ, ਉਨ੍ਹਾਂ ਨੂੰ ਸਮੇਂ ਸਮੇਂ 'ਤੇ ਜ਼ਿੰਮੇਵਾਰੀਆਂ ਦੇ ਕੇ ਨਿਵਾਜਿਆ ਜਾਂਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਬਿੱਕਰਮਜੀਤ ਸ਼ਰਮਾ (ਬਿੱਲਾ) ਨੂੰ ਪਾਰਟੀ ਲਈ ਕੀਤੀ ਸਖਤ ਮਿਹਨਤ ਸਦਕਾ ਬਲਾਕ ਪ੍ਰਭਾਰੀ ਨਿਯੁਕਤੀ 'ਤੇ ਮੂੰਹ ਮਿੱਠਾ ਕਰਾਉਣ ਸਮੇਂ ਕੀਤਾ।ਉਨ੍ਹਾ ਸ਼ਰਮਾ ਪਰਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਨੇ ਕਦੇ ਵੀ ਆਪਣੇ ਵਰਕਰਾਂ ਤੇ ਆਗੂਆਂ ਨੂੰ ਨਿਰਾਸ਼ ਨਹੀਂ ਕੀਤਾ ਹੈ, ਜੋ ਕੋਈ ਵੀ ਪਾਰਟੀ ਨੂੰ ਆਪਣਾ ਸਮਝ ਕੇ ਸੇਵਾ ਕਰਦਾ ਹੈ, ਉਸ ਦਾ ਬਣਦਾ ਮਾਣ ਸਤਿਕਾਰ ਕੀਤਾ ਜਾਂਦਾ ਹੈ।ਉਨ੍ਹਾ ਕਿਹਾ ਕਿ ਪਾਰਟੀ ਨੇ ਅੱਜ ਜੋ ਨੌਜਵਾਨਾਂ ਨੂੰ ਜ਼ਿੰਮੇਵਾਰੀਆ ਦੇ ਕੇ ਨਿਵਾਜਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਇਸ ਨਾਲ ਵਰਕਰਾਂ ਵਿੱਚ ਪਾਰਟੀ ਪ੍ਰਤੀ ਕੰਮ ਕਰਨ ਦੀ ਸ਼ਕਤੀ ਵੀ ਵਧੇਗੀ ਤੇ ਆਮ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾਈਆਂ ਜਾਣਗੀਆ। ਬਿੱਲਾ ਸ਼ਰਮਾ ਨੇ ਪਾਰਟੀ ਹਾਈ ਕਮਾਂਡ ਤੇ ਵਿਧਾਇਕ ਢੋਸ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿੰਮੇਵਾਰੀ ਮੈਨੂੰ ਦਿੱਤੀ ਗਈ ਹੈ, ਉਸ ਨੂੰ ਮੈਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਤੇ ਪਾਰਟੀ ਨਾਲ ਪਹਿਲਾਂ ਦੀ ਤਰ੍ਹਾਂ ਚਟਾਨ ਵਾਂਗ ਖੜਾ ਰਹਾਂਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਹਰਮਨ ਬਰਾੜ, ਸਤਵੀਰ ਸਿੰਘ ਸੱਤੀ ਪ੍ਰਧਾਨ ਟਰੱਕ ਯੂਨੀਅਨ ਜ਼ਿਲ੍ਹਾ ਮੋਗਾ, ਚੇਅਰਮੈਨ ਮਾਰਕੀਟ ਕਮੇਟੀ ਅਮਨ ਪੰਡੋਰੀ, ਨਗਰ ਕੌਂਸਲ ਦੇ ਮੀਤ ਪ੍ਰਧਾਨ ਗੁਰਮੀਤ ਮਖੀਜਾ, ਹਿੰਦ ਧਾਲੀਵਾਲ, ਇਕਬਾਲ ਸਿੰਘ ਢੋਲੇਵਾਲ ਸੈਕਟਰੀ ਤੇ ਬਲਾਕ ਪ੍ਰਧਾਨ ਬਲਦੇਵ ਬਲਖੰਡੀ, ਆਪ ਆਗੂ ਪ੍ਰਕਾਸ਼ ਰਾਜਪੂਤ, ਗੁਰਮੀਤ ਸਿੰਘ, ਸੁਖਵੀਰ ਮੰਦਰ ਆਦਿ ਹਾਜ਼ਰ ਸਨ।

# ਬਾਰਡਰ ਪੱਟੀ ਦੇ ਲੋਕਾਂ ਨੂੰ ਵਿਸ਼ੇਸ਼ ਸਹੂਲਤਾਂ ਦੀ ਜ਼ਰੂਰਤ : ਕਾਕਾ ਬਰਾੜ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਜ਼ਿਲ੍ਹਾ ਫਿਰੋਜ਼ਪੁਰ ਨਾਲ ਲੱਗਦੀ ਭਾਰਤ-ਪਾਕਿ ਕੌਮਾਂਤਰੀ ਸਰਹੱਦ ਕਾਰਨ ਬਾਰਡਰ ਪੱਟੀ ਦੇ ਲੋਕਾਂ ਖਾਸ ਕਰਕੇ ਕਿਸਾਨਾਂ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ, ਕਿਉਂਕ ਜਿੱਥੇ ਇੱਕ ਪਾਸੇ ਭਾਰਤ-ਪਾਕਿ ਕੌਮਾਂਤਰੀ ਸਰਹੱਦ ਕਾਰਨ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ (ਫੈਨਸਿੰਗ) ਕਾਰਨ ਤਾਰੋਂ ਪਾਰ ਖੇਤੀ ਕਰਨ ਵਿੱਚ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਸਰਹੱਦ ਦੇ ਨਾਲੋਂ ਲੰਘਦੇ ਸਤਲੁਜ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਹਰ ਸਾਲ ਲੱਖਾਂ ਦਾ ਨੁਕਸਾਨ ਉਠਾਉਣਾ ਪੈ ਰਿਹਾ ਹੈ, ਜਿਸ ਕਰਕੇ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਗੱਲ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੇ ਪਿੰਡ ਸਵਾਈਕੇ ਵਿਖੇ ਸੀਨੀਅਰ ਆਗੂ ਬਾਬਾ ਗੁਰਵੰਤ ਸਿੰਘ ਤੇ ਪਰਮਜੀਤ ਕੌਰ ਨੇ ਇੱਕ ਜਨਸਭਾ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸਮੇਂ ਉਨ੍ਹਾਂ ਨਾਲ ਫੌਜਾ ਸਿੰਘ ਸਰਾਰੀ ਐੱਮ ਐੱਲ ਏ ਹਲਕਾ ਗੁਰੂ ਹਰਸਾਏ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ ਤੇ ਦਲਜੀਤ ਸਿੰਘ ਬਾਬਾ ਸਨ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਰਾੜ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਵੀ ਮੈਂਬਰ ਪਾਰਲੀਮੈਂਟ ਨੇ ਸੰਸਦ ਵਿੱਚ ਜਾ ਕੇ ਇਨ੍ਹਾਂ ਸਰਹੱਦੀ ਖੇਤਰ ਦੇ ਲੋਕਾਂ ਵਾਸਤੇ ਵਿਸ਼ੇਸ਼ ਪੈਕੇਜ ਦੀ ਨਾ ਤਾਂ ਮੰਗ ਕੀਤੀ ਤੇ ਨਾ ਹੀ ਇਹ ਮੁੱਦਾ ਪਾਰਲੀਮੈਂਟ ਵਿੱਚ ਉਠਾਇਆ ਹੈ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਸੰਸਦ ਜ਼ਰੂਰ ਭੇਜਣ ਤਾਂ ਜੋ ਇਸ ਸਰਹੱਦੀ ਖੇਤਰ ਦਾ ਵੀ ਸਰਬਪੱਖੀ ਵਿਕਾਸ ਹੋ ਸਕੇ। ਇਸ ਜਨ ਸਭਾ ਨੂੰ ਸੰਬੋਧਨ ਕਰਦਿਆਂ ਵਿਧਾਇਕ ਸਰਾਰੀ, ਬਾਬਾ ਗੁਰਵੰਤ ਸਿੰਘ, ਪਰਮਜੀਤ ਕੌਰ, ਕੁਲਦੀਪ ਸਿੰਘ ਸਮਰਾ, ਸੁਸ਼ੀਲ ਬੱਟੀ, ਸ਼ਵਿੰਦਰ ਕੌਰ ਤੇ ਮਨਪ੍ਰੀਤ ਕੌਰ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਵਿੱਚ ਦਿੱਤੀਆਂ ਜਾ ਰਹੀਆਂ ਸਿੱਖਿਆ, ਸਿਹਤ ਸਹੂਲਤਾਂ ਤੇ ਹੋਰ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਜਗਦੀਪ ਸਿੰਘ ਕਾਕਾ ਬਰਾੜ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੀਨੀਅਰ ਆਗੂ ਸੁਰਿੰਦਰ ਕੁਮਾਰ ਸੋਨੂ ਸੇਠੀ ਐੱਮ ਸੀ, ਬਲਵਿੰਦਰ ਸਿੰਘ ਸੇਠਾਂਵਾਲਾ ਐੱਮ ਸੀ, ਡਾਕਟਰ ਦਲਜੀਤ ਸਿੰਘ ਜੋਸਨ, ਹਰਪ੍ਰੀਤ ਸਿੰਘ ਹੈਪੀ, ਸੰਦੀਪ ਕੁਮਾਰ, ਦੀਪ ਸੋਨੀ, ਹਰਮਿਲਨ ਸਿੰਘ ਮਮਦੋਟ ਤੇ ਸਾਜਨ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਪੁਲਸ ਨੇ ਰੇਲਵੇ ਦੀ ਸੰਪਤੀ ਨੂੰ ਨੁਕਸਾਨ ਨਾ ਪਹੁੰਚਾਉਣ ਲਈ ਕੀਤਾ ਪ੍ਰੇਰਿਤ



**ਲਹਿਰਾਗਾਗਾ (ਪਵਨ ਸ਼ਰਮਾ)**-ਪਿਛਲੇ ਸਮੇਂ ਦੌਰਾਨ ਵੱਖ ਵੱਖ ਅੰਦੋਲਨਾਂ ਦੌਰਾਨ ਰੇਲਵੇ ਵਿਭਾਗ ਵੱਲੋਂ ਰੇਲਵੇ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕਰਨ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣੇਦਾਰ ਜਗਵਿੰਦਰ ਸਿੰਘ ਇੰਚਾਰਜ ਰੇਲਵੇ ਪੁਲਸ ਚੌਕੀ ਲਹਿਰਾਗਾਗਾ, ਏ ਐੱਸ ਆਈ ਰਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਦੇ ਰੇਲਵੇ ਏਰੀਆ ਦੇ ਆਲੇ ਦੁਆਲੇ ਰਹਿੰਦੇ ਲੋਕਾਂ ਨਾਲ ਮੀਟਿੰਗਾਂ ਕਰਕੇ ਲੋਕਾਂ ਨੂੰ ਰੇਲਵੇ ਦੀ ਸੰਪਤੀ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਰੇਲਵੇ ਟਰੈਕ ਜਾਂ ਰੇਲ ਗੱਡੀਆਂ ਉਪਰ ਪੱਥਰਬਾਜ਼ੀ ਦੀਆਂ ਘਟਨਾਵਾਂ ਤੇ ਸ਼ਰਾਰਤੀ ਅਨਸਰਾਂ ਨੂੰ ਆਪਣੇ ਘਰਾਂ ਵਿੱਚ ਪਨਾਹ ਦੇਣ ਤੋਂ ਗੁਰੇਜ਼ ਕਰਨ, ਜੇਕਰ ਕੋਈ ਵੀ ਵਿਅਕਤੀ ਸ਼ਰਾਰਤੀ ਅਨਸਰਾਂ ਨੂੰ ਪਨਾਹ ਦੇਣ ਤੇ ਰੇਲਵੇ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।ਰੇਲਵੇ ਵਿਭਾਗ ਲੋਕਾਂ ਦੀ ਸੇਵਾ ਲਈ ਹੈ, ਇਸ ਲਈ ਸਰਕਾਰੀ ਸੰਪਤੀ ਦੀ ਰੱਖਿਆ ਤੇ ਸਾਂਭ ਸੰਭਾਲ ਕਰਨਾ ਸਾਡਾ ਸਭਨਾਂ ਦਾ ਫਰਜ਼ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਰੇਲਵੇ ਦਾ ਨੁਕਸਾਨ ਕਰਨ ਵਾਲੇ ਵਿਅਕਤੀ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਇਸ ਦੀ ਸੂਚਨਾ ਰੇਲਵੇ ਪੁਲਸ ਨੂੰ ਦਿੱਤੀ ਜਾਵੇ। ਜਾਣਕਾਰੀ ਦੇਣ ਵਾਲੇ ਦਾ ਨਾਮ ਤੇ ਪਤਾ ਗੁਪਤ ਰੱਖਿਆ ਜਾਵੇਗਾ।ਦੂਜੇ ਪਾਸੇ ਵੱਖ-ਵੱਖ ਥਾਵਾਂ 'ਤੇ ਲੋਕਾਂ ਨੇ ਰੇਲਵੇ ਪੁਲਸ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ।

# ਆਕਸਫੋਰਡ ਵਿਖੇ ਸੈਸ਼ਨ 2024-25 ਲਈ ਸਕੂਲ ਕੌਂਸਲ ਦੀ ਚੋਣ




**ਭਗਤਾ ਭਾਈ ਕਾ (ਰਾਜੀਵ ਗੋਇਲ)**-'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ' ਭਗਤਾ ਭਾਈ ਕਾ ਵਿਖੇ ਵਿਦਿਆਰਥੀਆਂ ਅੰਦਰ ਲੀਡਰਸ਼ਿਪ ਗੁਣ ਪੈਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਕੌਂਸਲ ਦੀ ਚੋਣ ਕੀਤੀ ਗਈ, ਜਿਸ ਅਧੀਨ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਅੱਗੇ ਆ ਕੇ ਆਪਣਾ ਨਾਮ ਸਕੂਲ ਕੌਂਸਲ ਦੀ ਚੋਣ ਲਈ ਦਰਜ ਕਰਵਾਇਆ।ਇਨ੍ਹਾਂ ਵਿਦਿਆਰਥੀਆਂ ਦੀ ਕਾਬਲੀਅਤ, ਬੋਲਬਾਣੀ, ਅਨੁਸ਼ਾਸਨ ਆਦਿ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੜੇ ਹੀ ਸੁਚੱਜੇ ਢੰਗ ਨਾਲ ਸਕੂਲ ਕੌਂਸਲ ਦੀ ਚੋਣ ਕੀਤੀ ਗਈ।ਇਸ ਕੌਂਸਲ ਲਈ ਇੱਕਤਰ ਹੋਈ ਸਵੇਰ ਦੀ ਸਭਾ ਲਈ ਛੋਟੇ ਬੱਚਿਆਂ ਵੱਲੋਂ 'ਵੈੱਲਕਮ' ਡਾਂਸ ਪੇਸ਼ ਕੀਤਾ ਗਿਆ।ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸਕੂਲ ਕੌਂਸਲ ਦਾ ਮੁੱਖ ਉਦੇਸ਼ ਸਮਝਾਉਂਦੇ ਹੋਏ ਸਕੂਲ ਕੌਂਸਲ ਦੇ ਵਿਦਿਆਰਥੀਆਂ ਨੂੰ ਬੈਚ ਤੇ ਸ਼ੈਸ਼ ਪਹਿਨਾ ਕੇ ਅਲੱਗ-ਅਲੱਗ ਅਹੁਦਿਆਂ ਨਾਲ ਨਿਵਾਜਿਆ।ਮਨਦੀਪ ਸਿੰਘ ਜਮਾਤ ਗਿਆਰਵੀਂ ਰੋਜਿਸ ਨੂੰ ਹੈੱਡ ਬੁਆਏ, ਅਭਿਨੀਤ ਕੌਰ ਜਮਾਤ ਬਾਰਵੀਂ ਰੋਜ਼ ਨੂੰ ਹੈੱਡ ਗਰਲ, ਰਜਨੀਕ ਸਿੰਘ ਬਾਰਵੀਂ ਡੈਫੋਡਿਲ ਨੂੰ ਸਪੋਰਟਸ ਹੈੱਡ, ਅਰਸ਼ਦੀਪ ਕੌਰ ਵਾਂਦਰ ਬਾਰਵੀਂ ਡੈਫੋਡਿਲ ਨੂੰ ਕਲਚਰਲ ਹੈੱਡ, ਨਤਿੰਦਰ ਕੌਰ ਬਾਰਵੀਂ ਸਨਫਲਾਵਰ ਨੂੰ ਡਸਿਪਲਨ ਹੈੱਡ ਦੇ ਅਹੁਦੇ ਨਾਲ ਨਿਵਾਜਿਆ ਗਿਆ।ਇਸ ਤੋਂ ਇਲਾਵਾ ਬਲਿਊ ਹਾਊਸ ਦਾ ਵਿਦਿਆਰਥੀ ਪ੍ਰਿੰਸਵੀਰ ਸਿੰਘ ਜਮਾਤ ਬਾਰਵੀਂ ਨੂੰ ਹਾਊਸ ਕੈਪਟਨ, ਗੁਰਲੀਨ ਕੌਰ ਜਮਾਤ ਦਸਵੀਂ ਨੂੰ ਵਾਈਸ ਕੈਪਟਨ, ਅਰਪਨਦੀਪ ਸਿੰਘ ਜਮਾਤ ਬਾਰਵੀਂ ਨੂੰ ਸਪੋਰਟਸ ਕੈਪਟਨ, ਇਰਵਨਜੋਤ ਸਿੰਘ ਜਮਾਤ ਦਸਵੀਂ ਨੂੰ ਡਸਿਪਲਨ ਇੰਚਾਰਜ ਦੇ ਅਹੁਦੇ ਨਾਲ ਸਨਮਾਨਿਆ ਗਿਆ।ਗਰੀਨ ਹਾਊਸ ਦੀ ਵਿਦਿਆਰਥਣ ਰਵਿੰਦਰ ਕੌਰ ਜਮਾਤ ਦਸਵੀਂ ਨੂੰ ਹਾਊਸ ਕੈਪਟਨ, ਰਾਜਦੀਪ ਕੌਰ ਜਮਾਤ ਦਸਵੀਂ ਨੂੰ ਵਾਈਸ ਕੈਪਟਨ, ਗੁਰਵਿੰਦਰ ਸਿੰਘ ਜਮਾਤ ਗਿਆਰਵੀਂ ਨੂੰ ਸਪੋਰਟਸ ਕੈਪਟਨ, ਕੋਮਲਪ੍ਰੀਤ ਕੌਰ ਜਮਾਤ ਬਾਰਵੀਂ ਨੂੰ ਕਲਚਰਲ ਸੈਕਟਰੀ ਤੇ ਬਲਕਰਨ ਸਿੰਘ ਜਮਾਤ ਗਿਆਰਵੀਂ, ਡਸਿਪਲਨ ਇੰਚਾਰਜ ਬਣਾਇਆ ਗਿਆ।ਇਸੇ ਤਰ੍ਹਾਂ ਰੈੱਡ ਹਾਊਸ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਜਮਾਤ ਦਸਵੀਂ ਨੂੰ ਹਾਊਸ ਕੈਪਟਨ, ਮਹਿਕਦੀਪ ਕੌਰ ਜਮਾਤ ਨੌਵੀਂ ਨੂੰ ਵਾਈਸ ਕੈਪਟਨ, ਅਰਚਿਤ ਕਟਾਰੀਆ ਜਮਾਤ ਗਿਆਰਵੀਂ ਨੂੰ ਸਪੋਰਟਸ ਕੈਪਟਨ, ਦਿਵਾਂਸ਼ੀ ਨੂੰ ਕਲਚਰਲ ਸੈਕਟਰੀ ਤੇ ਐਸ਼ਵੀਨ ਕੌਰ ਜਮਾਤ ਗਿਆਰਵੀਂ ਨੂੰ ਡਸਿਪਲਨ ਇੰਚਾਰਜ ਦੇ ਅਹੁਦੇ ਨਾਲ ਸਨਮਾਨਿਆ ਗਿਆ।ਯੈਲੋ ਹਾਊਸ ਦੀ ਵਿਦਿਆਰਥਣ ਰਮਨਪ੍ਰੀਤ ਕੌਰ ਜਮਾਤ ਬਾਰਵੀਂ ਨੂੰ ਹਾਊਸ ਕੈਪਟਨ, ਅਰਸ਼ਦੀਪ ਸਿੰਘ ਜਮਾਤ ਬਾਰਵੀਂ ਨੂੰ ਵਾਈਸ ਕੈਪਟਨ, ਅਨਮੋਲ ਸਿੰਘ ਜਮਾਤ ਗਿਆਰਵੀਂ ਨੂੰ ਸਪੋਰਟਸ ਕੈਪਟਨ, ਮਨਜੋਤ ਕੌਰ ਜਮਾਤ ਗਿਆਰਵੀਂ ਨੂੰ ਕਲਚਰਲ ਸੈਕਟਰੀ ਤੇ ਪ੍ਰਿਆਂਸ਼ ਬਾਂਸਲ ਜਮਾਤ ਦਸਵੀਂ ਨੂੰ ਡਸਿਪਲਨ ਇੰਚਾਰਜ ਦੇ ਅਹੁਦੇ ਨਾਲ ਨਿਵਾਜਿਆ ਗਿਆ।ਇਸੇ ਤਰ੍ਹਾਂ ਤਨਸੀਰਤ ਕੌਰ ਜਮਾਤ ਦਸਵੀਂ ਨੂੰ ਅੰਗਰੇਜ਼ੀ ਸਾਹਿਤਕ ਸਭਾ, ਸੁਮਨਪੀਤ ਕੌਰ ਜਮਾਤ ਦਸਵੀਂ ਨੂੰ ਪੰਜਾਬੀ ਸਾਹਿਤਕ ਸਭਾ ਤੇ ਖੁਸ਼ੀ ਜਮਾਤ ਅੱਠਵੀਂ ਨੂੰ ਹਿੰਦੀ ਸਾਹਿਤਕ ਸਭਾ ਦਾ ਪ੍ਰਤੀਨਿਧ ਚੁਣਿਆ ਗਿਆ।ਸਹੁੰ ਚੁੱਕ ਸਮਾਗਮ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਲੋਕ ਨਾਚ ਭੰਗੜਾ ਵੀ ਪੇਸ਼ ਕੀਤਾ ਗਿਆ।ਇਸ ਸਮੇਂ ਸਕੂਲ ਦੇ ਕੁਆਰਡੀਨੇਟਰਜ਼, ਐਕਟੀਵਿਟੀ ਇੰਚਾਰਜ ਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

ਇਸ ਸਮੇਂ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸ੍: ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਸ੍: ਗੁਰਮੀਤ ਸਿੰਘ ਗਿੱਲ (ਪ੍ਰਧਾਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ (ਜਨਰਲ ਸਕੱਤਰ), ਤੇ ਸਰਪੰਚ ਗੁਰਮੀਤ ਸਿੰਘ ਗਿੱਲ (ਵਿੱਤ ਸਕੱਤਰ) ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦੇ ਹੌਸਲੇ ਨੂੰ ਵਧਾਇਆ।

# ਮਾਤਾ ਦੇ ਜਨਮ ਦਿਨ ਦੀ ਖੁਸ਼ੀ 'ਚ ਬਿਰਧ ਆਸ਼ਰਮ ਵਿਖੇ ਕੀਤਾ ਦਾਨ-ਪੁੰਨ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਚੇਅਰਮੈਨ, ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਵੱਲੋਂ ਆਪਣੇ ਮਾਤਾ ਸੁਸ਼ਮਾ ਸਿੰਗਲਾ ਦੇ ਜਨਮ ਦਿਨ ਦੀ ਖੁਸ਼ੀ ਮਨਾਉਂਦੇ ਹੋਏ ਬਿਰਧ ਆਸ਼ਰਮ ਸਮਾਣਾ ਵਿਖੇ ਦਾਨ-ਪੁੰਨ ਕੀਤਾ ਗਿਆ, ਜਿਸ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਦੇ ਐੱਨ ਐੱਸ ਐੱਸ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਮਾਤਾ-ਪਿਤਾ ਦੀ ਅਹਿਮੀਅਤ ਸਮਝਾਉਂਦੇ ਹੋਏ ਬਿਰਧ ਆਸ਼ਰਮ ਦੇ ਬਜ਼ੁਰਗਾਂ ਨੂੰ ਇਨ੍ਹਾਂ ਵਿਦਿਆਰਥੀਆਂ ਤੋਂ ਰਸ, ਬਿਸਕੁਟ ਤੇ ਫਲ ਆਦਿ ਵੰਡਾਏ ਤੇ ਬਜ਼ੁਰਗਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਵਿਦਿਆਰਥੀਆਂ ਨੇ ਇਨ੍ਹਾਂ ਬੇਸਹਾਰਾ ਬਜ਼ੁਰਗਾਂ ਦੀਆਂ ਤਕਲੀਫਾਂ ਨੂੰ ਸਮਝਿਆ ਤੇ ਮਹਿਸੂਸ ਕੀਤਾ।ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਹਮੇਸ਼ਾ ਅਜਿਹੀਆਂ ਸਮਾਜ ਭਲਾਈ ਦੀਆਂ ਗਤੀਵਿਧੀਆਂ ਵਿੱਚ ਆਪਣਾ ਹਿੱਸਾ ਪਾਉਂਦਾ ਰਿਹਾ ਹੈ ਤੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਵੀ ਸਮਾਜ ਭਲਾਈ ਦੇ ਕੰਮਾਂ ਲਈ ਪ੍ਰੇਰਿਤ ਕਰਦਾ ਹੈ।

# ਮਜ਼ਦੂਰ ਜਮਾਤ ਦੇ ਮਸੀਹਾ ਕਾਰਲ ਮਾਰਕਸ ਦੀ ਯਾਦ 'ਚ ਇਕੱਤਰਤਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਮਜ਼ਦੂਰ ਜਮਾਤ ਦੇ ਮਸੀਹਾ ਕਾਰਲ ਮਾਰਕਸ ਦੇ ਜਨਮ ਦਿਨ 'ਤੇ ਪਿੰਡ ਰਸੂਲਪੁਰ, ਚੀਮਾ, ਛੀਨਾ, ਭੁੱਚਰ ਕਲਾਂ ਗੰਡੀਵਿੰਡ ਪਿੰਡਾਂ ਦੇ ਸੈਂਕੜੇ ਮਜ਼ਦੂਰਾਂ ਨੇ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ 'ਚ ਇਕੱਠ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ ਅਤੇ ਕਿਹਾ ਕਿ ਕਾਰਲ ਮਾਰਕਸ ਨੇ ਆਪਣੇ ਜੀਵਨ 'ਚ ਮਜ਼ਦੂਰਾਂ ਦੀ ਹਾਲਤ ਬਾਰੇ ਬਿਆਨ ਕਰਦਿਆਂ ਆਰਥਿਕ ਸਮਾਜਿਕ ਅਤੇ ਰਜਨੀਤਿਕ ਗਿਆਨ ਬਾਰੇ ਡੂੰਘਾ ਅਧਿਐਨ ਕੀਤਾ ।ਮਜ਼ਦੂਰਾਂ ਦੇ ਭਾਰੀ ਇਕੱਠ 'ਚ ਕਾਰਪੋਰੇਟ ਭਜਾਓ, ਬੀਜੀਪੀ ਹਰਾਓ ਅਤੇ ਦੇਸ਼ ਬਚਾਉ ਦੇ ਨਾਹਰੇ ਹੇਠ ਇਕੱਠੇ ਹੋ ਕੇ ਮੋਦੀ ਸਰਕਾਰ ਨੂੰ ਗੱਦੀਓਂ ਲਾਉਣ ਦਾ ਪ੍ਰਣ ਕੀਤਾ ਗਿਆ।

ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਹਰਜਿੰਦਰ ਸਿੰਘ ਚੂੰਘ ਸਵਿੰਦਰ ਸਿੰਘ ਚੱਕ ਨੇ ਬੋਲਦਿਆ ਕਿਹਾ ਕਿ ਬੀ ਜੇ ਪੀ ਦੀਆਂ ਨੀਤੀਆਂ ਲੋਕ ਵਿਰੋਧੀ ਹਨ ਅਤੇ ਰੁਜ਼ਗਾਰ ਖੋਹਣ ਵਾਲੀਆਂ ਹਨ ।ਇਸ ਸਰਕਾਰ ਨੂੰ ਚਲਦਾ ਕਰਨ ਲਈ ਇੰਡੀਆ ਗਠਜੋੜ ਸਰਕਾਰ ਦੇ ਉਮੀਦਵਾਰ ਲੋਕ ਸਭਾ ਹਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ।ਇਨ੍ਹਾਂ ਆਗੂਆਂ ਨੇ ਅੱਗੇ ਦੱਸਿਆ ਕਿ ਸ਼ਹੀਦ ਦੀਪਕ ਧਵਨ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਾਲਾਨਾ ਬਰਸੀ 19 ਮਈ ਦਿਨ ਐਤਵਾਰ ਰਾਮਗੜ੍ਹੀਆ ਬੂੰਗਾ ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ਵੱਡੀ ਗਿਣਤੀ ਵਿੱਚ ਪ੍ਰਵਾਰਾਂ ਸਮੇਤ ਪਹੁੰਚਣ ਦਾ ਸੱਦਾ ਦਿੱਤਾ ਗਿਆ । ਇਸ ਮੌਕੇ ਮੀਨਾ ਕੌਰ ਚੀਮਾ ਖੁਰਦ, ਮਨਜੀਤ ਕੌਰ ਭੁੱਚਰ ਮਨਦੀਪ ਕੌਰ ਰਸੂਲਪਰ ਆਦਿ ਨੇ ਸੰਬੋਧਨ ਕੀਤਾ।

# ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਘਿਰਾਓ



ਪਠਾਨਕੋਟ (ਦਵਿੰਦਰ ਸਿੰਘ)-ਪਿੰਡ ਘੋਹ ਵਿਖੇ ਸੰਯੁਕਤ ਕਿਸਾਨ ਮੋਰਚੇ ਵਲੋਂ ਘਿਰਾਓ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।ਭਾਜਪਾ ਉਮੀਦਵਾਰ ਦੇ ਪਿੰਡ ਘੋਹ ਆਉਣ ਦੀ ਖਬਰ ਸੁਣ ਕੇ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਪਹੁੰਚ ਗਏ। ਕਿਸਾਨ ਭਾਜਪਾ ਉਮੀਦਵਾਰ ਨੂੰ ਘੇਰ ਕੇ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਭਾਜਪਾ ਨੇ ਜਲਸੇ ਦਾ ਸਥਾਨ ਬਦਲ ਲਿਆ।ਹੁਣ ਕਿਸਾਨ ਰਸਤੇ ਵਿੱਚ ਡਟ ਗਏ ਪਰ ਉਮੀਦਵਾਰ ਆਪਣੀ ਗੱਡੀ ਛੱਡ ਕੇ ਮੋਟਰ ਸਾਈਕਲ ਪਿੱਛੇ ਬੈਠ ਕੇ ਨਿਕਲ ਗਿਆ।ਕਿਸਾਨ ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਸੀਂ ਕਿਸਾਨ ਮੰਗਾਂ ਦੇ ਸਬੰਧ ਵਿੱਚ ਸੁਆਲ ਪੁੱਛਣਾ ਚਾਹੁੰਦੇ ਸੀ।ਇਸ ਮੁਜਾਹਰੇ ਦੀ ਅਗਵਾਈ ਕੁੱਲ ਹਿੰਦ ਕਿਸਾਨ ਸਭਾ ਵਲੋਂ ਕਾ. ਚਮਨ ਲਾਲ ਘੋਹ, ਜਮਹੂਰੀ ਕਿਸਾਨ ਸਭਾ ਵਲੋਂ ਬਲਵੰਤ ਸਿੰਘ ਘੋਹ, ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵਲੋਂ ਆਈ ਐਸ ਗੁਲਾਟੀ ਕਰ ਰਹੇ ਸਨ।ਇਸ ਵਕਤ ਉਹਨਾਂ ਨਾਲ ਪਰਸ਼ੋਤਮ ਕੁਮਾਰ, ਸੁਧਾ ਰਾਣੀ, ਪ੍ਰਸ਼ੋਤਮ ਡਡਵਾ, ਕੇਵਲ ਕਾਲੀਆ, ਬਲਬੀਰ ਸਿੰਘ, ਨਿਰੰਜਨ ਸਿੰਘ, ਜਸਵੰਤ ਸਿੰਘ, ਰਣਜੀਤ ਸਿੰਘ, ਨਿਸ਼ੂ ਸ਼ਰਮਾ, ਅਸ਼ੋਕ ਕੁਮਾਰ ਹਾਜਰ ਸਨ।ਆਗੂਆਂ ਨੇ ਕਿਹਾ ਕਿ ਭਾਜਪਾ ਉਮੀਦਵਾਰ ਦਾ ਕਿਸਾਨ ਇਸ ਕਰਕੇ ਵਿਰੋਧ ਕਰ ਰਹੇ ਹਨ ਕਿ ਦਿੱਲੀ ਮੋਰਚੇ ਤੋਂ ਬਾਅਦ ਹੋਏ ਸਮਝੌਤੇ ਤੋਂ ਸਰਕਾਰ ਮੁੱਕਰ ਗਈ ਹੈ।ਉਸ ਸਮਝੌਤੇ ਨੂੰ ਲਾਗੂ ਨਹੀਂ ਕਰ ਰਹੀ।ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਐੱਮਐੱਸਪੀ ਨੂੰ ਕਨੂੰਨੀ ਦਰਜਾ ਦੇ ਕੇ ਲਾਗੂ ਕੀਤਾ ਜਾਵੇ। ਮਜਦੂਰਾਂ ਤੇ ਕਿਸਾਨਾਂ ਦੇ ਕਰਜੇ ਰੱਦ ਕੀਤੇ ਜਾਣ। ਬਿਜਲੀ ਬਿਲ 2022 ਰੱਦ ਕੀਤਾ ਜਾਵੇ ।ਲਖੀਮਪੁਰ ਖੀਰੀ ਵਿਚ ਕਿਸਾਨਾਂ ਤੇ ਪੱਤਰਕਾਰ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।ਕਿਸਾਨ ਮੋਰਚੇ ਦੇ ਸ਼ਹੀਦ ਸੁਭਕਰਨ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਿਸਾਨਾਂ ਨੂੰ ਇਨਸਾਫ ਨਾ ਦਿੱਤਾ ਗਿਆ ਤਾਂ ਭਾਜਪਾ ਉਮੀਦਵਾਰ ਨੂੰ ਪਿੰਡਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਨੂੰ ਸੁਆਲ ਕੀਤੇ ਜਾਣਗੇ ਤੇ ਉਨ੍ਹਾਂ ਦਾ ਹਰ ਪਿੰਡ ਵਿੱਚ ਘਿਰਾਓ ਕੀਤਾ ਜਾਵੇਗਾ।

# ਕਾਮਰੇਡ ਰਣਜੀਤ ਕੌਰ ਦਾ ਲੋਕ ਸੰਘਰਸ਼ਾਂ 'ਚ ਯੋਗਦਾਨ ਸਦਾ ਯਾਦ ਰਹੇਗਾ : ਦਵਿੰਦਰ ਸੋਹਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪਿੰਡ ਢੰਡ ਦੇ ਵਸਨੀਕ ਤੇ ਭਾਰਤੀ ਕਮਿਊਨਿਸਟ ਪਾਰਟੀ ਇਲਾਕਾ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਮਨਜੀਤ ਸਿੰਘ ਢੰਡ ਦੀ ਪਤਨੀ ਕਾਮਰੇਡ ਰਣਜੀਤ ਕੌਰ ਦਾ ਦਿਹਾਂਤ ਪਿਛਲੇ ਦਿਨੀਂ ਕੈਂਸਰ ਦੀ ਨਾ-ਮੁਰਾਦ ਬਿਮਾਰੀ ਨਾਲ ਹੋ ਗਿਆ ਸੀ।ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਅਖੰਡ ਪਾਠ ਉਪਰੰਤ ਪਿੰਡ ਢੰਡ ਦੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਕੀਤੀ ਗਈ।ਇਸ ਮੌਕੇ ਬੀਬੀ ਰਣਜੀਤ ਕੌਰ ਨੂੰ ਸ਼ਰਧਾਂਜਲੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਇਹ ਪਰਿਵਾਰ ਕਾਮਰੇਡ ਕਰਮ ਸਿੰਘ ਤੋਂ ਲੈ ਕੇ ਪਾਰਟੀ ਨਾਲ ਜੁੜਿਆ ਹੈ ।ਬੀਬੀ ਰਣਜੀਤ ਕੌਰ ਵੀ ਪੰਜਾਬ ਇਸਤਰੀ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸਰਗਰਮ ਭੂਮਿਕਾ ਨਿਭਾਉਂਦੀ ਸੀ।ਉਹ ਆਪਣੇ ਜੀਵਨ ਸਾਥੀ ਕਾਮਰੇਡ ਮਨਜੀਤ ਸਿੰਘ ਨਾਲ ਪੂਰਾ ਸਾਥ ਦਿੰਦੀ ਸੀ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕਾਮਰੇਡ ਰਣਜੀਤ ਕੌਰ ਵੱਲੋਂ ਲੋਕ ਸੰਘਰਸ਼ਾਂ ਵਿੱਚ ਪਾਇਆ ਯੋਗਦਾਨ ਯਾਦ ਰਹੇਗਾ।ਉਨ੍ਹਾਂ ਕਿਹਾ ਕਿ ਇਸ ਸਮੇਂ ਸਮਾਜ ਵਿੱਚ ਨਸ਼ਿਆਂ, ਐਕਸੀਡੈਂਟਾਂ ਤੇ ਕੈਂਸਰ ਦੀ ਬਿਮਾਰੀ ਨਾਲ ਅੱਧੀ ਉਮਰੇ ਬਹੁਤ ਮੌਤਾਂ ਹੋ ਰਹੀਆਂ ਹਨ।ਅਜਿਹੇ ਮਾਰੂ ਵਰਤਾਰਿਆਂ ਵੱਲ ਸਮੇਂ ਦੀਆਂ ਸਰਕਾਰਾਂ ਤੇ ਸਮਾਜ ਨੂੰ ਵੱਡਾ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਇਸ ਤਬਾਹੀ ਤੋਂ ਬਚਿਆ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਏਰੀਆ ਸਕੱਤਰ ਕਾਮਰੇਡ ਸੁਰਿੰਦਰ ਸਿੰਘ ਬਿੱਲਾ, ਕਾਮਰੇਡ ਪੰਜਾਬ ਸਿੰਘ ਕਸੇਲ, ਸਰਪੰਚ ਸੁਰਜੀਤ ਸਿੰਘ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਸਨ।

# 'ਆਪ' ਨੂੰ ਮੌਕਾ ਦੇਣ ਲਈ ਪੰਜਾਬ ਦੇ ਲੋਕ ਕਾਹਲੇ:ਸ਼ੈਰੀ ਕਲਸੀ



ਦੀਨਾਨਗਰ- (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਲੋਕਾਂ ਦੀ ਅਪਨੀ ਪਾਰਟੀ ਹੈ ਅਤੇ ਇਸੇ ਕਾਰਨ ਹੀ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਹ ਗੱਲਾਂ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਕਲਸੀ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਰੋਡ ਸ਼ੋਅ ਦੇ ਦੂਜੇ ਗੇੜ ਦੌਰਾਨ ਹਲਕੇ ਦੇ ਪਿੰਡ ਸਾਹੋਵਾਲ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਹੀਆਂ।ਇਸ ਮੌਕੇ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਆਪ ਉਮੀਦਵਾਰ ਨੇ ਕਿਹਾ ਕਿ ਗੁਰਦਾਸਪੁਰ ਦੇ ਲੋਕ ਕਾਂਗਰਸ ਨੂੰ ਵੀ ਵੇਖ ਚੁੱਕੇ ਹਨ, ਅਕਾਲੀ ਭਾਜਪਾ ਨੂੰ ਵੀ ਵੇਖ ਚੁੱਕੇ ਹਨ ਅਤੇ ਫਿਲਮੀ ਸਟਾਰਾਂ ਨੂੰ ਵੀ ਵੇਖ ਚੁੱਕੇ ਹਨ, ਜਿਨ੍ਹਾਂ ਨੂੰ ਲੋਕਾਂ ਨੇ ਵੋਟਾਂ ਤਾਂ ਦਿਲ ਖੋਲ੍ਹ ਕੇ ਪਾਈਆਂ ਪਰ ਵੋਟਾਂ ਲੈਣ ਮਗਰੋਂ ਕਦੇ ਵੀ ਇਨ੍ਹਾਂ ਪਾਰਟੀਆਂ ਦੇ ਲੀਡਰਾਂ ਨੇ ਗੁਰਦਾਸਪੁਰ ਦੇ ਲੋਕਾਂ ਦੀ ਸਾਰ ਨਹੀਂ ਲਈ।ਇਸੇ ਕਾਰਨ ਹੁਣ ਗੁਰਦਾਸਪੁਰ ਦੇ ਲੋਕ ਇਨਾਂ ਰਵਾਇਤੀ ਪਾਰਟੀਆਂ ਦੇ ਲੀਡਰਾਂ ਨੂੰ ਮੂੰਹ ਨਹੀਂ ਲਾਉਣਗੇ ਅਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਹਨੇਰੀ ਬਣ ਕੇ ਭੁਗਤਣਗੇ।ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਲੋਕ ਸਾਰੀਆਂ ਹੀ ਰਵਾਇਤੀ ਪਾਰਟੀਆਂ ਨੂੰ ਪਰਖ ਚੁੱਕੇ ਹਨ ਅਤੇ ਹੁਣ ਆਮ ਆਦਮੀ ਪਾਰਟੀ ਨੂੰ ਮੌਕਾ ਦੇਣ ਲਈ ਕਾਹਲੇ ਨਜ਼ਰ ਆ ਰਹੇ ਹਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਆਪ ਉਮੀਦਵਾਰ ਸ਼ੈਰੀ ਕਲਸੀ ਦੇ ਰੋਡ ਸ਼ੋਅ ਦੇ ਦੂਜੇ ਗੇੜ ਦਾ ਲੋਕਾਂ ਵੱਲੋਂ ਥਾਂ-ਥਾਂ 'ਤੇ ਭਰਵਾਂ ਸਵਾਗਤ ਅਤੇ ਦੇਰ ਰਾਤ ਤੱਕ ਅਪਣੇ ਘਰਾਂ ਤੋਂ ਬਾਹਰ ਨਿਕਲ ਕੇ ਇੰਤਜ਼ਾਰ ਵਿੱਚ ਖੜੇ ਲੋਕਾਂ ਦਾ ਪਿਆਰ ਦੱਸਦਾ ਹੈ ਕਿ ਇਸ ਵਾਰ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਵੇਗੀ।ਉਨ੍ਹਾਂ ਕਿਹਾ ਕਿ ਭਾਜਪਾ ਦੇ ਹੱਥਾਂ ਵਿੱਚ ਦੇਸ਼ ਸੁਰੱਖਿਅਤ ਨਹੀਂ ਹੈ, ਪੰਜਾਬ ਅਤੇ ਦੇਸ਼ ਦੇ ਚੰਗੇ ਭਵਿੱਖ ਲਈ ਇਹ ਚੋਣ ਜੰਗ ਜਿੱਤਣੀ ਜ਼ਰੂਰੀ ਹੈ ਅਤੇ ਇਹ ਗੱਲ ਪੰਜਾਬ ਦੇ ਲੋਕ ਭਲੀ-ਭਾਂਤ ਸਮਝ ਚੁੱਕੇ ਹਨ।

# ਸਰਬੱਤ ਦੇ ਭਲੇ ਲਈ ਮੋਗਾ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਬਾਬਾ ਬਕਾਲਾ ਸਾਹਿਬ ਵਿਖੇ ਗੁਰਦੁਆਰਾ 'ਪ੍ਰਭ ਮਿਲਣੈ ਕਾ ਚਾਉ' ਬ੍ਰਹਮ ਗਿਆਨ ਕੇਂਦਰ ਮੋਗਾ ਵੱਲੋਂ ਸਰਬੱਤ ਦੇ ਭਲੇ ਲਈ ਸ਼੍ਰੋਮਣੀ ਕਮੇਟੀ ਅਤੇ ਸੇਵਾ ਸਿਮਰਨ ਸੁਸਾਇਟੀ ਬਾਬਾ ਬਕਾਲਾ ਸਾਹਿਬ ਦੇ ਸਹਿਯੋਗ ਨਾਲ ਬੀਤੀ ਸ਼ਾਮ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਸ੍ਰੀ ਰਹਿਰਾਸ ਸਾਹਿਬ ਦਾ ਜਾਪ ਉਪਰੰਤ ਭਾਈ ਦਲਬੀਰ ਸਿੰਘ ਤਰਮਾਲਾ ਨੇ ਅਕੱਥ ਕਥਾ ਰਾਹੀਂ ਪ੍ਰਮਾਤਮਾ ਦੇ ਮਿਲਾਪ ਦਾ ਰਸਤਾ ਸਰਲ ਅਰਥਾਂ 'ਚ ਦੱਸਿਆ ।ਉਪਰੰਤ ਢਾਡੀ ਨਿਰਮਲ ਸਿੰਘ, ਬੀਬੀ ਕੰਵਲਜੀਤ ਕੌਰ ਢਾਡੀ ਜਥਿਆਂ ਨੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਸਿਮਰਨ ਅਭਿਆਸ, ਕੀਰਤਨ, ਕਵੀਸ਼ਰੀ, ਢਾਡੀ ਵਾਰਾਂ, ਅਕੱਥ ਨਾਲ ਸੰਗਤਾਂ ਨੂੰ ਨਿਹਾਲ ਕੀਤਾ ।ਇਸ ਮੌਕੇ ਸਿਖਿਆਰਥੀ 'ਗੁਰਦੁਆਰਾ ਪ੍ਰਭੁ ਮਿਲਣੈ ਕਾ ਚਾਉ' ਭਾਈ ਹੀਰਾ ਸਿੰਘ ਖਾਲਸਾ, ਭਾਈ ਬਲਕਾਰ ਸਿੰਘ, ਬਾਈ ਸਰਬਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਨਿਰਵੈਰ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਜਰਨੈਲ ਸਿੰਘ, ਖਾਲਸਾ ਨਿਰਵੈਰ ਸਿੰਘ, ਭਾਈ ਬਲਦੇਵ ਸਿੰਘ ਧਾਲੀਵਾਲ, ਭਾਈ ਹਰਪ੍ਰੀਤ ਸਿੰਘ ਪੱਲ੍ਹਾ ਅਤੇ ਭਾਰੀ ਗਿਣਤੀ 'ਚ ਸੰਗਤਾਂ ਮੌਜੂਦ ਸਨ

# ਰਵਾਇਤੀ ਪਾਰਟੀਆਂ ਨੂੰ ਝਟਕਾ, ਅਨੇਕਾਂ ਪਰਿਵਾਰ 'ਆਪ' 'ਚ ਸ਼ਾਮਿਲ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਅਜਨਾਲਾ ਸ਼ਹਿਰ ਵਿੱਚ ਉਸ ਵਕਤ ਕਾਂਗਰਸ ਤੇ ਅਕਾਲੀ ਦਲ ਨੂੰ ਝਟਕਾ ਲੱਗਾ ਜਦੋਂ ਅਨੇਕਾਂ ਪਰਿਵਾਰ ਵਾਰਡ ਨੰਬਰ ਅੱਠ ਦੇ ਇੰਚਾਰਜ ਗੁਰਿੰਦਰ ਸਿੰਘ ਗੁੱਜਰਪੁਰਾ ਦੀ ਅਗਵਾਈ ਹੇਠ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਾਰਟੀ ਦਾ ਚਿੰਨ੍ਹ ਪਾ ਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਬਣਦਾ ਸਤਿਕਾਰ ਦੇਣ ਦੀ ਗੱਲ ਕਹੀ। ਉਨ੍ਹਾਂ ਨੇ ਕਿਹਾ ਜਿਨਾ ਵਿਕਾਸ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਕੀਤਾ ਹੈ ਉਸ ਨੂੰ ਮੱਦੇਨਜ਼ਰ ਪੰਜਾਬ ਵਿੱਚ ਲੋਕ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਹਨ। ਇਸ ਮੌਕੇ ਉਨ੍ਹਾਂ ਨੇ ਗੁਰਿੰਦਰ ਸਿੰਘ ਗੁੱਜਰਪੁਰਾ ਦੀ ਤਾਰੀਫ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਲਈ ਬਹੁਤ ਮਿਹਨਤ ਕੀਤੀ ਹੈ ਤੇ ਇਸ ਮੌਕੇ ਸੁਖਵਿੰਦਰ ਸਿੰਘ, ਗੁਰਚਰਨ ਸਿੰਘ, ਪਰਮਜੀਤ ਸਿੰਘ, ਗੁਰ ਪ੍ਰਤਾਪ ਸਿੰਘ, ਮਲਕੀਤ ਸਿੰਘ, ਰਾਜਵੀਰ ਸਿੰਘ, ਜਗਜੀਤ ਸਿੰਘ, ਗੁਰਜੰਟ ਸਿੰਘ, ਜਰਨੈਲ ਸਿੰਘ, ਹਰਮਨ ਪ੍ਰੀਤ ਸਿੰਘ, ਸੇਵਪ੍ਰੀਤ ਸਿੰਘ, ਨਰਿੰਦਰ ਸਿੰਘ, ਆਕਾਸ਼ਦੀਪ ਸਿੰਘ, ਸਾਗਰ ਸਿੰਘ, ਵਿਸ਼ਾਲ, ਅਭੀ ਸੇਠ, ਸਤਨਾਮ ਸਿੰਘ ਆਦਿ ਪਾਰਟੀ ਵਿੱਚ ਸ਼ਾਮਿਲ ਹੋਏ।

ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਪੀਏ ਗੁਰਜੰਟ ਸਿੰਘ ਸੋਹੀ, ਜ਼ਿਲ੍ਹਾ ਮੀਤ ਪ੍ਰਧਾਨ ਅਮਿਤ ਔਲ, ਅਮਿਤ ਪੁਰੀ, ਗੁਰਿੰਦਰ ਸਿੰਘ ਗੁੱਜਰਪੁਰਾ, ਅਜੇ ਕੁਮਾਰ, ਅਮਰਦੀਪ ਸਿੰਘ ਰਿੱਕੂ, ਦੀਪਕ ਭੱਟੀ, ਗੁਰਨਾਮ ਸਿੰਘ, ਗੁਰਦੇਵ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਮੈਡਮ ਗੀਤਾ ਗਿੱਲ, ਸੁਨੀਲ ਗਿੱਲ, ਰਛਪਾਲ ਸਿੰਘ ਕੋਟ ਕਾਜ਼ੀਆਂ, ਗੋਰਾ ਸੱਗੂ, ਹਰਮੀਤ ਸਿੰਘ ਲਾਡੀ ਸੰਧੂ, ਇੰਦਰਪਾਲ ਸਿੰਘ ਸ਼ਾਹ, ਸੁਖਦਿਆਲ ਸਿੰਘ ਭਾਖਾ, ਵਿੱਕੀ ਅੱਡਾ ਇੰਚਾਰਜ ਆਦਿ ਹਾਜ਼ਰ ਸਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ ਪ੍ਰਿੰਸੀਪਲ ਦਿਵਸ ਮਨਾਇਆ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਪ੍ਰਿੰਸੀਪਲ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰ. ਮਨੀਸ਼ਾ ਸੂਦ ਦੀਆਂ ਪ੍ਰਾਪਤੀਆਂ, ਮਿਹਨਤ, ਲਗਨ ਨੂੰ ਮੱਦੇਨਜ਼ਰ ਰੱਖਦੇ ਹੋਏ ਸਕੂਲ ਵਿੱਚ ਇਕ ਖ਼ਾਸ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪ੍ਰਿੰਸੀਪਲ ਦੀ ਵਡਿਆਈ ਕਰਦਿਆਂ ਵਿਦਿਆਰਥੀਆਂ ਵੱਲੋਂ ਕਵਿਤਾਵਾਂ, ਗੀਤ, ਡਾਂਸ ਅਤੇ ਭਾਸ਼ਣ ਪੇਸ਼ ਕੀਤਾ ਗਿਆ।

ਵਿਦਿਆਰਥੀਆਂ ਦੁਆਰਾ ਕਾਰਡ ਬਣਾ ਕੇ ਪ੍ਰਿੰਸੀਪਲ ਨੂੰ ਭੇਟ ਕੀਤੇ ਗਏ। ਇਸ ਮੌਕੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੇ ਪ੍ਰਿੰ. ਮਨੀਸ਼ਾ ਸੂਦ ਦੀ ਉਸਤਤ ਕਰਦਿਆਂ ਕਿਹਾ ਕਿ ਸਾਰੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਸਕੂਲ ਦੀ ਮਿਹਨਤੀ ਅਤੇ ਤਨਦੇਹੀ ਨਾਲ ਕੰਮ ਕਰਨ ਵਾਲੀ ਪ੍ਰਿੰਸੀਪਲ ਉੱਤੇ ਮਾਣ ਹੈ। ਇਨ੍ਹਾਂ ਦੀ ਯੋਗ ਅਗਵਾਈ ਕਾਰਨ ਸਕੂਲ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਅਤੇ ਸਕੂਲ ਦੇ ਨਤੀਜੇ ਹਮੇਸ਼ਾ ਸ਼ਾਨਦਾਰ ਰਹਿੰਦੇ ਹਨ। ਜੇਕਰ ਹਰ ਵਿਦਿਆਰਥੀ ਇਨ੍ਹਾਂ ਦੁਆਰਾ ਦੱਸੇ ਮਾਰਗ ਉੱਤੇ ਚੱਲੇ ਤਾਂ ਉਹ ਜ਼ਿੰਦਗੀ ਵਿੱਚ ਹਮੇਸ਼ਾ ਕਾਮਯਾਬ ਹੋਵੇਗਾ।

# ਰਾਣਾ ਗੰਡੀਵਿੰਡ ਦੇ ਗ੍ਰਹਿ ਵਿਖੇ ਜ਼ੀਰਾ ਦੇ ਹੱਕ 'ਚ ਕਾਂਗਰਸੀ ਵਰਕਰਾਂ ਦਾ ਵੱਡਾ ਇਕੱਠ



ਝਬਾਲ (ਹਰਜਿੰਦਰ ਸਿੰਘ ਸੋਨੀ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਹਲਕਾ ਤਰਨਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਦੇ ਗ੍ਰਹਿ ਵਿਖੇ ਕਾਂਗਰਸ ਦੇ ਬੁਲਾਰੇ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਵੱਲੋਂ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਰੱਖੀਂ ਗਈ ਰੈਲੀ ਮੌਕੇ 32 ਸਰਪੰਚਾਂ, ਪੰਚਾਂ ਤੇ ਵਰਕਰਾਂ ਨੂੰ ਸਾਬਕਾ ਕੈਬਨਿਟ ਮੰਤਰੀ ਗੁਰਜੀਤ ਸਿੰਘ ਰਾਣਾ, ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾਉਣ ਲਈ ਕਿਹਾ। ਆਗੂਆਂ ਨੇ ਕਿਹਾ ਕਿ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋ ਤਾਂ ਜੋ ਰੋਜ਼ਗਾਰ ਪ੍ਰਾਪਤੀ ਦਾ ਮਾਹੌਲ ਬਣ ਸਕੇ ਅਤੇ ਇਸ ਹਲਕੇ ਦੇ ਪਛੜੇ ਖੇਤਰ 'ਚ ਇੰਡਸਟਰੀ ਲਗਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾਂ ਸਕੇ।ਇਸ ਸਮੇਂ ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਤੇ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਵੱਲੋਂ ਸਾਬਕਾਂ ਕੈਬਨਿਟ ਮੰਤਰੀ ਗੁਰਜੀਤ ਸਿੰਘ ਰਾਣਾ, ਕੁਲਬੀਰ ਸਿੰਘ ਜ਼ੀਰਾ, ਪੀਪੀਸੀਸੀ ਮੈਂਬਰ ਹਰਸ਼ਰਨ ਸਿੰਘ ਮੱਲਾ ਸੋਹਲ, ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਆਦਿ ਨੂੰ ਸਨਮਾਨ ਚਿੰਨ੍ਹ, ਲੋਈ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬਲਾਕ ਪ੍ਰਧਾਨ ਸੋਨੂੰ ਦੋਦੇ, ਚੇਅਰਮੈਨ ਹਰਿਆਵਲ ਫਾਊਂਡੇਸ਼ਨ ਪ੍ਰਮਜੀਤ ਸਿੰਘ ਢਿੱਲੋਂ ਗੰਡੀਵਿੰਡ, ਅਜੈਪਾਲ ਸਿੰਘ ਢਿੱਲੋਂ ਗੰਡੀਵਿੰਡ, ਤਨਵੀਰਇੰਦਰ ਸਿੰਘ ਸੋਨੂੰ ਗੰਡੀਵਿੰਡ, ਚਮਕੌਰ ਸ਼ੈਲਰ ਵਾਲੇ, ਸਰਪੰਚ ਬੀਬੀ ਹਰਜੀਤ ਕੌਰ ਗੰਡੀਵਿੰਡ, ਸਰਪੰਚ ਬਿਕਰਮ ਸਿੰਘ ਢਿੱਲੋਂ ਝਬਾਲ, ਸਰਪੰਚ ਬਾਬਾ ਪਾਲ ਸਿੰਘ ਪੰਜਵੜ, ਸਰਪੰਚ ਪ੍ਰਦੀਪ ਸਿੰਘ ਕੋਟ ਦਸੰਧੀ ਮੱਲ, ਸਰਪੰਚ ਉੱਤਮ ਸਿੰਘ ਖ਼ਾਰਾ, ਸਰਪੰਚ ਕੁਲਬੀਰ ਸਿੰਘ ਨੂਰਦੀ, ਸਰਪੰਚ ਭੁਪਿੰਦਰ ਸਿੰਘ ਗੋਹਲਵੜ, ਸਰਪੰਚ ਕੰਵਲਜੀਤ ਸਿੰਘ ਪੰਡੋਰੀ ਰੋਮਾਣਾ, ਸਰਪੰਚ ਸੁਖਵਿੰਦਰ ਸਿੰਘ ਬਾਊ ਪੰਡੋਰੀ ਸਿੱਧਵਾਂ, ਸਰਪੰਚ ਗੁਰਮੀਤ ਸਿੰਘ ਭੂਸੇ, ਸਰਪੰਚ ਮਿਲਖਾ ਸਿੰਘ ਮੱਝੂਪੁਰ, ਸਰਪੰਚ ਗੁਰਜੀਤ ਸਿੰਘ ਮੁਰਾਦਪੁਰਾ, ਸਰਪੰਚ ਸਾਬ ਸਿੰਘ ਮੱਲੀ ਮੁਰਾਦਪੁਰਾ ਕਲਾਂ, ਸਰਪੰਚ ਤਰਸੇਮ ਸਿੰਘ ਮੁਰਾਦਪੁਰਾ ਵਾਰਡ ਨੰਬਰ 8, ਮਲਕੀਤ ਸਿੰਘ ਮੀਤਾ ਵਾਰਡ ਨੰਬਰ 15, ਸਰਪੰਚ ਸਰਬਜੀਤ ਕੌਰ ਮਾਹਣੇ ਮੱਲ੍ਹੀਆਂ, ਸਰਪੰਚ ਸੁਖਪਾਲ ਸਿੰਘ ਹਰਬੰਸਪੁਰਾ, ਸਰਪੰਚ ਗੁਰਬਚਨ ਸਿੰਘ ਕਸੇਲ, ਸਰਪੰਚ ਅਮਨ ਬੁਰਜ, ਸਰਪੰਚ ਪ੍ਰਗਟ ਸਿੰਘ ਝਬਾਲ, ਵਾਇਸ ਚੇਅਰਮੈਨ ਉਪਕਾਰ ਸਿੰਘ ਭੁੱਚਰ, ਪ੍ਰਧਾਨ ਪ੍ਰਮਜੀਤ ਸਿੰਘ ਕੋਟ, ਡਾ ਅਜੈਪਾਲ ਸਿੰਘ ਢਿੱਲੋਂ, ਗੁਰਦੇਵ ਸਿੰਘ ਪੱਧਰੀ, ਸੰਮਤੀ ਮੈਂਬਰ ਹਰ ਭਗਵੰਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਰੰਧਾਵਾ ਕਸੇਲ, ਗੁਰਦਿਆਲ ਸਿੰਘ ਦੋਧੀ, ਸਰਪੰਚ ਗੁਰਸੇਵਕ ਸਿੰਘ ਚੀਮਾ ਖੁਰਦ, ਸਰਪੰਚ ਮੱਘਰ ਸਿੰਘ ਦੋਬਲੀਆ, ਸਰਪੰਚ ਕੇਹਰ ਸਿੰਘ, ਸਰਪੰਚ ਰਾਣਾ ਕਲਸ, ਸੰਮਤੀ ਮੈਂਬਰ ਗੁਰਿੰਦਰ ਭਾਟੀਆ, ਜੋਧ ਸਿੰਘ, ਕੁਲਵਿੰਦਰ ਸਿੰਘ ਵੜੈਚ, ਜੋਬਨਜੀਤ ਸਿੰਘ ਲੋਹੀਆਂ, ਸੂਬੇਦਾਰ ਦਲਜੀਤ ਸਿੰਘ ਸ਼ਾਹ ਕਸੇਲ, ਪ੍ਰੋਫੈਸਰ ਇੰਦਰਜੀਤ ਸਿੰਘ ਕਸੇਲ, ਪ੍ਰਤਾਪ ਸਿੰਘ ਕੈਰੋਂਵਾਲ, ਗੋਲਡੀ, ਡਾ. ਰਿੰਕੂ, ਨੰਬਰਦਾਰ ਸਰਬਰਿੰਦਰ ਸਿੰਘ, ਪ੍ਰਦੀਪ ਡਾਇਰੈਕਟਰ, ਕੁਲਦੀਪ ਸਿੰਘ ਮੈਂਬਰ ਸਰਾਂ, ਮਨਦੀਪ ਸਿੰਘ ਉੱਪਲ ਪ੍ਰਧਾਨ ਤਰਨਤਾਰਨ, ਵਕੀਲ ਬਖ਼ਸ਼ੀਸ਼ ਸਿੰਘ ਖੈਰਦੀ, ਲਾਭ ਸਿੰਘ ਖੈਰਦੀ, ਜਥੇਦਾਰ ਸਵਿੰਦਰ ਸਿੰਘ ਪੱਪੂ, ਗੁਰਸਾਹਿਬ ਸਿੰਘ ਮਾਣਕਪੁਰਾ, ਸੁਖਦੇਵ ਸਿੰਘ ਨੂਰਦੀ, ਪ੍ਰਧਾਨ ਕੁੱਕੂ ਤਰਨ ਤਾਰਨ ਸਮੇਤ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਵੀ ਮੌਜੂਦ ਸਨ।

# ਗੁਰੂ ਤੇਗ ਬਹਾਦਰ ਆਸਰਾ ਟਰੱਸਟ ਖਿਲਚੀਆਂ ਨੇ ਰਾਸ਼ਨ ਕਿੱਟਾਂ ਵੰਡੀਆਂ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਗੁਰੂ ਤੇਗ ਬਹਾਦਰ ਆਸਰਾ ਟਰੱਸਟ ਖਿਲਚੀਆਂ ਵੱਲੋਂ ਲਾਇਨ ਕਲੱਬ ਰਈਆ ਬਿਆਸ ਕੇ-ਨਾਈਟਸ ਦੇ ਡਾਇਰੈਕਟਰ ਅਤੇ ਟਰੱਸਟ ਦੇ ਚੇਅਰਮੈਨ ਸਵਰਨਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਧਵਾ, ਅੰਗਹੀਣ ਅਤੇ ਬੇਆਸਰਾ ਬਜ਼ੁਰਗਾਂ ਨੂੰ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ ।ਇਸ ਮੌਕੇ ਉੱਘੇ ਲੇਖਕ, ਪੱਤਰਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਸ: ਜਸਬੀਰ ਸਿੰਘ ਥਾਣਾ ਮੁਖੀ ਬਿਆਸ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਲੋੜਵੰਦਾਂ ਨੂੰ ਕਿੱਟਾਂ ਵੰਡਣ ਦੀ ਰਸਮ ਅਦਾ ਕੀਤੀ। ਉਨ੍ਹਾਂ ਟਰੱਸਟ ਦੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਕਰਮ ਹੈ।ਇਸ ਮੌਕੇ ਡਾ: ਬਿਕਰਮਜੀਤ ਸਿੰਘ ਬਾਠ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਡਾ: ਰਾਜ ਕੁਮਰਾ ਸ਼ਰਮਾ, ਡਾ: ਬਿੱਲਾ, ਹਰਪਾਲ ਸਿੰਘ, ਜੈਦੀਪ ਸ਼ਰਮਾ, ਸਵਾਬੀਰ ਸਿੰਘ ਮਨਜੀਤ ਸਿੰਘ ਮੀਤਾ, ਬਿੰਦ ਫੌਜੀ ਅਤੇ ਹੋਰ ਹਾਜ਼ਰ ਸਨ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੋਲਿੰਗ ਸਟਾਫ਼ ਦੀ ਪਹਿਲੀ ਰਿਹਰਸਲ



**ਡੇਰਾ ਬਾਬਾ ਨਾਨਕ, ਗੁਰਦਾਸਪੁਰ (ਰਮੇਸ਼ ਸ਼ਰਮਾ/ਦਿਨੇਸ਼ ਕੁਮਾਰ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਤਇਨਾਤ ਕੀਤੇ ਗਏ ਪੋਲਿੰਗ ਸਟਾਫ਼ ਦੀ ਅੱਜ ਪਹਿਲੀ ਰਹਿਰਸਲ ਕਰਵਾਈ ਗਈ।ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪੋਲਿੰਗ ਸਟਾਫ ਦੀ ਰਿਹਰਸਲ ਸੁਖਜਿੰਦਰਾ ਗਰੁੱਪ ਆਫ ਇੰਸਟੀਚਿਊਟ ਗੁਰਦਾਸਪੁਰ ਦੇ ਇੰਜੀਨੀਅਰ ਵਿੰਗ ਦੇ ਰੂਮ ਨੰਬਰ 101-104 ਵਿਖੇ ਹੋਈ ਜਦਕਿ ਵਿਧਾਨ ਸਭਾ ਹਲਕਾ ਦੀਨਾਨਗਰ (ਐੱਸ.ਸੀ.) ਦੀ ਰਿਹਰਸਲ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਗੁਰਦਾਸਪੁਰ ਵਿਖੇ ਕਰਵਾਈ ਗਈ। ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਪੋਲਿੰਗ ਸਟਾਫ਼ ਦੀ ਰਿਹਰਸਲ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਗੁਰਦਾਸਪੁਰ ਦੇ ਪੋਲੀਟੈਕਨਿਕ ਵਿੰਗ ਵਿੱਚ, ਵਿਧਾਨ ਸਭਾ ਹਲਕਾ ਬਟਾਲਾ ਦੀ ਰਿਹਰਸਲ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਖੇ, ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ (ਐੱਸ.ਸੀ.) ਦੀ ਰਿਹਰਸਲ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਕਿਸ਼ਨਕੋਟ ਘੁਮਾਣ, ਵਿਧਾਨ ਸਭਾ ਹਲਕਾ ਫ਼ਤਹਿਗੜ੍ਹ ਚੂੜੀਆਂ ਦੀ ਰਿਹਰਸਲ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਗਰਲਜ਼) ਫ਼ਤਹਿਗੜ੍ਹ ਚੂੜੀਆਂ ਅਤੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੇ ਪੋਲਿੰਗ ਸਟਾਫ਼ ਦੀ ਰਿਹਰਸਲ ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਵਿਖੇ ਕਰਵਾਈ ਗਈ।ਰਿਹਰਸਲ ਦੌਰਾਨ ਮਾਸਟਰ ਟਰੇਨਰਾਂ ਵੱਲੋਂ ਪੋਲਿੰਗ ਸਟਾਫ਼ ਨੂੰ ਈਵੀਐੱਮ, ਵੀਵੀਪੈਟ ਅਤੇ ਕੰਟਰੋਲ ਯੂਨਿਟ ਨੂੰ ਚਲਾਉਣਾ ਸਿਖਾਇਆ ਗਿਆ ਅਤੇ ਨਾਲ ਪੋਲਿੰਗ ਦੌਰਾਨ ਸਮੁੱਚੀ ਚੋਣ ਪ੍ਰੀਕ੍ਰਿਆ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਏ.ਆਰ.ਓਜ਼. ਵੱਲੋਂ ਰਿਹਰਸਲ ਦਾ ਨਿਰੀਖਣ ਕੀਤਾ ਗਿਆ।ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਵਿਖੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪੋਲਿੰਗ ਸਟਾਫ਼ ਦੀ ਰਿਹਰਸਲ ਦਾ ਨਿਰੀਖਣ ਕਰਨ ਮੌਕੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਚੋਣਾਂ ਦੌਰਾਨ ਜਿਹੜੇ ਵੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਡਿਊਟੀ ਲੱਗੀ ਹੋਈ ਹੈ ਉਹ ਆਪਣੀ ਇਸ ਡਿਊਟੀ ਨੂੰ ਪੂਰੀ ਇਮਾਨਦਾਰੀ, ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਸਿਖਲਾਈ ਦੌਰਾਨ ਪੋਲਿੰਗ ਸਟਾਫ਼ ਦੇ ਹਰ ਮੈਂਬਰ ਨੂੰ ਈ.ਵੀ.ਐੱਮ ਸਮੇਤ ਪੂਰੀ ਚੋਣ ਪ੍ਰੀਕ੍ਰਿਆ ਦੀ ਚੰਗੀ ਤਰਾਂ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਵੋਟਾਂ ਪੈਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਚੋਣ ਪ੍ਰੀਕ੍ਰਿਆ ਦੌਰਾਨ ਇੱਕ ਛੋਟੀ ਜਿਹੀ ਗਲਤੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ, ਇਸ ਲਈ ਚੋਣ ਅਮਲੇ ਦਾ ਹਰ ਮੈਂਬਰ ਆਪਣੀ ਪੂਰੀ ਤਿਆਰੀ ਕਰੇ।

# ਡਾ. ਚੀਮਾ ਨੇ ਬਾਵਾ ਲਾਲ ਧਾਮ ਧਿਆਨਪੁਰ ਕੋਟਲੀ ਵਿਖੇ ਮੱਥਾ ਟੇਕਿਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਕਸਬਾ ਧਿਆਨਪੁਰ ਵਿਖੇ ਬਾਵਾ ਲਾਲ ਦੇ ਧਾਮ ਧਿਆਨਪੁਰ ਕੋਟਲੀ ਵਿਖੇ ਨਤਮਸਤਕ ਹੋਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ।ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਅਤੇ ਇਲਾਕੇ ਦੇ ਵੱਡੀ ਗਿਣਤੀ ਪਤਵੰਤੇ ਹਾਜ਼ਰ ਸਨ।ਇਸ ਮੌਕੇ ਡਾ. ਚੀਮਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਹੈ।ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਬਾਵਾ ਲਾਲ ਜੀ ਦੇ ਅਸਥਾਨ 'ਤੇ ਪਹੁੰਚ ਕੇ ਰੂਹਾਨੀ ਸਕੂਨ ਮਿਲਿਆ ਹੈ।

# ਇਨਸਾਨ ਦਾ ਕੁਦਰਤੀ ਸੁਭਾਅ ਹੈ ਕਿ ਸਾਰੀ ਉਮਰ ਮੰਗਦਾ ਰਹਿੰਦਾ: ਸਾਧਵੀ ਗੌਰੀ ਭਾਰਤੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਮੁਰਾਦਪੁਰਾ ਰੋਡ, ਤਰਨ ਤਾਰਨ ਆਸ਼ਰਮ ਅੰਦਰ ਭੰਡਾਰੇ ਦੇ ਰੂਪ ਵਿੱਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੇ ਦੌਰਾਨ ਪ੍ਰਵਚਨ ਕਰਦੇ ਹੋਏ ਸਾਧਵੀ ਗੌਰੀ ਭਾਰਤੀ ਨੇ ਕਿਹਾ ਕਿ ਹਰ ਵੇਲੇ ਕੁਝ ਨਾ ਕੁਝ ਮੰਗਦੇ ਰਹਿਣਾ ਇਨਸਾਨ ਦਾ ਕੁਦਰਤੀ ਸੁਭਾਅ ਹੈ।ਜਦੋਂ ਉਸ ਦੀ ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਸਰੀ ਨਾਲ ਹੀ ਸਿਰ ਚੁੱਕ ਕੇ ਖੜੀ ਹੋ ਜਾਂਦੀ ਹੈ।ਬਚਪਨ ਤੋਂ ਹੀ ਮੰਗਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।ਛੋਟਾ ਬੱਚਾ ਸਭ ਤੋਂ ਪਹਿਲਾਂ ਆਪਣੀ ਮਾਂ ਤੋਂ ਹੀ ਮੰਗਣ ਦੀ ਸ਼ੁਰੂਆਤ ਕਰਦਾ ਹੈ।ਥੋੜ੍ਹਾ ਹੋਰ ਵੱਡਾ ਹੋਣ ਤੇ ਪਿਤਾ ਤੋਂ ਮੰਗਦਾ ਹੈ।ਜਵਾਨੀ ਵਿੱਚ ਨੌਕਰੀ ਦੀ ਮੰਗ ਕਰਦਾ ਹੈ।ਜਦੋਂ ਨੌਕਰੀ ਮਿਲ ਗਈ ਤਾਂ ਫਿਰ ਹੋਰ ਇੱਛਾ ਜਨਮ ਲੈ ਲੈਂਦੀ ਹੈ।ਮੰਗ ਮੰਗ ਕੇ ਇਨਸਾਨ ਵਸਤੂਆਂ ਦਾ ਢੇਰ ਲਗਾ ਦਿੰਦਾ ਹੈ। ਪਰ ਇੱਕ ਦਿਨ ਅਜਿਹਾ ਵੀ ਆਉਂਦਾ ਹੈ ਜਦੋਂ ਸਭ ਕੁਝ ਛੱਡ ਕੇ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ।ਜੀਵਨ ਦੀ ਇਸ ਵਾਸਤਵਿਕ ਸੱਚਾਈ ਤੋਂ ਜਾਣੂ ਕਰਵਾਉਣ ਲਈ ਸਾਨੂੰ ਮਹਾਂਪੁਰਸ਼ ਦੱਸਦੇ ਹਨ ਕਿ ਸੰਸਾਰ ਸਥਿਰ ਨਹੀਂ ਹੈ ਇੱਕ ਦਿਨ ਖਤਮ ਹੋਣ ਵਾਲਾ ਹੈ ਤੇ ਇਸੇ ਨੂੰ ਪ੍ਰਾਪਤ ਕਰਨ ਲਈ ਅਸੀਂ ਸਾਰੀ ਉਮਰ ਸੰਘਰਸ਼ ਕਰਦੇ ਹਾਂ। ਜੋ ਅਲੌਕਿਕ ਹੈ, ਅਵਿਨਾਸ਼ੀ ਹੈ, ਜੋ ਸਦਾ ਰਹਿਣ ਵਾਲਾ ਹੈ ਅਤੇ ਸੰਜੋਅ ਕੇ ਰੱਖਣ ਵਾਲੀ ਚੀਜ਼ ਹੈ ਉਸ ਦਾ ਅਸੀਂ ਚਿੰਤਨ ਨਹੀਂ ਕਰਦੇ।ਜੋ ਅੱਜ ਮੰਗਿਆ ਗਿਆ ਹੈ ਉਸਨੂੰ ਕੱਲ ਨੂੰ ਛੱਡ ਕੇ ਹੀ ਜਾਣਾ ਪਵੇਗਾ।

ਜੇ ਜਿਉਂਦੇ ਜੀ ਨਾ ਛੱਡਿਆ ਤਾਂ ਮਰ ਕੇ ਤਾਂ ਛੱਡ ਕੇ ਹੀ ਜਾਣਾ ਹੈ।ਸੰਸਾਰ ਤੋਂ ਕੋਈ ਵੀ ਵਿਅਕਤੀ ਆਪਣੇ ਨਾਲ ਕੁਝ ਵੀ ਨਹੀਂ ਲੈ ਜਾ ਸਕਦਾ ਪਰ ਪਰਮਾਤਮਾ ਦੇ ਨਾਮ ਦਾ ਦਾਨ ਸਾਡੇ ਅੰਦਰ ਅਲੌਕਿਕ ਪ੍ਰਕਾਸ਼ ਨੂੰ ਪੈਦਾ ਕਰ ਦਿੰਦਾ ਹੈ। ਇਸ ਲਈ ਭਗਤ ਹਮੇਸ਼ਾ ਸਤਿਗੁਰ ਦੇ ਅੱਗੇ ਭਗਤੀ ਅਤੇ ਗਿਆਨ ਦੀ ਮੰਗ ਰੱਖਦੇ ਹਨ।ਅੰਦਰੂਨੀ ਜਗਤ ਪ੍ਰਕਾਸ਼ਮਾਨ ਹੁੰਦੇ ਹੀ ਇਨਸਾਨ ਦੇ ਅੰਦਰ ਅਗਿਆਨਤਾ ਅਤੇ ਬੁਰਾਈਆਂ ਦਾ ਨਾਸ਼ ਹੋ ਜਾਂਦਾ ਹੈ। ਜੇ ਅਸੀਂ ਵੀ ਸੁੱਖ ਸ਼ਾਂਤੀ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਤਾਂ ਇੱਕ ਪੂਰਨ ਸਤਿਗੁਰੂ ਦੀ ਖੋਜ ਕਰੀਏ ਜੋ ਸਾਨੂੰ ਦਿਵਯ ਦ੍ਰਿਸ਼ਟੀ ਪ੍ਰਦਾਨ ਕਰਕੇ ਸਾਡੇ ਅੰਦਰ ਵੀ ਆਨੰਦ ਸਰੂਪ ਪਰਮਾਤਮਾ ਦਾ ਦਰਸ਼ਨ ਕਰਵਾ ਦੇਵੇ।ਪ੍ਰੋਗਰਾਮ ਦੇ ਦੌਰਾਨ ਸਾਧਵੀ ਸ਼ੁਭਾਨੰਦਾ ਭਾਰਤੀ, ਸਾਧਵੀ ਭਗਵਤੀ ਭਾਰਤੀ, ਸਾਧਵੀ ਚੰਦਰਪ੍ਰਭਾ ਭਾਰਤੀ, ਸਾਧਵੀ ਸ਼ੀਤਲ ਭਾਰਤੀ, ਸਾਧਵੀ ਕ੍ਰਾਲਿਕਾ ਭਾਰਤੀ ਨੇ ਸੁੰਦਰ ਭਜਨਾਂ ਦਾ ਗਾਇਨ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਆਈ ਹੋਈ ਸੰਗਤ ਨੂੰ ਅਟੁੱਟ ਲੰਗਰ ਵੀ ਵਰਤਾਇਆ ਗਿਆ।

# ਚੋਣ ਰਿਹਰਸਲ 'ਚ ਗੈਰ-ਹਾਜ਼ਰ ਕਰਮਚਾਰੀਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ: ਜ਼ਿਲ੍ਹਾ ਚੋਣ ਅਫ਼ਸਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਲੋਕ ਸਭਾ ਚੋਣਾ 2024 ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਪੈਂਦੇ 11 ਵਿਧਾਨ ਸਭਾ ਹਲਕਿਆਂ ਵਿਚ ਬਣਾਏ ਗਏ ਪੋਲਿੰਗ ਸਟੇਸ਼ਨਾਂ ਅਤੇ ਗਿਣਤੀ ਕੇਂਦਰਾਂ ਵਿਖੇ ਪੋਲੰਗ ਸਟਾਫ ਦੀ ਵੱਖ-ਵੱਖ ਥਾਵਾਂ ਤੇ ਰਿਹਰਸਲ ਕਰਵਾਈ ਗਈ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਸ਼੍ਰੀ ਘਨਸ਼ਾਮ ਥੋਰੀ ਵੱਲੋਂ ਰਿਹਰਸਲਾਂ ਦਾ ਜਾਇਜ਼ਾ ਲਿਆ ਗਿਆ।ਜਾਇਜਾ ਲੈਣ ਉਪਰੰਤ ਸ਼੍ਰੀ ਥੋਰੀ ਨੇ ਕਿਹਾ ਕਿ ਜਿਹੜੇ ਕਰਮਚਾਰੀ ਚੋਣ ਰਿਹਰਸਲ ਵਿੱਚ ਗੈਰਹਾਜ਼ਰ ਪਾਏ ਗਏ ਹਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈ ਸਨ ਕਿ ਉਹ ਰਿਹਰਸਲਾਂ ਵਾਲੇ ਦਿਨ ਸਮੇਂ ਸਿਰ ਆਪਣੀ ਡਿਊਟੀ ਤੇ ਰਿਪੋਰਟ ਕਰਨ ਅਤੇ ਜਿਹੜੇ ਕਰਮਚਾਰੀ ਆਪਣੇ ਚੋਣ ਰਿਹਸਲ ਵਿੱਚ ਨਹੀਂ ਪਹੁੰਚੇ, ਉਨਾਂ ਨੂੰ ਜਲਦੀ ਹੀ ਨੋਟਿਸ ਜਾਰੀ ਕੀਤੇ ਜਾਣਗੇ।ਜ਼ਿਲਾ ਚੋਣ ਅਧਿਕਾਰੀ ਨੇ ਦੱਸਿਆ ਕਿ 19 ਅੰਮ੍ਰਿਤਸਰ ਦੱਖਣੀ ਹਲਕੇ ਦੀ ਵੋਟਾਂ ਦੀ ਗਿਣਤੀ ਸਰੂਪ ਰਾਣੀ ਸਰਕਾਰੀ ਕਾਲਜ ਇਸਤਰੀਆਂ, 20-ਅਟਾਰੀ ਦੀ ਗਿਣਤੀ ਬੀ:ਬੀ:ਕੇ:ਡੀ:ਏ:ਵੀ ਕਾਲਜ ਅੰਮ੍ਰਿਤਸਰ, 012-ਰਾਜਾਸਾਂਸੀ ਹਲਕੇ ਦੀ ਗਿਣਤੀ ਸਰਕਾਰੀ ਨਰਸਿੰਗ ਕਾਲਜ ਫਾਰ ਗਰਲਜ਼ ਮੈਡੀਕਲ ਐਨਕਲੇਵ, 013-ਮਜੀਠਾ ਦੀ ਗਿਣਤੀ ਮਾਈ ਭਾਗੋ ਸਰਕਾਰੀ ਪਾਲੀਟੈਕਨੀਕਲ ਕਾਲਜ ਮਜੀਠਾ ਰੋਡ, 015-ਅੰਮ੍ਰਿਤਸਰ ਉਤਰੀ ਦੀ ਗਿਣਤੀ ਸਰਕਾਰੀ ਇੰਸਟੀਚਿਊਟ ਆਫ ਗਰੌਮਿੰਟ ਟੈਕਨਾਲੋਜੀ ਇਨਸਾਈਡ ਮਾਈ ਭਾਗੋ ਸਰਕਾਰੀ ਪਾਲੀਟੈਕਨੀਕਲ ਕਾਲਜ ਮਜੀਠਾ ਰੋਡ, 017-ਅੰਮ੍ਰਿਤਸਰ ਕੇਂਦਰੀ ਦੀ ਗਿਣਤੀ ਸਰਕਾਰੀ ਆਈ:ਟੀ:ਆਈ ਬੀ ਬਲਾਕ ਰਣਜੀਤ ਐਵੀਨਿਊ, 16-ਅੰਮ੍ਰਿਤਸਰ ਪੱਛਮੀ ਦੀ ਗਿਣਤੀ ਸਰਕਾਰੀ ਪਾਲੀਟੈਕਨੀਕਲ ਕਾਲਜ ਛੇਹਰਟਾ, 18-ਅੰਮ੍ਰਿਤਸਰ ਪੂਰਬੀ ਦੀ ਗਿਣਤੀ ਸਾਰਾਗੜ੍ਹੀ ਮੈਮੋਰੀਅਲ ਸਕੂਲ ਆਫ ਐਮੀਨੈਂਸ ਮਾਲ ਮੰਡੀ ਅਤੇ 11-ਅਜਨਾਲਾ ਹਲਕੇ ਦੀ ਗਿਣਤੀ ਸਰਕਾਰੀ ਕਾਲਜ ਅਜਨਾਲਾ ਵਿਖੇ ਹੋਵੇਗੀ ਅਤੇ 3-ਖਡੂਰ ਸਾਹਿਬ ਹਲਕਾ 14-ਜੰਡਿਆਲਾ ਦੀ ਗਿਣਤੀ ਕਾਮਨ ਰੂਮ ਮੈਸ ਸੀਨੀਅਰ ਸੈਕੰਡਰੀ ਰੈਜੀਡੈਸ਼ੀਅਲ ਸਕੂਲ ਫਾਰ ਮੈਟੋਰੀਅਤ ਅੰਮ੍ਰਿਤਸਰ , 03 ਖਡੂਰ ਸਾਹਿਬ ਹਲਕਾ 25-ਬਾਬਾ ਬਕਾਲਾ ਦੀ ਗਿਣਤੀ ਬੇਸਮੈਂਟ ਹਾਲ ਸ਼੍ਰੀ ਮਾਤਾ ਗੰਗਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਵਿਖੇ ਹੋਵੇਗੀ।ਉਨ੍ਹਾਂ ਦੱਸਿਆ ਕਿ ਇਨ੍ਹਾ ਕੇਂਦਰਾਂ ਤੋਂ ਹੀ ਪੋਲਿੰਗ ਪਾਰਟੀਆਂ ਨੂੰ ਰਵਾਨਾ ਕੀਤਾ ਜਾਵੇਗਾ ਅਤੇ ਇਨ੍ਹਾਂ ਸਥਾਨਾਂ ਤੇ ਪੋਲਿੰਗ ਉਪਰੰਤ ਈ:ਵੀ:ਐਮ ਨੂੰ ਸਟਰਾਂਗ ਰੂਮਾਂ ਵਿੱਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਰਖਿਆ ਜਾਵੇਗਾ ।

# ਪੰਜਾਬ ਨੈਸ਼ਨਲ ਬੈਂਕ ਮਜੀਠਾ 'ਚ ਚੋਰੀ ਦੀ ਅਸਫਲ ਕੋਸ਼ਿਸ਼



ਮਜੀਠਾ (ਸੋਇਮ ਆਨੰਦ) ਮਜੀਠਾ ਸਿਥੱਤ ਪੰਜਾਬ ਨੈਸ਼ਨਲ ਬੈਂਕ 'ਚ ਬੀਤੀ ਰਾਤ ਚੋਰਾਂ ਵੱਲੋ ਚੋਰੀ ਦੀ ਅਸਫਲ ਕੋਸ਼ਿਸ਼ ਕੀਤੀ ਗਈ।ਬੈਂਕ ਦੀ ਇਮਾਰਤ ਦੀ ਪਿਛਲੀ ਕੰਧ 'ਚ ਸੰਨ੍ਹ ਲਗਾ ਕੇ ਬੈਂਕ ਅੰਦਰ ਦਾਖਲ ਹੋਣ ਦੀ ਕੋਸਿਸ਼ ਕੀਤੀ ਗਈ, ਪ੍ਰੰਤੂ ਜਿਥੇ ਚੋਰਾਂ ਵੱਲੋ ਸੰਨ੍ਹ ਲਗਾਈ ਗਈ ਉਥੇ ਰਿਕਾਰਡ ਰੂਮ ਹੋਣ ਕਰਕੇ ਚੋਰ ਬੈਂਕ ਅੰਦਰ ਚੋਰੀ ਕਰਨ 'ਚ ਅਸਫਲ ਰਹੇ।ਦਫਤਰ ਸਹਿਇਕ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਜਦੋਂ ਸਵੇਰੇ ਬੈਂਕ ਖੁੱਲ੍ਹਣ ਬਾਅਦ ਉਹ ਕੁੱਝ ਰਿਕਾਰਡ ਰੱਖਣ ਲਈ ਰਿਕਾਰਡ ਰੂਮ ਵਿੱਚ ਗਿਆ ਤਾਂ ਬੈਂਕ ਦੀ ਕੰਧ ਵਿੱਚ ਸੰਨਸ਼ ਲੱਗੀ ਦੇਖੀ। ਇਸ ਸਬੰਧੀ ਉਸ ਨੇ ਤੁਰੰਤ ਬੈਂਕ ਮੈਨੇਜਰ ਸ਼ਾਹਬਾਜ਼ ਸਿੰਘ ਨੂੰ ਦੱਸਿਆ, ਜਿਨ੍ਹਾਂ ਵੱਲੋਂ ਪੁਲਸ ਨੂੰ ਸੂਚਿਤ ਕਰਨ ਉਪਰੰਤ ਥਾਣਾ ਮੁਖੀ ਲਖਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ । ਥਾਣਾਂ ਮੁੱਖੀ ਲਖਿਵੰਦਰ ਸਿੰਘ ਨੇ ਕਿਹਾ ਕਿ ਸੀਸੀਟੀਵੀ ਕੈਮਿਰਆਂ ਦੀ ਫੁਟੇਜ ਦੇ ਆਧਾਰ 'ਤੇ ਜਾਂਚ ਕੀਤੀ ਜਾ ਰਹੀ ਹੈ, ਜਲਦ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਜੀ ਐੱਨ ਡੀ ਯੂ ਦੇ ਵਿਹੜੇ 'ਚ ਪੰਜਾਬੀ ਗੀਤ 'ਮਾਹੀਆ' ਦਾ ਲੋਕ-ਅਰਪਣ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਹੜੇ ਵਿਚ ਪੰਜਾਬ ਦੀ ਸੀਨੀਅਰ ਆਈਏਐੱਸ ਅਧਿਕਾਰੀ ਰਾਖੀ ਗੁਪਤਾ ਵੱਲੋਂ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਗਾਏ ਗਏ ਪੰਜਾਬੀ ਗੀਤ 'ਮਾਹੀਆ' ਦਾ ਲੋਕ-ਅਰਪਣ ਕੀਤਾ ਗਿਆ।ਦੇਸ਼ ਦੀਆਂ ਸਰਹੱਦਾਂ ਤੇ ਤਾਇਨਾਤ ਆਪਣੇ ਬਹਾਦਰ ਸੈਨਿਕਾਂ ਦੀਆਂ ਪ੍ਰੰਪਰਾਵਾਂ ਨੂੰ ਯਾਦ ਕਰਦਿਆਂ ਗੀਤ 'ਮਾਹੀਆ' ਦੇ ਲੋਕ-ਅਰਪਣ ਸਮੇਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਫੌਜੀ ਅਧਿਕਾਰੀ ਵੀ ਹਾਜ਼ਰ ਸਨ।

ਇਹ ਗੀਤ ਵ੍ਹਾਈਟ ਹਿੱਲ ਕੰਪਨੀ ਦੇ ਵਲੋ ਰਿਕਾਰਡ ਕੀਤਾ ਗਿਆ ਹੈ ਅਤੇ ਜਿਸ ਨੂੰ ਆਵਾਜ਼ ਰਾਖੀ ਗੁਪਤਾ ਵਲੋਂ ਦਿੱਤੀ ਗਈ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਖੀ ਗੁਪਤਾ ਨੇ ਦੱਸਿਆ ਕਿ ਇਹ ਅਥਾਹ ਖੁਸ਼ੀ ਦੇ ਪਲ ਹਨ ਕਿ ਮੇਰੇ ਵੱਲੋਂ ਪੰਜਾਬੀ ਵਿਰਾਸਤ ਦੀ ਪੇਸ਼ਕਾਰੀ ਕਰਦੇ ਗੀਤ 'ਮਾਹੀਆ' ਦਾ ਲੋਕ-ਅਰਪਣ ਗੁਰੂ ਨਾਨਕ ਦੇਵ ਯੂਨਵਰਸਿਟੀ ਦੇ ਵਿਹੜੇ ਵਿਚ ਹੋ ਰਿਹਾ ਹੈ।ਇਸ ਮੌਕੇ ਉੱਤੇ ਮੈਂ ਤੁਹਾਡੇ ਸਾਰਿਆਂ ਵੱਲੋਂ ਮਿਲੇ ਸਮਰਥਨ ਅਤੇ ਉਤਸ਼ਾਹ ਲਈ ਧੰਨਵਾਦੀ ਹਾਂ।ਉਨ੍ਹਾਂ ਕਿਹਾ ਕਿ ਪੰਜਾਬ ਯੋਧਿਆਂ ਦੀ ਧਰਤੀ ਹੈ।ਇਹ ਉਹ ਧਰਤੀ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ।ਭਾਰਤੀ ਫੌਜ ਵਿਚ ਪੰਜਾਬ ਦੀ ਮੋਹਰੀ ਭੂਮਿਕਾ ਹੈ।

ਦੇਸ਼ ਦੀਆਂ ਸਰਹੱਦਾਂ ਉੱਤੇ ਤਾਇਨਾਤ ਆਪਣੇ ਬਹਾਦਰ ਸੈਨਿਕਾਂ ਕਰਕੇ ਹੀ ਅਸੀਂ ਆਜ਼ਾਦੀ ਅਤੇ ਸੁਰੱਖਿਆ ਦੀ ਭਾਵਨਾ ਨਾਲ ਜ਼ਿੰਦਗੀ ਜਿਊਣ ਅਤੇ ਮਾਣਨ ਦੇ ਸਮਰੱਥ ਹੁੰਦੇ ਹਾਂ।ਉਨ੍ਹਾਂ ਪਰਿਵਾਰਾਂ ਦੇ ਜਜ਼ਬੇ ਅਤੇ ਕੁਰਬਾਨੀ ਨੂੰ ਵੀ ਸਲਾਮ ਹੈ ਜਿਨ੍ਹਾਂ ਦੇ ਪਰਿਵਾਰਕ ਜੀਅ ਫੌਜ ਵਿਚ ਸੇਵਾਵਾਂ ਨਿਭਾ ਰਹੇ ਹਨ।

ਇਹ ਗੀਤ ਸਾਡੇ ਬਹਾਦਰ ਸੈਨਿਕਾਂ ਦੀ ਵੀਰ-ਗਾਥਾ ਪ੍ਰਤੀ ਵੀ ਇਕ ਸਮਰਪਣ ਹੈ।

# ਗੁਜਰਾਤ 'ਚ ਫਿਰ ਤੋਂ ਕੇਜਰੀਵਾਲ, ਅਸੀਂ ਲੜਾਂਗੇ ਤੇ ਜਿੱਤਾਂਗੇ : ਭਗਵੰਤ ਮਾਨ

**ਚੰਡੀਗੜ੍ਹ/ਗੁਜਰਾਤ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ਼ਨੀਵਾਰ ਨੂੰ ਗੁਜਰਾਤ ਦੇ ਭਰੂਚ ਵਿਖੇ ਪਹੁੰਚ ਕੇ 'ਆਪ' ਉਮੀਦਵਾਰ ਚੈਤਰ ਵਸਾਵਾ ਲਈ ਚੋਣ ਪ੍ਰਚਾਰ ਕੀਤਾ।ਭਗਵੰਤ ਮਾਨ ਨੇ ਰੋਡ-ਸ਼ੋਅ ਕੱਢਿਆ ਅਤੇ ਵਾਗਰਾ, ਜੰਬੂਸਾਰ ਅਤੇ ਕਰਜਨ ਵਿਖੇ ਲੋਕਾਂ ਨੂੰ ਸੰਬੋਧਨ ਕੀਤਾ।ਇਸ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਲੋਕ ਉਨ੍ਹਾਂ ਨੂੰ ਸੁਣਨ ਲਈ ਇਕੱਠੇ ਹੋਏ। ਭੀੜ ਨੇ 'ਗੁਜਰਾਤ ਮੈਂ ਭੀ ਕੇਜਰੀਵਾਲ', 'ਲੜੇਂਗੇ ਔਰ ਜੀਤੇਂਗੇ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ।ਵਾਗਰਾ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਭਰੂਚ ਵਿੱਚ ਸਭ ਦਾ ਧਿਆਨ ਹੈ ਕਿ ਇੱਥੇ ਕੀ ਹੋਵੇਗਾ ਕਿਉਂਕਿ ਭਰੂਚ ਦੇ ਲੋਕ ਕ੍ਰਾਂਤੀਕਾਰੀ ਹਨ। ਉਨ੍ਹਾਂ ਕਿਹਾ ਕਿ ਭਰੂਚ ਦੇ ਲੋਕਾਂ ਨੇ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਅਤੇ ਉਨ੍ਹਾਂ ਦੇ ਉਮੀਦਵਾਰ ਚੈਤਰ ਵਸਾਵਾ 'ਤੇ ਜੋ ਪਿਆਰ ਦਿਖਾਇਆ ਹੈ, ਉਹ ਉਸਦਾ ਕਦੇ ਵੀ ਮੁੱਲ ਨਹੀਂ ਉਤਾਰ ਸਕਦੇ।ਭਗਵੰਤ ਮਾਨ ਨੇ ਕਿਹਾ ਕਿ ਚੈਤਰ ਭਾਈ ਲੋਕਾਂ ਅਤੇ ਉਨ੍ਹਾਂ ਦੇ ਹੱਕਾਂ ਲਈ ਲੜਦੇ ਸਨ, ਉਹ ਆਮ ਲੋਕਾਂ ਦੇ ਮਸਲੇ ਹੱਲ ਕਰਨ ਲਈ ਲੜਦੇ ਹਨ।ਇਹੀ ਕਾਰਨ ਸੀ ਕਿ ਭਾਜਪਾ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਤਨੀ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਸੀ।ਪਰ ਉਹ ਹੁਣ ਜੇਲ੍ਹ ਤੋਂ ਬਾਹਰ ਹਨ ਅਤੇ ਇੱਕ ਵਾਰ ਫਿਰ ਸਹੀ ਲਈ ਲੜ ਰਹੇ ਹਨ।ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ (ਭਾਜਪਾ) ਨੇ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਨੇ ਚੋਣਾਂ ਤੋਂ ਠੀਕ ਪਹਿਲਾਂ ਕੇਜਰੀਵਾਲ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਕਿਉਂਕਿ ਉਹ ਅਰਵਿੰਦ ਕੇਜਰੀਵਾਲ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣਾ ਚਾਹੁੰਦੇ ਸਨ।ਭਾਜਪਾ ਅਤੇ ਨਰਿੰਦਰ ਮੋਦੀ 'ਆਪ' ਅਤੇ ਅਰਵਿੰਦ ਕੇਜਰੀਵਾਲ ਤੋਂ ਡਰੇ ਹੋਏ ਹਨ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਰਵਿੰਦ ਕੇਜਰੀਵਾਲ ਸਿਰਫ਼ ਇੱਕ ਵਿਅਕਤੀ ਨਹੀਂ ਹਨ, ਉਹ ਇੱਕ ਵਿਚਾਰ ਹਨ, ਇੱਕ ਸੋਚ ਹਨ।ਉਹ ਸਿਰਫ਼ ਕੇਜਰੀਵਾਲ ਨੂੰ ਜੇਲ੍ਹ ਵਿੱਚ ਡੱਕ ਸਕਦੇ ਪਰ ਉਨ੍ਹਾਂ ਦੀ ਸੋਚ ਨੂੰ ਕਦੇ ਨਹੀਂ ਰੋਕ ਸਕਦੇ।

**ਭਰੂਚ ਵਿਖੇ ਚੈਤਰ ਵਸਾਵਾ ਦੇ ਹੱਕ ਚ ਕੀਤਾ ਚੋਣ ਪ੍ਰਚਾਰ**




ਭਗਵੰਤ ਮਾਨ ਨੇ ਕਿਹਾ ਕਿ ਗੈਰ-ਭਾਜਪਾ ਰਾਜਾਂ ਵਿੱਚ ਉਹ ਵਿਧਾਇਕਾਂ ਨੂੰ ਖ਼ਰੀਦਦੇ ਹਨ ਅਤੇ ਸਰਕਾਰਾਂ ਨੂੰ ਡੇਗਦੇ ਹਨ, ਲੋਕਤੰਤਰ ਵਿੱਚ ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੀ ਮਿਸਾਲ ਸਭ ਦੇ ਸਾਹਮਣੇ ਹੈ। ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਦੇ ਪਹਿਲੇ ਦੋ ਗੇੜ ਦੇ ਰੁਝਾਨਾਂ ਨੇ ਭਾਜਪਾ ਨੂੰ ਝਟਕਾ ਦਿੱਤਾ ਹੈ, ਹੁਣ ਉਹ ਹੁਣ 400 ਸੀਟਾਂ ਦਾ ਦਾਅਵਾ ਨਹੀਂ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਭਾਰਤ ਗੱਠਜੋੜ ਦੋਵੇਂ ਪੜਾਅ ਆਸਾਨੀ ਨਾਲ ਜਿੱਤ ਰਿਹਾ ਹੈ।ਇਸੇ ਲਈ ਹੁਣ ਨਰਿੰਦਰ ਮੋਦੀ ਅਤੇ ਭਾਜਪਾ ਧਰੁਵੀਕਰਨ ਦੀ ਰਾਜਨੀਤੀ ਦਾ ਸਹਾਰਾ ਲੈ ਕੇ ਮੰਗਲ-ਸੂਤਰ 'ਤੇ ਵੋਟਾਂ ਮੰਗ ਰਹੇ ਹਨ।ਮਾਨ ਨੇ ਕਿਹਾ ਕਿ ਭਾਜਪਾ ਸਰਕਾਰ ਕੋਲ ਆਪਣੇ ਦਸ ਸਾਲਾਂ ਦੇ ਰਿਪੋਰਟ ਕਾਰਡ ਵਿੱਚ ਦਿਖਾਉਣ ਲਈ ਕੁਝ ਨਹੀਂ ਹੈ। ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲੀਆਂ, ਮਹਿੰਗਾਈ ਵਧੀ ਹੈ, ਮੋਦੀ ਸਰਕਾਰ ਨੇ ਸਰਕਾਰੀ ਸਕੂਲ ਅਤੇ ਹਸਪਤਾਲ ਨਹੀਂ ਬਣਾਏ ਅਤੇ ਕਿਸੇ ਨੂੰ 15 ਲੱਖ ਰੁਪਏ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਭਾਜਪਾ ਭਾਰਤੀ ਜੁਮਲਾ ਪਾਰਟੀ ਹੈ। ਮਾਨ ਨੇ ਕਿਹਾ ਕਿ ਅਸੀਂ ਕੰਮ ਦੀ ਰਾਜਨੀਤੀ ਕਰਦੇ ਹਾਂ ਅਤੇ ਉਹ (ਭਾਜਪਾ) ਨਫ਼ਰਤ ਦੀ ਰਾਜਨੀਤੀ ਕਰਦੇ ਹਨ।

ਗੁਜਰਾਤ ਦੇ ਕਰਜਨ 'ਚ ਭਗਵੰਤ ਮਾਨ ਨੇ ਭਾਜਪਾ ਅਤੇ ਨਰਿੰਦਰ ਮੋਦੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਜਿਹੜਾ ਬੱਚਾ ਇਹ ਦਾਅਵਾ ਕਰਦਾ ਹੈ ਕਿ ਉਹ ਰੇਲਵੇ ਸਟੇਸ਼ਨ 'ਤੇ ਚਾਹ ਵੇਚਦਾ ਸੀ, ਉਸ ਨੇ ਹੁਣ ਭਾਰਤੀ ਰੇਲ, ਭੇਲ, ਐਲ ਆਈ ਸੀ, ਏਅਰਪੋਰਟ ਅਤੇ ਸਾਡੇ ਦੇਸ਼ ਨੂੰ ਵੇਚ ਦਿੱਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਅਸੀਂ ਦੇਸ਼ ਨੂੰ ਇਨ੍ਹਾਂ ਲੋਕਾਂ ਦੇ ਚੁੰਗਲ ਤੋਂ ਬਚਾਉਣਾ ਹੈ, ਜੋ ਸਾਡੇ ਲੋਕਤੰਤਰ ਅਤੇ ਸੰਵਿਧਾਨ ਲਈ ਖਤਰਾ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇੰਡੀਆ ਗੱਠਜੋੜ ਪਹਿਲੇ ਦੋ ਗੇੜ ਦੇ ਚੋਣਾਂ ਵਿੱਚ 110-120 ਸੀਟਾਂ ਜਿੱਤ ਰਿਹਾ ਹੈ, ਜਦਕਿ ਭਾਜਪਾ ਨੂੰ ਸਿਰਫ਼ 40-50 ਸੀਟਾਂ ਹੀ ਮਿਲ ਰਹੀਆਂ ਹਨ। ਮਾਨ ਨੇ ਕਿਹਾ ਕਿ ਹੁਣ ਨਰਿੰਦਰ ਮੋਦੀ ਦੇ ਸੁਰ ਹੀ ਬਦਲ ਗਏ ਹਨ। ਉਨ੍ਹਾਂ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ 10 ਸਾਲ ਰਾਜ ਕਰਨ ਤੋਂ ਬਾਅਦ ਅੱਜ ਮੋਦੀ ਮੰਗਲ-ਸੂਤਰ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ। ਉਹ ਸਾਡੇ ਦੇਸ਼ ਅਤੇ ਸਾਡੇ ਲੋਕਾਂ ਨੂੰ ਵੰਡਦੇ ਹਨ, ਨਫ਼ਰਤ ਦੀ ਰਾਜਨੀਤੀ ਕਰਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੇਸ਼, ਸਾਡੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਵੋਟ ਪਾਉਣ।

# ਔਰਤਾਂ ਨੂੰ ਰੋਜ਼ਗਾਰ ਸਿਖਲਾਈ ਕਰਨ 'ਤੇ ਸਰਟੀਫ਼ਿਕੇਟ ਵੰਡੇ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਬਲਾਕ ਦੇ ਪਿੰਡ ਕੋਟਲੀ ਅਰਾਈਆਂ ਵਿਖੇ ਭੁਪਿੰਦਰ ਸਿੰਘ ਹੁੰਦਲ ਹੁਰਾ ਵਲੋਂ ਸੰਸਥਾਪਕ ਮੇਰਾ ਪਿੰਡ 360 ਫਾਉਂਡੇਸ਼ਨ ਦੇ ਮੁੱਖ ਸੈਂਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ, ਜਿਸ ਅਧੀਨ ਸੰਸਥਾ ਵੱਲੋਂ ਵੱਖ ਵੱਖ ਤਰੀਕੇ ਨਾਲ ਲੋਕਾਂ ਨੂੰ ਲਾਭ ਪੁਹੰਚਾਉਣ ਲਈ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਬੀਤੇ ਦਿਨੀ ਹੁਨਰ ਸਿਖਲਾਈ ਕੇਂਦਰ ਰੂਡਸੈਟ ਜਲੰਧਰ ਦੇ ਸਿਹਯੋਗ ਨਾਲ 35 ਔਰਤਾਂ ਨੂੰ ਜੂਟ ਦਾ ਸਮਾਨ ਬਣਾਉਣ ਦੀ 30 ਦਿਨ ਦੀ ਟ੍ਰੇਨਿੰਗ ਦਿੱਤੀ ਗਈ ਟ੍ਰੇਨਿੰਗ ਪ੍ਰਪਤ ਔਰਤਾਂ ਨੂੰ ਸੰਸਥਾ ਦੇ ਪ੍ਰਤੀਨਿਧਾ ਵੱਲੋਂ ਉਨ੍ਹਾਂ ਨੂੰ ਸਰਟੀਫ਼ਿਕੇਟ ਵੰਡੇ ਗਏ।ਇਸ ਮੌਕੇ ਸੰਸਥਾ ਦੇ ਮੈਨੇਜਰ ਪੀਉਸ਼ ਨਰ ਅਮਨਦੀਪ ਮਨੀਸ਼ਾ ਨਰ ਆਦਿ ਹਾਜ਼ਰ ਸਨ।

**ਜਨਮ ਦਿਨ ਮੁਬਾਰਕ**



ਲਵਿਸ਼, ਮਲੋਟ



ਜਸਕੀਰਤ ਸਿੰਘ, ਫਿਲੌਰ

# ਕੀ ਬਸਪਾ ਕਾਂਸ਼ੀ ਰਾਮ ਵਾਲਾ ਇਤਿਹਾਸ ਮੁੜ ਦੁਹਰਾ ਸਕੇਗੀ ?



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)** "ਪਹਿਲਾਂ ਅਸੀਂ ਹਾਰਨ ਲਈ ਲੜਦੇ ਸੀ, ਫਿਰ ਅਸੀਂ ਹਰਾਉਣ ਲਈ ਲੜਨ ਲੱਗ ਪਏ, ਪਰ ਹੁਣ ਅਸੀਂ ਜਿੱਤਣ ਲਈ ਲੜਦੇ ਹਾਂ।" ਇਹ ਸ਼ਬਦ ਕਿਸੇ ਸਮੇਂ ਬਸਪਾ ਸੁਪਰੀਮੋ ਮਰਹੂਮ ਕਾਂਸ਼ੀ ਰਾਮ ਦੇ ਮੂੰਹੋਂ ਸਟੇਜਾਂ ਜਾਂ ਪੱਤਰਕਾਰਾਂ ਨਾਲ ਗੱਲ ਕਰਦੇ ਆਮ ਸੁਣੇ ਜਾਂਦੇ ਸਨ। ਨੌਕਰੀ ਤਿਆਗ ਕੇ ਬਹੁਜਨ ਸਮਾਜ ਨੂੰ ਰਾਜਭਾਗ ਦੇ ਮਾਲਕ ਬਣਾਉਣ ਲਈ ਕਾਂਸ਼ੀ ਰਾਮ ਵੱਲੋਂ ਬਾਮਸੇਫ, ਡੀ ਐਸ4, ਬਹੁਜਨ ਸਮਾਜ ਪਾਰਟੀ ਬਣਾਕੇ ਦੇਸ਼ ਅੰਦਰ ਸੱਤਾ ਪਰਿਵਰਤਨ ਦਾ ਐਲਾਨ ਹੋਣ ਤੋਂ ਬਾਅਦ ਪੂਰੇ ਭਾਰਤ 'ਚ ਬਸਪਾ ਦਾ ਡੰਕਾ ਵੱਜਣ ਲੱਗਾ। ਗਲੀ-ਗਲੀ, ਘਰ-ਘਰ ਹਾਥੀ ਨਿਸ਼ਾਨ ਵਾਲਾ ਨੀਲਾ ਝੰਡਾ ਝੁੱਲਣ ਲੱਗ ਪਿਆ। ਦੇਖਦੇ ਹੀ ਦੇਖਦੇ ਬਸਪਾ ਦੇ ਐਮ ਐਲ ਏ ਅਤੇ ਐਮ ਪੀ ਜਿੱਤਣੇ ਸ਼ੁਰੂ ਹੋ ਗਏ। ਬਸਪਾ ਭਾਰਤ ਦੀ ਤੀਸਰੇ ਨੰਬਰ ਦੀ ਨੈਸ਼ਨਲ ਪਾਰਟੀ ਬਣ ਗਈ ਅਤੇ ਦੇਸ਼ ਦੇ ਸਭ ਤੋਂ ਵੱਡੇ ਪ੍ਰਦੇਸ਼ ਯੂ ਪੀ 'ਚ ਬਸਪਾ ਦੀਆਂ ਸਰਕਾਰਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਇੱਕ ਅਜਿਹਾ ਸਮਾਂ ਵੀ ਆਇਆ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸਿਆਸੀ ਆਗੂ ਕਾਂਸ਼ੀ ਰਾਮ ਨੂੰ ਮਿਲਣ ਲਈ ਘੰਟਿਆਂ ਵੱਧੀ ਇੰਤਜਾਰ ਕਰਨ ਲੱਗੇ। ਕਾਂਸ਼ੀ ਰਾਮ ਲੋਕ ਸਭਾ ਹੁਸ਼ਿਆਰਪੁਰ ਦੀ ਸੀਟ ਜਿੱਤਕੇ ਅੱਗੇ ਵਧਦੇ ਗਏ। ਕਾਂਸ਼ੀ ਰਾਮ ਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਬਹੁਜਨ ਲਹਿਰ 'ਚ ਖੜੋਤ ਆਉਣੀ ਸ਼ੁਰੂ ਹੋ ਗਈ। ਬਸਪਾ ਦੇ ਸਿਰਕੱਢ ਆਗੂਆਂ ਨੇ ਬਸਪਾ ਨੂੰ ਛੱਡਕੇ ਆਪਣੀਆਂ ਪਾਰਟੀਆਂ, ਦਲ ਬਣਾਉਣੇ ਸ਼ੁਰੂ ਕਰ ਦਿੱਤੇ, ਕਈਆਂ ਨੇ ਹੋਰ ਰਾਜਨੀਤਕ ਪਾਰਟੀਆਂ ਵੱਲ ਰੁੱਖ ਕਰ ਲਿਆ ਅਤੇ ਕਈਆਂ ਨੂੰ ਹਾਈ ਕਮਾਂਡ ਵੱਲੋਂ ਬਾਹਰ ਦਾ ਰਸਤਾ ਦਿਖਾਉਣਾ ਸ਼ੁਰੂ ਕਰ ਦਿੱਤਾ। ਇਸ ਕਲਾਕਲੇਸ਼ ਕਾਰਨ ਬਸਪਾ ਦੀ ਚੜ੍ਹਤ ਢਹਿੰਦੀਕਲਾ ਵੱਲ ਮੁੜਨੀ ਸ਼ੁਰੂ ਹੋ ਗਈ ਅਤੇ ਬਸਪਾ ਦਾ ਵੋਟ ਬੈਂਕ ਘਟਣਾ ਸ਼ੁਰੂ ਹੋ ਗਿਆ।

ਕੀ ਬਸਪਾ ਕਾਂਸ਼ੀ ਰਾਮ ਦੇ ਇਤਿਹਾਸ ਨੂੰ ਮੁੜ ਦੁਹਰਾ ਸਕੇਗੀ ? ਇਸ ਸਵਾਲ ਦਾ ਜਵਾਬ ਅਸੀਂ ਕਾਂਸ਼ੀ ਰਾਮ ਦੇ ਆਪਣੇ ਘਰ ਲੋਕ ਸਭਾ ਹੁਸ਼ਿਆਰਪੁਰ ਤੋਂ ਲੱਭਣਾ ਸ਼ੁਰੂ ਕਰਾਂਗੇ ਜਿਥੋਂ ਉਨ੍ਹਾਂ ਨੇ 1996 'ਚ 230011 ਵੋਟ ਲੈ ਕੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਸੀ। ਹੁਣ 2024 ਦੀਆਂ ਆਮ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭੱਖ ਚੁੱਕਾ ਹੈ। ਭਾਵੇਂ ਕਿ ਬਸਪਾ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ, ਪਰ ਜਲੰਧਰ ਨੂੰ ਛੱਡ ਕੇ ਦੂਜਿਆਂ ਹਲਕਿਆਂ ਵਿੱਚ ਬਸਪਾ ਦੀ ਕਾਰਗੁਜ਼ਾਰੀ ਸੁਸਤ ਹੀ ਨਜ਼ਰ ਆ ਰਹੀ ਹੈ। ਚੋਣਾਂ ਭਾਵੇਂ ਵਿਧਾਨ ਸਭਾ ਦੀਆਂ ਹੋਣ ਜਾਂ ਲੋਕ ਸਭਾ ਦੀਆਂ ਬਸਪਾ ਨੇ ਆਪਣੀ ਪੁਰਾਣੀ ਰੀਤ ਅਨੁਸਾਰ ਪੈਰਾਛੂਟ ਰਾਹੀਂ ਨਵਾਂ ਚਿਹਰਾ ਖੜਾ ਕਰਨ ਨੂੰ ਕਾਇਮ ਰੱਖਦਿਆਂ ਰਾਕੇਸ਼ ਸੁੰਮਨ ਨੂੰ ਹੁਸ਼ਿਆਰਪੁਰ ਤੋਂ ਹਾਥੀ 'ਤੇ ਬੈਠਾਇਆ ਹੈ, ਜਦਕਿ 2019 ਵਿੱਚ ਚੌਧਰੀ ਖੁਸ਼ੀ ਰਾਮ ਸੇਵਾ ਮੁਕਤ ਆਈ ਏ ਐਸ 1,28564 ਵੋਟ ਲੈ ਕੇ ਬਸਪਾ ਦੇ ਵੋਟ ਫੀਸਦੀ ਨੂੰ ਵਧਾਉਣ ਵਿੱਚ ਸਫਲ ਰਹੇ ਸਨ। ਜੇਕਰ ਇਸ ਤੋਂ ਪਹਿਲਾਂ ਬਸਪਾ ਉਮੀਦਵਾਰਾਂ ਦੀਆਂ ਵੋਟਾਂ 'ਤੇ ਪੰਛੀ ਝਾਤ ਮਾਰੀਏ ਤਾਂ ਸਮੇਂ ਸਮੇਂ ਦੀ ਲੀਡਰਸ਼ਿਪ ਦੀ ਕਾਰਗੁਜਾਰੀ ਸ਼ਪੱਸ਼ਟ ਨਜ਼ਰ ਆਵੇਗੀ, (2014) ਭਗਵਾਨ ਸਿੰਘ ਚੌਹਾਨ 40497, (2009) ਡਾ.ਸੁਖਵਿੰਦਰ ਸੁੱਖੀ 103320, (2004) ਚਰਨਜੀਤ ਸਿੰਘ ਚੰਨੀ 1,56270, (1999) ਰਾਕੇਸ਼ ਗੁੱਜਰ 88999, (1998) ਚਰਨਜੀਤ ਸਿੰਘ ਕੰਬੋਜ 2,38759, (1996) ਕਾਂਸ਼ੀ ਰਾਮ 230011, (1992) ਮਾਇਆਵਤੀ 90461, (1989) ਸਤਨਾਮ ਸਿੰਘ ਕੈਂਥ ਨੂੰ 108067 ਵੋਟ ਪਏ ਸਨ। ਕਾਂਸ਼ੀ ਰਾਮ ਦਾ ਸੁਪਨਾ 85 ਫੀਸਦੀ ਬਹੁਜਨ ਸਮਾਜ ਨੂੰ ਰਾਜਸੱਤਾ ਦੇ ਭਾਗੀਦਾਰ, ਮਾਲਕ ਬਣਾਉਣਾ ਸੀ ਜਿਸ ਨੂੰ ਪੂਰਾ ਕਰਨ ਲਈ ਕੀ ਅਵਤਾਰ ਸਿੰਘ ਕਰੀਮਪੁਰੀ, ਭਗਵਾਨ ਸਿੰਘ ਚੌਹਾਨ, ਠੇਕੇਦਾਰ ਭਗਵਾਨ ਦਾਸ ਸਿੱਧੂ, ਐਡਵੋਕੇਟ ਰਣਜੀਤ ਕੁਮਾਰ, ਪ੍ਰਸ਼ੋਤਮ ਅਹੀਰ, ਐਡਵੋਕੇਟ ਧਰਮਿੰਦਰ ਦਾਦਰਾ, ਐਡਵੋਕੇ ਪਲਵਿੰਦਰ ਮਾਨਾ, ਇੰਜੀ.ਸੱਤਪਾਲ ਭਾਰਜਵਾਜ ਵਰਗੇ ਦਰਜਨਾਂ ਆਗੂਆਂ ਨੂੰ ਪੰਜਾਬ ਵਿੱਚ ਵੱਡੀਆਂ ਜਿੰਮੇਵਾਰੀਆਂ ਦੇ ਕੇ ਸਰਗਰਮ ਕੀਤੇ ਜਾਣਾ ਚਾਹੀਦਾ ?

# ਠੰਡਲ ਨੇ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਦਾ ਕੀਤਾ ਤੂਫਾਨੀ ਦੌਰਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਲੋਕ ਸਭਾ ਹੁਸ਼ਿਆਰਪੁਰ ਦੇ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੇ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ 'ਚ ਚੋਣ ਪ੍ਰਚਾਰ ਤਹਿਤ ਤੂਫਾਨੀ ਦੌਰਾ ਕੀਤਾ ਗਿਆ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਬਾਦਲ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੇ ਪਿੰਡ ਬੱਡੋਂ ਵਿਖੇ ਚੋਣ ਪ੍ਰਚਾਰ ਤਹਿਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਚੱਬੇਵਾਲ ਦੇ ਸਮੂਹ ਪਿੰਡਾ ਵਿੱਚ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਹਮੇਸ਼ਾ ਪੰਜਾਬ ਦਾ ਭਲਾ ਹੀ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਉਨ੍ਹਾਂ ਕਿਹਾ ਕਿ ਹਲਕਾ ਹੁਸ਼ਿਆਰਪੁਰ ਦੇ ਵੱਖ ਵੱਖ ਇਲਾਕਿਆਂ 'ਚ ਸ੍ਰੋਮਣੀ ਅਕਾਲੀ ਦਲ ਬਾਦਲ ਦੀ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ 2024 ਲੋਕ ਸਭਾ ਚੋਣਾਂ ਵਿੱਚ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ। ਇਸ ਮੌਕੇ ਡਾਕਟਰ ਸੁਖਦੇਵ ਸਿੰਘ ਬੱਡੋ ਅਤੇ ਸਮੂਹ ਵਰਕਰਾਂ ਵੱਲੋਂ ਸੋਹਣ ਸਿੰਘ ਠੰਡਲ ਉਮੀਦਵਾਰ ਸ੍ਰੋਮਣੀ ਅਕਾਲੀ ਦਲ ਲੋਕ ਸਭਾ ਹੁਸ਼ਿਆਰਪੁਰ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਰਸਪਾਲ ਸਿੰਘ ਜਲਵੇਹੜਾ, ਜਥੇਦਾਰ ਸੁਰਿੰਦਰ ਸਿੰਘ ਠੀਡਾ, ਜਥੇਦਾਰ ਜਸਵੀਰ ਸਿੰਘ ਭੱਟੀ ਨਡਾਲੋਂ, ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋ ਮੈਂਬਰ ਜਨਰਲ ਕੌਂਸਲ, ਡਾਕਟਰ ਸੁਖਦੇਵ ਸਿੰਘ ਬੱਡੋ, ਸਰਬਪ੍ਰੀਤ ਸਿੰਘ ਸੋਨੂੰ, ਦਲਜੀਤ ਸਿੰਘ ਪਰਮਾਰ, ਹਰਦੀਪ ਸਿੰਘ ਖਾਲਸਾ ਬੱਡੋ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਸੁਰਿੰਦਰ ਸਿੰਘ, ਨਰਿੰਦਰ ਸਿੰਘ, ਮਨਜੀਤ ਸਿੰਘ, ਹਰਵੇਲ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ ਡਾਡੀਆ, ਗੁਰਪ੍ਰੀਤ ਸਿੰਘ ਡਾਡੀਆ, ਜਰਨੈਲ ਸਿੰਘ ਡਾਡੀਆ, ਅਜੈ ਕੁਮਾਰ,ਉਕਾਰ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ, ਜੀਵਨ ਦੱਤ, ਬੀਬੀ ਕਮਲ ਕੌਰ, ਅਭਿਨਾਸ ਕੌਰ, ਰਾਜ ਕੁਮਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



## ਅਕਾਲੀ ਦਲ (ਅੰਮ੍ਰਿਤਸਰ) ਨੇ ਫੌਜੀ ਨੂੰ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨਿਆ

**ਫਗਵਾੜਾ ( ਜਸਵਿੰਦਰ ਢੱਡਾ)** ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਵੱਲੋਂ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਜਸਵੰਤ ਸਿੰਘ ਫੌਜੀ ਟਾਂਡਾ ਨੂੰ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਉਮੀਦਵਾਰ ਐਲਾਨ ਕੀਤਾ। ਇਸ ਸਮੇਂ ਡਾਕਟਰ ਹਰਜਿੰਦਰ ਸਿੰਘ ਜੱਖੂ ਕੌਮੀ ਮੀਤ ਪ੍ਰਧਾਨ ਅਤੇ ਮੁੱਖ ਬੁਲਾਰਾ ਜਥੇਦਾਰ ਹਰਜੀਤ ਸਿੰਘ ਸਜੂਮਾ ਜਿਲ੍ਹਾ ਪ੍ਰਧਾਨ ਸੰਗਰੂਰ, ਜਥੇਦਾਰ ਗੁਰਦੀਪ ਸਿੰਘ ਖੁਣ ਖੁਣ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ, ਮਾਸਟਰ ਕੁਲਦੀਪ ਸਿੰਘ ਮਸੀਤੀ ਸੀਨੀਅਰ ਮੀਤ ਪ੍ਰਧਾਨ, ਬੀਬੀ ਸੁਰਿੰਦਰ ਕੌਰ ਖਾਲਸਾ, ਸੁਖਦੇਵ ਸਿੰਘ ਕਾਹਰੀ ਆਦਿ ਹਾਜ਼ਰ ਸਨ।

## ਡੋਡਿਆਂ ਸਮੇਤ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਇੱਥੇ ਪੁਲਸ ਨੇ ਇੱਕ ਵਿਅਕਤੀ ਨੂੰ 900 ਗ੍ਰਾਮ ਡੋਡਿਆਂ ਸਮੇਤ ਕਾਬੂ ਕੀਤਾ। ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ੀ ਲਈ ਸੈਦਗਾਮਾ ਪਹੁੰਚੀ ਤਾਂ ਦੂਜੇ ਪਾਸਿਓਂ ਇਕ ਵਿਅਕਤੀ ਜਿਸਦੇ ਹੱਥ 'ਚ ਭਾਰੀ ਲਿਫ਼ਾਫ਼ਾ ਸੀ।ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਉਸਨੇ ਜੋ ਲਿਫਾਫਾ ਫੜਿਆ ਹੋਇਆ ਸੀ, ਉਸਨੂੰ ਸੜਕ ਕਿਨਾਰੇ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਸਨੂੰ ਕਾਬੂ ਕੀਤਾ ਗਿਆ ਅਤੇ ਜਦੋਂ ਸੁੱਟੇ ਗਏ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਤਾਂ ਉਸ 'ਚੋਂ 900 ਗ੍ਰਾਮ ਡੋਡੇ ਬਰਾਮਦ ਹੋਇਆ।ਕਾਬੂ ਵਿਅਕਤੀ ਦੀ ਪਛਾਣ ਅਵਤਾਰ ਸਿੰਘ ਉਰਫ਼ ਲਾਲ ਵਾਸੀ ਬੰਗਾ ਬੇਟ ਥਾਣਾ ਬਲਾਚੌਰ ਵਜੋਂ ਹੋਈ ਹੈ। ਏ ਐੱਸ ਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਵਿਅਕਤੀ ਖਿਲਾਫ ਐੱਨ ਡੀ ਪੀ ਐੱਸ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਕਾਰਲ ਮਾਰਕਸ ਦਾ ਜਨਮ ਦਿਨ ਮਨਾਇਆ



**ਬੰਗਾ, ਨਵਾਂਸ਼ਹਿਰ (ਅਵਤਾਰ ਕਲੇਰ, ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦੁਨੀਆ ਦੀ ਮਜਦੂਰ ਜਮਾਤ ਦੇ ਚਾਨਣ ਮੁਨਾਰਾ ਅਤੇ ਕਿਰਤੀ ਅਵਾਮ ਲਈ ਲਿਖਤਾਂ ਰਾਹੀਂ ਚੇਤਨ ਕਰਨ ਵਾਲੇ ਕਾਰਲ ਮਾਰਕਸ ਦਾ 206ਵਾਂ ਜਨਮ ਦਿਨ ਪਿੰਡ ਝਿੰਗੜਾਂ ਵਿਖੇ ਮਨਾਇਆ। ਇਸ ਮੌਕੇ ਬੋਲਦਿਆਂ ਸੀ ਪੀ ਆਈ (ਐਮ) ਦੇ ਸੂਬਾ ਸਕੱਤਰੇਤ ਮੈਂਬਰ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਮਾਰਕਸ ਨੇ ਬਹੁਤ ਸਾਰੇ ਕਿਰਤੀਆਂ ਦੀ ਲੁੱਟ ਨੂੰ ਦੇਖਿਆ ਤੇ ਆਪਣਾ ਫਲਸਫਾ ਲਿਖਿਆ। ਜੋ ਮਜਦੂਰ ਜਮਾਤ ਨੂੰ ਰਾਹ ਦਸੇਰਾ ਦਸਦੇ ਹਨ ਕਿ ਮਜਦੂਰ ਦੀ ਗੁਲਾਮੀ ਕਿਰਤ ਦੀ ਲੁੱਟ ਜੱਥੇਬੰਦੀ ਅਤੇ ਸੰਘਰਸ਼ ਬਿਨਾ ਨਹੀਂ ਹੱਲ ਹੋਵੇਗੀ। ਇਸ ਫਲਸਫੇ ਤੋਂ ਦੁਨੀਆ ਨੇ ਸਰਮਾਏਦਾਰਾ ਨੂੰ ਚੰਗਾ ਨਾ ਲੱਗਾ ਅਤੇ ਉਸ ਨੂੰ ਆਪਣੇ ਦੇਸ ਤੋਂ ਬਾਹਰ ਕੱਢ ਦਿੱਤਾ। ਪਰ ਮਾਰਕਸ ਨੇ ਇੰਗਲੈਂਡ ਵਿਖੇ ਸਾਥੀ ਏਂਗਲਜ ਕੋਲ ਆ ਕੇ ਅਪਣਾ ਫਲਸਫਾ ਪੂਰਾ ਕੀਤਾ ਜਾ ਕਾਮਰੇਡ ਲੈਲਿਨ ਨੇ ਆਪਣੇ ਦੇਸ ਰੂਸ ਵਿਚ ਲਾਗੂ ਕਰਕੇ ਦੁਨੀਆ ਨੂੰ ਏਕੇ ਤੇ ਸੰਘਰਸ ਦਾ ਰਾਹ ਦੱਸਿਆ। 1917 ਵਿਚ ਰੂਸ ਵਿਚ ਇਨਕਲਾਬੀ ਕ੍ਰਾਂਤੀ ਆਈ। ਅੱਜ ਦੁਨੀਆ ਆਪਣੇ ਆਗੂ ਯਾਦ ਕਰ ਰਹੀ ਹੈ। ਇਕੱਠ ਨੂੰ ਤਹਿਸੀਲ ਸਕੱਤਰ ਕੁਲਦੀਪ ਝਿੰਗੜ ਨੇ ਸੰਬੋਧਨ ਕੀਤਾ। ਇਕੱਠ ਦੀ ਪ੍ਰਧਾਨਗੀ ਕ੍ਰਿਸਨ ਕੁਮਾਰ ਸਰਪੰਚ ਨੇ ਕੀਤੀ। ਇਸ ਮੌਕੇ ਸਿਮਰ ਚੰਦ, ਸੋਹਣ ਲਾਲ, ਬੂਟਾ ਰਾਮ, ਅਮਰਜੀਤ ਅਤੇ ਹੋਰ ਬਹੁਤ ਸਾਰੀਆਂ ਸਾਥੀਆਂ ਨੇ ਹਿੱਸਾ ਲਿਆ।

# ਮਾਰਕਸ ਦੇ 206ਵੇਂ ਜਨਮ ਦਿਹਾੜੇ 'ਤੇ ਵਿਚਾਰ-ਚਰਚਾ

**ਜਮਹੂਰੀ ਨਿਜ਼ਾਮ ਸਿਰਜਣ ਲਈ ਮਾਰਗ-ਦਰਸ਼ਕ ਹੈ ਮਾਰਕਸੀ ਫ਼ਲਸਫਾ : ਡਾ. ਪਰਮਿੰਦਰ**

**ਜਲੰਧਰ (ਕੇਸਰ)**- ਕਾਰਲ ਮਾਰਕਸ ਦੇ 206ਵੇਂ ਜਨਮ ਦਿਹਾੜੇ (5 ਮਈ 1818-5 ਮਈ 2024) 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਕਾਰਲ ਮਾਰਕਸ ਦੇ ਪ੍ਰੇਰਨਾਮਈ ਸੰਗਰਾਮੀ ਜੀਵਨ ਗਾਥਾ ਦੇ ਵਰਕੇ ਸਾਂਝੇ ਕਰਦਿਆਂ ਵਿਚਾਰ-ਚਰਚਾ ਦੇ ਮਹੱਤਵ 'ਤੇ ਰੌਸ਼ਨੀ ਪਾਈ।

ਵਿਚਾਰ-ਚਰਚਾ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ ਨੇ 'ਅਜੋਕੀ ਸਮਾਜਿਕ ਸਥਿਤੀ 'ਚ ਮਾਰਕਸਵਾਦੀ ਪ੍ਰਸੰਗਕਤਾ ਅਤੇ ਦ੍ਰਿਸ਼ਟੀਕੋਣ' ਵਿਸ਼ੇ ਉਪਰ ਆਪਣਾ ਭਾਸ਼ਣ ਕੇਂਦਰਤ ਕੀਤਾ। ਡਾ. ਪਰਮਿੰਦਰ ਨੇ ਕਿਹਾ ਕਿ ਦੁਨੀਆ ਅੰਦਰ ਭਾਰਤ ਗਿਣਨਯੋਗ ਅਹਿਮ ਖੇਤਰਾਂ 'ਚ ਪ੍ਰਥਮ ਸਥਾਨ 'ਤੇ ਸੀ। ਮੁੱਢਲੀ ਸਨਅਤ ਵੀ ਸੀ। ਮਨੁੱਖੀ ਹੱਥਾਂ ਲਈ ਕਿਰਤ ਅਤੇ ਰੁਜ਼ਗਾਰ ਦੇ ਬੇਸ਼ੁਮਾਰ ਮੌਕੇ ਸਨ। ਇਸ ਸੁਭਾਵਕ ਸਮਾਜਕ ਵਿਕਾਸ ਦੇ ਭਵਿੱਖੀ ਮਾਰਗ ਨੂੰ ਡੱਕਿਆ ਗਿਆ ਤੇ ਸਨਅਤ ਦਾ ਗਲ਼ਾ ਘੁੱਟਿਆ ਗਿਆ।

ਉਨ੍ਹਾ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਨੂੰ ਉਜਾੜ ਕੇ, ਵਸੀਲੇ ਖੋਹ ਕੇ, ਪੂੰਜੀ ਦਾ ਕੁਝ ਹੱਥਾਂ ਵਿੱਚ ਇਕੱਤਰੀਕਰਨ ਕਰਕੇ ਭਾਰਤੀ ਸਮਾਜ ਦੇ ਵਿਕਾਸ ਦੀ ਸੰਘੀ ਘੁੱਟ ਕੇ, ਅੰਗਰੇਜ਼ ਸਾਮਰਾਜ ਨਾਲ ਜੁੜੀਆਂ ਵੱਡੀਆਂ ਜੋਕਾਂ ਨੂੰ ਲੋਕਾਂ ਦੀ ਰੱਤ ਪੀਣ ਦੇ ਮੌਕੇ ਦਿੱਤੇ। ਇਸ ਦਮ ਘੁਟਵੇਂ ਮਾਹੌਲ ਵਿੱਚ ਨਵੀਂ ਸੂਦਖ਼ੋਰ ਜਮਾਤ ਪੈਦਾ ਕੀਤੀ, ਤਾਂ ਜੋ ਸਾਮਰਾਜਵਾਦ ਆਪਣੀਆਂ ਸੇਵਾਦਾਰ ਜਮਾਤਾਂ ਦੇ ਸਹਾਰੇ ਸਭ ਅਨਮੋਲ ਕੁਦਰਤੀ ਖਜ਼ਾਨੇ ਅਤੇ ਮਨੁੱਖੀ ਕਿਰਤ ਹੜੱਪ ਸਕੇ। ਇਹ ਸਿਲਸਿਲਾ ਅੱਜ ਤੱਕ ਜਾਰੀ ਹੈ।

ਉਹਨਾ ਕਿਹਾ ਕਿ ਬਰਤਾਨਵੀ ਸਾਮਰਾਜ ਨੇ ਸਾਡੇ ਮੁਲਕ ਅੰਦਰ ਨਹਿਰਾਂ, ਰੇਲਵੇ ਦਾ ਜਾਲ ਵਿਛਾ ਕੇ, ਇਥੋਂ ਦੌਲਤ ਲੁੱਟ ਕੇ ਬਾਹਰ ਲਿਜਾਣ ਦਾ ਸੰਘਣਾ ਜਾਲ਼ ਵਿਛਾਇਆ। ਸਾਮਰਾਜ ਦੀ ਹੋਂਦ ਹੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਾਡੇ ਮੁਲਕ ਵਰਗੇ ਪਛੜੇ ਹੋਏ ਖਿੱਤੇ ਰਹਿਣ, ਜਿੱਥੋਂ ਆਪਣੀ ਸਾਮਰਾਜੀ ਵਿਕਾਸ ਨੀਤੀ ਨੂੰ ਤੋਰਿਆ ਅਤੇ ਵਧਾਇਆ ਜਾ ਸਕੇ। ਉਨ੍ਹਾ ਕਿਹਾ ਕਿ ਸਾਮਰਾਜ ਸਾਡੇ ਵਰਗੇ ਮੁਲਕਾਂ ਨੂੰ ਪੂਰਬ ਸਰਮਾਏਦਾਰੀ ਵਾਲੇ ਜਕੜਪੰਜੇ ਵਿੱਚ ਹੀ ਰੱਖਣਾ ਚਾਹੁੰਦਾ ਹੈ। ਇਸ ਲਈ ਸਾਮਰਾਜੀ ਗਲਬੇ ਨੂੰ ਵਗਾਹ ਮਾਰ ਕੇ ਜਮਹੂਰੀ ਨਿਜ਼ਾਮ ਸਿਰਜਣ ਲਈ ਲੋਕ ਸੰਗਰਾਮ ਬਹੁਤ ਹੀ ਲਾਜ਼ਮੀ ਹੈ। ਸਾਮਰਾਜੀ ਮੱਕੜ ਜਾਲ ਦੇ ਫਰੇਮ ਵਰਕ ਨੂੰ ਸਮਝ ਕੇ ਹੀ ਅਸੀਂ ਤਰਕ ਅਤੇ ਜਮਹੂਰੀ ਕਦਰਾਂ-ਕੀਮਤਾਂ ਭਰੀ ਲਹਿਰ ਸਿਰਜ ਸਕਦੇ ਹਾਂ। ਸਾਮਰਾਜੀ ਧੌਂਸ ਨੂੰ ਭੰਨਣ ਲਈ ਪੁਰਾਤਨ ਪਿਛਾਂਹਖਿਚੂ ਸੰਗਲਾਂ ਨੂੰ ਵਗਾਹ ਮਾਰਨਾ ਜ਼ਰੂਰੀ ਹੈ। ਪ੍ਰੋ. ਗੋਪਾਲ ਸਿੰਘ ਬੁੱਟਰ, ਡਾ. ਸੁਰਿੰਦਰ ਸਿੰਘ ਸਿੱਧੂ, ਡਾ. ਹਰਜਿੰਦਰ ਸਿੰਘ ਅਟਵਾਲ, ਨਸੀਬ ਚੰਦ ਬੱਬੀ, ਡਾ. ਸੈਲੇਸ਼, ਗੁਰਮੀਤ, ਜਗੀਰ ਸਿੰਘ ਅੰਮ੍ਰਿਤਸਰ, ਵਿਸ਼ਵਾ ਮਿੱਤਰ ਬੰਮੀ, ਪਰਮਜੀਤ ਕਲਸੀ, ਪਰਮਜੀਤ ਸਮਰਾਏ ਨੇ ਮਾਰਕਸਵਾਦ ਦੀ ਪ੍ਰਸੰਗਕਤਾ, ਜਾਤ ਅਤੇ ਜਮਾਤ ਦਾ ਸੁਆਲ, ਸਰਮਾਏਦਾਰੀ ਦੀ ਭਾਰਤ ਵਿੱਚ ਹਾਲਤ, ਸਿਆਸੀ ਪਾਰਟੀਆਂ ਦੀ ਅਜੋਕੀ ਹਾਲਤ ਆਦਿ ਮੁੱਦਿਆਂ 'ਤੇ ਸੁਆਲ ਕੀਤੇ। ਡਾ. ਪਰਮਿੰਦਰ ਹੁਰਾਂ ਅੱਜ ਦੇ ਵਿਸ਼ੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਚੌਖਟੇ ਦੇ ਵਿੱਚ ਰਹਿੰਦਿਆਂ ਆਏ ਸੁਆਲਾਂ ਦੇ ਬਹੁਤ ਹੀ ਸਾਰਥਕ ਜਵਾਬ ਦਿੱਤੇ।

ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਵੱਡੇ ਇਕੱਠਾਂ ਦੀ ਬਿਨਾਂ ਸ਼ੱਕ ਆਪਣੀ ਮਹੱਤਤਾ ਹੈ, ਪਰ ਗੰਭੀਰ ਚਿੰਤਨ, ਮੰਥਨ, ਇਤਿਹਾਸ, ਦਰਸ਼ਨ, ਮਹੱਤਵਪੂਰਨ ਮੁੱਦਿਆਂ, ਸਰਗਰਮੀਆਂ ਉਪਰ ਪੜਚੋਲਵੀਂ ਝਾਤ ਮਾਰਨ, ਲੋਕਾਂ ਦੇ ਪੱਖ ਤੋਂ ਬਦਲਾਵ ਭਰਿਆ ਚਿੰਤਨ ਸਿਰਜਣ ਲਈ ਅਜਿਹੀਆਂ ਵਿਚਾਰ-ਗੋਸ਼ਟੀਆਂ ਦੀ ਵੀ ਬੇਹੱਦ ਲੋੜ ਹੈ। ਅਜਿਹਾ ਤੱਤ ਕੱਢਿਆ ਅੱਜ ਦੀ ਵਿਚਾਰ-ਚਰਚਾ ਨੇ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਜਾਤ-ਪਾਤ ਦੇ ਸੁਆਲ ਨੂੰ ਮੂਲੋਂ ਖ਼ਤਮ ਕਰਨ ਲਈ ਕੁਝ ਇੱਕ ਆਰਥਕ ਸਹੂਲਤਾਂ, ਧਰਮ ਪ੍ਰੀਵਰਤਨ, ਸੱਤਾ 'ਚ ਹਿੱਸਾ-ਪੱਤੀ ਕਾਫ਼ੀ ਨਹੀਂ। ਇਸ ਗੁੰਝਲਦਾਰ ਸੁਆਲ ਦੇ ਹੱਲ ਲਈ ਜਮਾਤੀ ਜੱਦੋ-ਜਹਿਦ ਜ਼ਰੂਰੀ ਹੈ। ਉਹਨਾ ਕਿਹਾ ਕਿ ਅਜਿਹੀਆਂ ਚਰਚਾਵਾਂ ਉਲਝੇ ਸੁਆਲਾਂ ਨੂੰ ਸੁਲਝਾਉਣ ਲਈ ਸਾਰਥਕ ਸਾਬਤ ਹੋਣਗੀਆਂ ਅਤੇ ਇਹ ਸਿਲਸਿਲਾ ਜਾਰੀ ਰੱਖਣ ਲਈ ਕਮੇਟੀ ਸਦਾ ਯਤਨਸ਼ੀਲ ਰਹੇਗੀ। ਇਸ ਮੌਕੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਹਰਮੇਸ਼ ਮਾਲੜੀ ਤੇ ਬਲਬੀਰ ਕੌਰ ਬੁੰਡਾਲਾ ਹਾਜ਼ਰ ਸਨ। ਵਿਚਾਰ-ਚਰਚਾ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।





# ਸਹਾਰਾ ਇੰਡੀਆ ਦੇ ਨਿਵੇਸ਼ਕਾਂ ਤੇ ਵਰਕਰਾਂ ਦੇ ਵਫ਼ਦ ਨੇ ਕੰਗ ਨੂੰ ਮੰਗ ਪੱਤਰ ਸੌਂਪਿਆ

**ਬੰਗਾ (ਅਵਤਾਰ ਕਲੇਰ)** ਭੁਗਤਾਨ ਦੀ ਆਸ 'ਚ ਲੰਮੇ ਸਮੇਂ ਤੋਂ ਬੈਠੇ ਸਹਾਰਾ ਇੰਡੀਆ ਦੇ ਨਿਵੇਸ਼ਕਾਂ ਅਤੇ ਵਰਕਰਾਂ ਦੇ ਵਫ਼ਦ ਨੇ ਅੱਜ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਆਪ ਉਮੀਦਵਾਰ ਮਲਵਿੰਦਰ ਸਿੰਘ ਕੰਗ ਨੂੰ ਮਿਲ ਕੇ ਸਹਾਰਾ ਇੰਡੀਆ ਲੰਬਿਤ ਪਏ ਹਜ਼ਾਰਾਂ ਕਰੋੜਾਂ ਦੇ ਭੁਗਤਾਨ ਸੰਬੰਧੀ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਮਲਵਿੰਦਰ ਸਿੰਘ ਕੰਗ ਨੇ ਵਫ਼ਦ ਦੀ ਗੱਲਬਾਤ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਸੰਸਦ 'ਚ ਪੁੱਜ ਕੇ ਉਹ ਇਸ ਮਸਲੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ ਅਤੇ ਇਹ ਮਸਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿਚ ਲਿਆ ਕੇ ਛੇਤੀ ਤੋਂ ਛੇਤੀ ਜਨਤਾ ਦੇ ਭੁਗਤਾਨ ਸੰਬੰਧੀ ਸਮੱਸਿਆ ਦਾ ਹੱਲ ਕਰਨ ਲਈ ਸਾਰਥਕ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਹਾਰਾ ਇੰਡੀਆ ਦੀਆਂ ਪੰਜਾਬ ਵਿੱਚ ਮੌਜੂਦ ਸੰਪਤੀਆਂ ਦਾ ਪੂਰਾ ਵੇਰਵਾ ਜਲਦ ਮੁਹੱਈਆ ਕਰਵਾਇਆ ਜਾਵੇਗਾ। ਇਸ ਮੌਕੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸਨ ਅਤੇ ਮਾਰਕੀਟ ਕਮੇਟੀ ਬੰਗਾ ਦੇ ਚੈਅਰਮੈਨ ਬਲਵੀਰ ਕਰਨਾਨਾ ਵੀ ਹਾਜ਼ਰ ਰਹੇ। ਵਫ਼ਦ ਵੱਲੋਂ ਕ੍ਰਿਸ਼ਨ ਹੀਓਂ, ਜਸਵਿੰਦਰ ਰਾਮ, ਬਲਜੀਤ ਖਟਕੜ, ਤਲਵਿੰਦਰ ਸ਼ੇਰਗਿੱਲ, ਸੁਰਿੰਦਰ ਸਿੰਘ ਕਰਨਾਣਾ, ਇੰਦਰਜੀਤ ਸਿੰਘ ਕਾਹਮਾ, ਓਂਕਾਰ ਸਿੰਘ, ਰਾਜ ਬਾਹੜੋਵਾਲ, ਚਰਨਜੀਤ ਸਿੰਘ, ਅਵਤਾਰ ਸਿੰਘ, ਸੋਢੀ ਸਿੰਘ, ਗਗਨਦੀਪ ਸਿੰਘ, ਦਿਲਵਰ ਰਾਮ, ਸ਼ਿਵ ਕੁਮਾਰ, ਸੰਦੀਪ ਬੱਧਣ, ਸ਼ਮਸ਼ੇਰ ਸਿੰਘ, ਲਖਵੀਰ ਸਿੰਘ, ਸੰਜੇ ਕੁਮਾਰ, ਸੰਦੀਪ ਕਜਲਾ, ਜਗਦੀਪ ਸਿੰਘ, ਅਰੁਣ ਮੈਟੀ, ਦੀਪਕ ਰਾਏ, ਬਲਵੀਰ ਰੱਤੂ ਆਦਿ ਹਾਜ਼ਰ ਸਨ।



## ਸਮਾਜ ਸੇਵੀ, ਧਾਰਮਿਕ ਤੇ ਵਿਦਿਅਕ ਮਾਹਰ ਦਾ ਸਨਮਾਨ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)** - ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜਟਾਂ ਕੋਹਿਨੂਰ ਵੱਲੋਂ ਕਲੱਬ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਸਮਾਜ ਸੇਵੀ, ਧਾਰਮਿਕ ਅਤੇ ਵਿਦਿਅਕ ਮਾਹਿਰਾ ਨੂੰ ਸਨਮਾਨਿਤ ਕੀਤਾ ਗਿਆ। ਸਾਬਕ ਅਧਿਆਪਕ ਜਗਜੀਤ ਸਿੰਘ ਪੰਡੋਰੀ ਕਦ (ਸਟੇਟ ਪੱਧਰ ਕੱਬਡੀ ਖਿਡਾਰੀ ਅਤੇ ਵਰਤਮਾਨ ਸਿੱਖ ਪ੍ਰਚਾਰਕ), ਸਮਾਜ ਸੇਵੀ ਸੁਰਜੀਤ ਸਿੰਘ ਮਸੂਤਾ ਭੁੰਗਰਨੀ, ਸਮਾਜ ਸੇਵੀ ਦਲਬੀਰ ਸਿੰਘ ਡੁੱਲਕੂ, ਅਧਿਆਪਕ ਅਜੀਤ ਸਿੰਘ ਸਜਣ ਖਨੂਰ (ਸਿੱਖ ਪ੍ਰਚਾਰਕ) ਨੂੰ ਉਹਨਾਂ ਵਲੋਂ ਸਮਾਜ ਸੇਵਾ, ਸਿੱਖਿਆ, ਖੇਡਾਂ, ਵਾਤਾਵਰਣ, ਸੱਭਿਆਚਾਰਕ, ਗਰੀਬ ਲੜਕੀਆ ਦੀ ਸ਼ਾਦੀ ਕਰਨ ਦੇ ਖੇਤਰ 'ਚ ਪਾਏ ਵਡਮੁੱਲੇ ਯੋਗਦਾਨ ਲਈ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਬੀਬੀ ਕੁਲਵੰਤ ਕੌਰ ਮਸੂਤਾ ਅਤੇ ਭੈਣ ਰਣਜੀਤ ਕੌਰ ਡੁੱਲਕੂ ਵੱਲੋਂ ਉਪਰੋਕਤ ਸਖਸ਼ੀਅਤਾ ਦੇ ਸਨਮਾਨ 'ਚ ਬਹੁਤ ਸ਼ਾਨਦਾਰ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ ਗਈ।

## ਗੁਰਵਿੰਦਰ ਸਿੰਘ ਸੱਗਰਾਂਵਾਲੀ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਭੋਗਪੁਰ ਤੋਂ ਗੁਰਵਿੰਦਰ ਸਿੰਘ ਸੱਗਰਾਂਵਾਲੀ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ। ਉਹਨਾਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦੇ ਸਭ ਤੋਂ ਪੁਰਾਣੇ ਸੀਨੀਅਰ ਆਗੂ ਜੋਆਇੰਟ ਸੈਕਟਰੀ ਪੰਜਾਬ ਦੇ ਅਹੁਦੇ ਵਿੱਚ ਸਨ ਜੋ ਅੱਜ ਆਮ ਆਦਮੀ ਪਾਰਟੀ ਨੂੰ ਛੱਡ ਕੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ ਹੋ ਗਏ ਹਨ। ਗੁਰਵਿੰਦਰ ਸਿੰਘ ਸੱਗਰਾਂਵਲੀ ਪਿਛਲੇ ਕੁਝ ਸਮੇਂ ਤੋਂ ਆਪ ਆਗੂਆਂ ਨਾਲ ਨਰਾਜ ਚੱਲ ਰਹੇ ਸਨ। ਉਹਨਾਂ ਕਿਹਾ ਕਿ ਇਹ ਵੀ ਸੱਚ ਹੈ ਕਿ ਆਮ ਆਦਮੀ ਪਾਰਟੀ ਵਰਕਰਾਂ ਵਿੱਚ ਖਿੱਚ ਧੂ ਚੱਲਦੀ ਹੀ ਰਹਿੰਦੀ ਹੈ ਕਿਉਂਕਿ ਪੁਰਾਣੇ ਵਰਕਰਾਂ ਨੂੰ ਪਿੱਛੇ ਕਰਕੇ ਨਵੇਂ ਵਰਕਰਾਂ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ। ਜਿਸ ਦੀ ਜਾਣਕਾਰੀ ਦਿੰਦੇ ਹੋਏ ਗੁਰਵਿੰਦਰ ਸਿੰਘ ਸੱਗਰਵਾਲੀ ਨੇ ਕਿਹਾ ਕੇ ਉਨਾਂ ਦਾ ਭਾਜਪਾ 'ਚ ਸ਼ਾਮਲ ਹੋਣਾ ਉਹਨਾਂ ਦੀ ਆਪਣੀ ਸੋਚ ਹੈ ਉਹ ਕਿਸੇ ਦੇ ਦਬਾਅ 'ਚ ਨਹੀਂ ਹਨ। ਉਹਨਾਂ ਕਿਹਾ ਆਪ ਦੇ ਬਹੁਤ ਸਾਰੇ ਵਰਕਰ ਮੈਨੂੰ ਪਾਰਟੀ 'ਚ ਦੇਖਣਾ ਨਹੀਂ ਚਾਹੁੰਦੇ ਸਨ ਅਤੇ ਕਈ ਆਪ ਦੇ ਵਰਕਰਾਂ ਕੋਲੋਂ ਮੈਨੂੰ ਖਤਰਾ ਵੀ ਮਹਿਸੂਸ ਹੋ ਰਿਹਾ ਸੀ। ਕਿਉਂਕਿ ਪਹਿਲੇ ਵੀ ਮੇਰੇ ਨਾਲ ਸਾਜ਼ਿਸ਼ ਕੀਤੀ ਗਈ ਸੀ। ਉਨ੍ਹਾਂ ਕਿਹਾ ਜਿਸ ਪਾਰਟੀ ਵਿੱਚ ਪ੍ਰੇਮ ਪਿਆਰ ਨਹੀਂ ਹੁੰਦਾ ਉਹ ਪਾਰਟੀਆਂ ਕਦੇ ਵੀ ਕਾਮਯਾਬ ਨਹੀਂ ਹੁੰਦੀਆਂ। ਇਸ ਮੌਕੇ ਗੁਰਵਿੰਦਰ ਸਿੰਘ ਸੱਗਰਾਂਵਾਲੀ ਦੇ ਨਾਲ ਸੀਨੀਅਰ ਆਗੂ ਸੁਸੀਲ ਰਿੰਕੂ, ਅੰਮ੍ਰਿਤ ਡੱਲੀ, ਹਰਮੀਤ ਸਿੰਘ, ਭਾਰੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ।

# ਕਰਮਚਾਰੀ ਚੋਣ ਡਿਊਟੀ ਕਟਵਾਉਣ ਲਈ ਨਾ ਕਰਨ ਸਿਫਾਰਿਸ਼ : ਜ਼ਿਲ੍ਹਾ ਚੋਣ ਅਫਸਰ



**ਨਵਾਂਸ਼ਹਿਰ, ਬੰਗਾ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)**-ਜਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਆਈ ਏ ਐਸ ਨੇ ਕਿਹਾ ਹੈ ਕਿ ਚੋਣਾਂ ਲੋਕਤੰਤਰ ਦਾ ਅਧਾਰ ਸੰਤਭ ਹਨ ਅਤੇ ਚੋਣਾਂ ਵਿਚ ਡਿਊਟੀ ਕਰਨਾ ਸਾਡੇ ਮਹਾਨ ਦੇਸ਼ ਦੇ ਲੋਕਤੰਤਰ ਨੂੰ ਮਜਬੂਤ ਕਰਨ ਵਿਚ ਹਿੱਸੇਦਾਰੀ ਪਾਉਣ ਦਾ ਮਾਣਮੱਤਾ ਕਾਰਜ ਹੈ। ਇਸ ਲਈ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ ਚੋਣ ਪ੍ਰਕਿਰਿਆ ਵਿਚ ਲੱਗੀ ਹੈ ਉਹ ਆਪਣੀ ਸਰਕਾਰੀ ਨੌਕਰੀ ਦੇ ਹਿੱਸੇ ਵਜੋਂ ਇਸ ਡਿਊਟੀ ਨੂੰ ਤਨਦੇਹੀ, ਲੋਕਤੰਤਰ ਪੂਰੀ ਸੱਚੀ ਨਿਸ਼ਠਾ ਤੇ ਪੂਰੀ ਨਿਰਪੱਖਤਾ ਨਾਲ ਕਰਨ ਅਤੇ ਡਿਊਟੀ ਕਟਵਾਉਣ ਲਈ ਉਨ੍ਹਾਂ ਦੇ ਦਫ਼ਤਰ ਤੱਕ ਪਹੁੰਚ ਨਾ ਕਰਨ।ਉਨ੍ਹਾਂ ਨੇ ਕਿਹਾ ਕਿ ਚੋਣ ਡਿਊਟੀ ਵਿਚ ਅਣਗਹਿਲੀ ਕਰਮਚਾਰੀ ਦੇ ਸੇਵਾ ਨਿਯਮਾਂ ਵਿਚ ਗੰਭੀਰ ਕੁਤਾਹੀ ਮੰਨੀ ਜਾਂਦੀ ਹੈ ਇਸ ਲਈ ਕੋਈ ਵੀ ਚੋਣ ਡਿਊਟੀ ਤੋਂ ਗੈਰ ਹਾਜ਼ਰ ਨਾ ਹੋਵੇ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਕਰਮਚਾਰੀਆਂ ਦੀ ਡਿਊਟੀ ਕਿਸੇ ਵੀ ਹਾਲਤ ਵਿਚ ਕੱਟੀ ਨਹੀਂ ਜਾਵੇਗੀ।

ਵਧੀਕ ਜ਼ਿਲ੍ਹਾ ਚੋਣ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ(ਜ) ਰਾਜੀਵ ਵਰਮਾ ਨੇ ਚੋਣ ਡਿਊਟੀ 'ਤੇ ਤੈਨਾਤ ਕਰਮਚਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ ਨੂੰ ਯਕੀਨੀ ਬਣਾਉਣ।ਇਸ ਤੋਂ ਇਲਾਵਾ ਕੋਈ ਵੀ ਕਰਮਚਾਰੀ ਡਿਊਟੀ ਕਟਾਉਣ ਲਈ ਉਨ੍ਹਾਂ ਦੇ ਦਫਤਰ ਵਿਖੇ ਪਹੁੰਚ ਨਾ ਕਰੇ।ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਕਰਮਚਾਰੀ ਡਿਊਟੀ ਵਿੱਚ ਕੋਤਾਹੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਧਾਰਾ 134 ਅਧੀਨ ਐਫ ਆਈ ਆਰ ਅਤੇ ਵਿਭਾਗੀ ਦੇ ਨਿਯਮਾਂ ਅਨੁਸਾਰ ਕਰਵਾਈ ਕੀਤੀ ਜਾਵੇਗੀ।

# ਸਿਲਵਰ ਓਕ ਸਕੂਲ 'ਚ ਮਜ਼ਦੂਰ ਦਿਵਸ ਮੌਕੇ ਸੇਵਾਦਾਰਾਂ ਦਾ ਬੱਚਿਆਂ ਵੱਲੋਂ ਧੰਨਵਾਦ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਵਿੱਚ ਮਜਦੂਰ ਦਿਵਸ ਦੇ ਮੌਕੇ ਇੱਕ ਵੱਖਰਾ ਜਿਹਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਹੇਠ ਸਕੂਲ ਦੇ ਬੱਚਿਆਂ ਨੇ ਮਿਲ ਕੇ ਦਰਜਾ ਚਾਰ ਸੇਵਾਦਾਰਾਂ ਦਾ ਉਹਨਾਂ ਦੀਆਂ ਬੱਚਿਆਂ ਪ੍ਰਤੀ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ।



ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਸ ਪ੍ਰੋਗਰਾਮ ਦੌਰਾਨ ਬੱਚਿਆਂ ਨੂੰ ਦੱਸਿਆ ਕਿ ਅਸੀਂ ਹਮੇਸ਼ਾ ਆਪਣੇ ਮਾਂ ਬਾਪ ਤੇ ਅਧਿਆਪਕਾਂ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਸਾਨੂੰ ਜਿੰਦਗੀ ਦੇ ਵਿੱਚ ਬਹੁਤ ਕੁਝ ਦਿੱਤਾ। ਪਰ ਇਨ੍ਹਾਂ ਸੇਵਾਦਾਰਾਂ ਦਾ ਯੋਗਦਾਨ ਵੀ ਸਾਡੇ ਸਕੂਲੀ ਜੀਵਨ ਦੇ ਵਿੱਚ ਘੱਟ ਨਹੀਂ ਰਿਹਾ, ਉਨ੍ਹਾਂ ਦੱਸਿਆ ਕਿ ਇਹਨਾਂ ਸੇਵਾਦਾਰਾਂ ਦੀ ਅਣਥੱਕ ਮਿਹਨਤ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਅਤੇ ਸਾਨੂੰ ਇਹਨਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਇਹਨਾਂ ਨੇ ਸਾਨੂੰ ਹਮੇਸ਼ਾ ਸਕੂਲ ਵਿੱਚ ਵਿਚਰਨ ਲਈ ਇੱਕ ਵਧੀਆ ਮਹੌਲ ਅਤੇ ਸਾਫ ਸੁਥਰਾ ਆਲਾ-ਦੁਆਲਾ ਦਿੱਤਾ।

ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ,, ਰਾਜਵੀਰ ਕੌਰ, ਰਾਜਵਿੰਦਰ ਕੌਰ, ਗੁਰਪ੍ਰੀਤ, ਵਿਸ਼ਾਲੀ, ਸੁਮੀਤ, ਬਲਜੀਤ, ਇਕਬਾਲ, ਗੁਰਦੇਵ, ਹਰਜੀਤ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

# ਬੀ ਐੱਮ ਐੱਸ ਚਰਚ ਟਿੱਲੂਵਾਲ ਵੱਲੋਂ ਬੱਚਿਆਂ ਨੂੰ ਵਰਦੀਆਂ ਭੇਟ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਬੀ ਐਮ ਐਸ ਚਰਚ ਟਿੱਲੂਵਾਲ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਟਿਲੂਵਾਲ ਵਿਖੇ ਬੱਚਿਆਂ ਨੂੰ ਗਰਮੀਆਂ ਵਾਸਤੇ ਵਰਦੀਆਂ ਵੰਡੀਆਂ ਗਈਆਂ। ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ ਸਕੂਲ ਹੈਡ ਟੀਚਰ ਅਰਵਿੰਦਰ ਕੌਰ ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਬੀ ਐਮ ਐਸ ਚਰਚ ਵੱਲੋਂ ਪਾਸਟਰ ਗੌਤਮ ਦੱਤਾ ਚੰਡੀਗੜ੍ਹ, ਪਾਸਟਰ ਰੂਪ ਦੱਤਾ ਅਤੇ ਪਾਸਟਰ ਬਲਵੰਤ ਵਿਜੇ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋ ਕੇ ਸਕੂਲ ਦੇ ਕੁਲ 45 ਬੱਚਿਆਂ ਨੂੰ ਇਹ ਵਰਦੀਆਂ ਭੇਟ ਕੀਤੀਆਂ ਅਤੇ ਸਕੂਲ ਦੀ ਬਿਹਤਰੀ ਵਾਸਤੇ ਹੋਰ ਵੀ ਸਹਿਯੋਗ ਦੇਣ ਦੀ ਗੱਲ ਕਹੀ।ਇਸ ਮੌਕੇ ਹੈਡ ਟੀਚਰ ਅਰਵਿੰਦਰ ਕੌਰ ਨੇ ਚਰਚ ਦੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ।ਪਾਸਟਰ ਬਲਵੰਤ ਵਿਜੇ ਨੇ ਦੱਸਿਆ ਕਿ ਬੀ ਐਮ ਐਸ ਚਰਚ ਵੱਲੋਂ ਸਮੇਂ ਸਮੇਂ ਤੇ ਅਜਿਹੇ ਸਮਾਜ ਭਲਾਈ ਦੇ ਕੰਮ ਕਰਕੇ ਸਮਾਜ ਪ੍ਰਤੀ ਆਪਣਾ ਫਰਜ ਨਿਭਾਇਆ ਜਾ ਰਿਹਾ ਹੈ।ਇਸ ਮੌਕੇ ਮਾਸਟਰ ਗੁਰਭਜਨ ਸਿੰਘ, ਦੀਪਕ ਭਟਾਰਾ, ਸਾਬਕਾ ਸਰਪੰਚ ਸਰੂਪ ਸਿੰਘ, ਅਵਿਨਾਸ਼ ਕੁਮਾਰੀ, ਸੁਭਾਸ਼ ਕੁਮਾਰੀ, ਡਾ. ਭੁਪਿੰਦਰ ਜੱਸਲ, ਜੋਨ ਜੱਸਲ ਵੀ ਹਾਜ਼ਰ ਸਨ।